@Qpatrika
@qaumipatrika punjabi
instagram.com/ qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 26 July 2025

**Punjabi National Daily**

**Qaumi Patrika NO.1**

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 26 ਜੁਲਾਈ 2025, 11 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 256, qpatrika@gmail.com ਫੋਨ : 9971359517 www.qaumipatrika.org


# ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਮੁਈਜ਼ੂ ਵਿਚਾਲੇ ਸਬੰਧ ਮਜ਼ਬੂਤ ਕਰਨ 'ਤੇ ਗੱਲਬਾਤ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਮਾਲੇ 25 ਜੁਲਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਨਾਲ ਵਿਆਪਕ ਗੱਲਬਾਤ ਕੀਤੀ, ਜਿਸ ਵਿੱਚ ਵਪਾਰ, ਰੱਖਿਆ ਅਤੇ ਬੁਨਿਆਦੀ ਢਾਂਚੇ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਇਹ ਗੱਲਬਾਤ ਦੋਵਾਂ ਦੇਸ਼ਾਂ ਵਿਚਕਾਰ ਸਬੰਧਾਂ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਨੂੰ ਦਰਸਾਉਂਦੀ ਹੈ। ਮੋਦੀ ਅੱਜ ਸਵੇਰੇ ਮਾਲੇ ਪਹੁੰਚੇ ਅਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਮੁਈਜ਼ੂ ਅਤੇ ਉਨ੍ਹਾਂ ਦੀ ਸਰਕਾਰ ਦੇ ਕਈ ਉੱਚ ਮੰਤਰੀਆਂ ਨੇ ਵੇਲਾਨਾ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ, ਜੋ ਮਾਲੇ ਦੀ ਫੇਰੀ ਨਾਲ ਜੁੜੀ ਮਹੱਤਤਾ ਨੂੰ ਦਰਸਾਉਂਦਾ ਹੈ। ਕੁਝ ਘੰਟਿਆਂ ਬਾਅਦ ਮੋਦੀ ਦਾ ਪ੍ਰਤੀਕ ਗਣਤੰਤਰ ਸਕੁਏਅਰ 'ਤੇ ਰਸਮੀ ਸਵਾਗਤ ਕੀਤਾ ਗਿਆ ਅਤੇ 'ਗਾਰਡ ਆਫ਼ ਆਨਰ' ਦਿੱਤਾ ਗਿਆ। ਮੋਦੀ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਕਿਹਾ,ਰਾਸ਼ਟਰਪਤੀ ਮੁਈਜ਼ੂ ਦੇ ਹਵਾਈ ਅੱਡੇ 'ਤੇ ਮੇਰਾ ਸਵਾਗਤ ਕਰਨ ਦੇ ਸੰਕੇਤ ਤੋਂ ਮੈਂ ਬਹੁਤ ਪ੍ਰਭਾਵਿਤ ਹਾਂ। ਮੈਨੂੰ ਵਿਸ਼ਵਾਸ ਹੈ ਕਿ ਭਾਰਤ-ਮਾਲਦੀਵ ਦੋਸਤੀ ਆਉਣ ਵਾਲੇ ਸਮੇਂ ਵਿੱਚ ਤਰੱਕੀ ਦੀਆਂ ਨਵੀਆਂ ਉਚਾਈਆਂ ਨੂੰ ਛੂਹੇਗੀ। ਦੋਵਾਂ ਨੇਤਾਵਾਂ ਨੇ ਵਫ਼ਦ-ਪੱਧਰੀ ਗੱਲਬਾਤ ਤੋਂ ਪਹਿਲਾਂ ਇਹ ਮੁਲਾਕਾਤ ਕੀਤੀ। ਦੁਵੱਲੇ ਸਬੰਧਾਂ ਵਿੱਚ ਇਹ ਬਦਲਾਅ ਮਹੱਤਵਪੂਰਨ ਹੈ ਕਿਉਂਕਿ ਮੁਈਜ਼ੂ, ਜਿਸਨੂੰ ਚੀਨ ਦੇ ਨੇੜੇ ਮੰਨਿਆ ਜਾਂਦਾ ਹੈ, ਨਵੰਬਰ 2023 ਵਿੱਚ ਇੰਡੀਆ ਆਊਟ ਮੁਹਿੰਮ ਦੇ ਪਿੱਛੇ ਟਾਪੂ ਦੇਸ਼ ਵਿੱਚ ਸੱਤਾ ਵਿੱਚ ਆਇਆ ਹੈ। ਮੁਈਜ਼ੂ ਦੇ ਕਾਰਜਕਾਲ ਦੇ ਪਹਿਲੇ ਕੁਝ ਮਹੀਨਿਆਂ ਦੌਰਾਨ ਉਨ੍ਹਾਂ ਦੀਆਂ ਨੀਤੀਆਂ ਨੇ ਸਬੰਧਾਂ ਵਿੱਚ ਭਾਰੀ ਤਣਾਅ ਪੈਦਾ ਕਰ ਦਿੱਤਾ। ਸਹੁੰ ਚੁੱਕਣ ਦੇ ਕੁਝ ਘੰਟਿਆਂ ਦੇ ਅੰਦਰ ਉਨ੍ਹਾਂ ਨੇ ਆਪਣੇ ਦੇਸ਼ ਤੋਂ ਭਾਰਤੀ ਫੌਜੀ ਕਰਮਚਾਰੀਆਂ ਨੂੰ ਵਾਪਸ ਬੁਲਾਉਣ ਦੀ ਮੰਗ ਕੀਤੀ। ਇਸ ਤੋਂ ਬਾਅਦ ਭਾਰਤ ਨੇ ਉਨ੍ਹਾਂ ਦੀ ਜਗ?ਹਾ ਸਿਵਲੀਅਨ ਕਰਮਚਾਰੀਆਂ ਨੂੰ ਤਾਇਨਾਤ ਕੀਤਾ। ਮਾਲਦੀਵ ਵਿੱਚ ਦੋ ਹੈਲੀਕਾਪਟਰ ਅਤੇ ਇੱਕ ਜਹਾਜ਼ ਨੂੰ ਬਣਾਈ ਰੱਖਣ ਅਤੇ ਚਲਾਉਣ ਲਈ ਭਾਰਤੀ ਫੌਜੀ ਕਰਮਚਾਰੀਆਂ ਨੂੰ ਤਾਇਨਾਤ ਕੀਤਾ ਗਿਆ ਸੀ, ਜਿਨ੍ਹਾਂ ਦੀ ਵਰਤੋਂ ਮਾਨਵਤਾਵਾਦੀ ਅਤੇ ਬਚਾਅ ਕਾਰਜਾਂ ਲਈ ਕੀਤੀ ਜਾਂਦੀ ਸੀ। ਇਹ ਵਿਆਪਕ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਭਾਰਤ ਦੇ ਨਿਰੰਤਰ ਯਤਨਾਂ ਨੇ ਸਬੰਧਾਂ ਨੂੰ ਵਾਪਸ ਪਟੜੀ 'ਤੇ ਲਿਆਉਣ ਵਿੱਚ ਮਦਦ ਕੀਤੀ, ਜਿਸ ਵਿੱਚ ਟਾਪੂ ਦੇਸ਼ ਨੂੰ ਇਸਦੀਆਂ ਆਰਥਿਕ ਸਮੱਸਿਆਵਾਂ ਨਾਲ ਨਜਿੱਠਣ ਵਿੱਚ ਸਹਾਇਤਾ ਕਰਨਾ ਸ਼ਾਮਲ ਹੈ। ਸਬੰਧਾਂ ਵਿੱਚ ਬਦਲਾਅ ਬਾਰੇ ਪੁੱਛੇ ਜਾਣ 'ਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ, ਅਸੀਂ ਇਸ 'ਤੇ ਕੰਮ ਕਰਨਾ ਜਾਰੀ ਰੱਖਿਆ ਹੈ ਅਤੇ ਮੈਨੂੰ ਲੱਗਦਾ ਹੈ ਕਿ ਨਤੀਜਾ ਤੁਹਾਡੇ ਸਾਹਮਣੇ ਹੈ। ਮਾਲਦੀਵ ਹਿੰਦ ਮਹਾਸਾਗਰ ਖੇਤਰ ਵਿੱਚ ਭਾਰਤ ਦੇ ਮੁੱਖ ਸਮੁੰਦਰੀ ਗੁਆਂਢੀਆਂ ਵਿੱਚੋਂ ਇੱਕ ਹੈ ਅਤੇ ਪਿਛਲੀਆਂ ਮਾਲਦੀਵ ਸਰਕਾਰਾਂ ਦੇ ਕਾਰਜਕਾਲ ਦੌਰਾਨ ਰੱਖਿਆ ਅਤੇ ਸੁਰੱਖਿਆ ਦੇ ਖੇਤਰਾਂ ਸਮੇਤ ਸਮੁੱਚੇ ਦੁਵੱਲੇ ਸਬੰਧਾਂ ਵਿੱਚ ਵਾਧਾ ਹੋਇਆ ਹੈ।



# ਬਿਹਾਰ ਦੀ ਡਰਾਫਟ ਵੋਟਰ ਸੂਚੀ 'ਚੋਂ ਕੱਟੇ ਜਾ ਸਕਦੇ ਹਨ 65 ਲੱਖ ਨਾਮ

ਨਵੀਂ ਦਿੱਲੀ 25 ਜੁਲਾਈ। ਬਿਹਾਰ ਵਿੱਚ ਵੋਟਰ ਸੂਚੀ ਦੀ ਵਿਸ਼ੇਸ਼ ਤੀਬਰ ਸੋਧ ਮੁਹਿੰਮ ਤਹਿਤ ਤਿਆਰ ਕੀਤੀ ਜਾਣ ਵਾਲੀ ਡਰਾਫਟ ਸੂਚੀ ਵਿੱਚੋਂ ਮੌਜੂਦਾ ਸੂਚੀ ਦੇ ਲਗਭਗ 65 ਲੱਖ ਨਾਮ ਕੱਟੇ ਜਾ ਸਕਦੇ ਹਨ। ਚੋਣ ਕਮਿਸ਼ਨ ਨੇ ਕਿਹਾ ਹੈ ਕਿ ਉਹਨਾਂ ਨੇ 24 ਜੂਨ ਤੋਂ ਸ਼ੁਰੂ ਹੋ ਰਹੇ ਸੋਧ ਪ੍ਰੋਗਰਾਮ ਦੇ ਪਹਿਲੇ ਪੜਾਅ ਵਿੱਚ ਬੂਥ ਲੈਵਲ ਅਫਸਰਾਂ, ਵਲੰਟੀਅਰਾਂ ਅਤੇ ਰਾਜਨੀਤਿਕ ਪਾਰਟੀਆਂ ਦੇ ਏਜੰਟਾਂ ਰਾਹੀਂ ਮੌਜੂਦਾ ਸੂਚੀ ਵਿੱਚ 99.8 ਫ਼ੀਸਦੀ ਵੋਟਰਾਂ ਦੀ ਅਸਲ ਸਥਿਤੀ ਪ੍ਰਾਪਤ ਕੀਤੀ ਹੈ। ਪਹਿਲੇ ਪੜਾਅ ਵਿੱਚ ਵੋਟਰਾਂ ਦੇ ਭਰੇ ਹੋਏ ਗਿਣਤੀ ਫਾਰਮ ਪ੍ਰਾਪਤ ਕਰਨ ਦੀ ਮਿਆਦ ਸ਼ੁੱਕਰਵਾਰ ਨੂੰ ਖ਼ਤਮ ਹੋ ਗਈ। ਕਮਿਸ਼ਨ ਵੱਲੋਂ ਜਾਰੀ ਪ੍ਰੈਸ ਰਿਲੀਜ਼ ਵਿੱਚ ਬੂਥ ਲੈਵਲ ਅਫਸਰਾਂ ਅਤੇ ਏਜੰਟਾਂ ਤੋਂ ਪ੍ਰਾਪਤ ਰਿਪੋਰਟਾਂ ਦਾ ਹਵਾਲਾ ਦਿੰਦੇ ਕਿਹਾ ਗਿਆ ਹੈ ਕਿ ਸੂਚੀ ਵਿੱਚ ਲਗਭਗ 22 ਲੱਖ ਵੋਟਰਾਂ ਦੀ ਮੌਤ ਹੋ ਗਈ ਹੈ, ਸੱਤ ਲੱਖ ਵੋਟਰਾਂ ਦੇ ਨਾਮ ਇੱਕ ਤੋਂ ਵੱਧ ਥਾਵਾਂ 'ਤੇ ਰਜਿਸਟਰਡ ਹਨ, ਲਗਭਗ 35 ਲੱਖ ਵੋਟਰ ਸਥਾਈ ਤੌਰ 'ਤੇ ਰਾਜ ਛੱਡ ਗਏ ਹਨ ਜਾਂ ਉਨ੍ਹਾਂ ਦੀ ਜਾਣਕਾਰੀ ਨਹੀਂ ਮਿਲ ਸਕੀ ਅਤੇ 1.2 ਲੱਖ ਵੋਟਰ ਗਿਣਤੀ ਫਾਰਮ ਭਰਨ ਤੋਂ ਬਾਅਦ ਵਾਪਸ ਨਹੀਂ ਆਏ ਹਨ। ਇਸ ਤਰ੍ਹਾਂ, 1 ਅਗਸਤ ਨੂੰ ਪ੍ਰਕਾਸ਼ਿਤ ਹੋਣ ਵਾਲੀ ਡਰਾਫਟ ਸੂਚੀ ਵਿੱਚ ਲਗਭਗ 65.2 ਲੱਖ ਵੋਟਰਾਂ ਦੇ ਨਾਮ ਦਿਖਾਈ ਨਹੀਂ ਦੇ ਸਕਦੇ। ਕੋਈ ਵੀ ਵੋਟਰ ਜਾਂ ਰਾਜਨੀਤਿਕ ਪਾਰਟੀ 1 ਸਤੰਬਰ ਤੱਕ ਨਿਰਧਾਰਤ ਫਾਰਮ 'ਤੇ ਵੋਟਰ ਰਜਿਸਟਰਾਰ ਅਧਿਕਾਰੀ ਦੇ ਸਾਹਮਣੇ ਡਰਾਫਟ ਸੂਚੀ 'ਤੇ ਸ਼ਿਕਾਇਤ ਜਾਂ ਸੁਝਾਅ ਦਰਜ ਕਰਵਾ ਸਕੇਗੀ ਤਾਂ ਜੋ ਕਿਸੇ ਵੀ ਗਲਤੀ ਜਾਂ ਗਲਤੀ ਕਾਰਨ ਗੁੰਮ ਜਾਂ ਸ਼ਾਮਲ ਕੀਤੇ ਗਏ ਕਿਸੇ ਵੀ ਨਾਮ ਨੂੰ ਸੁਧਾਰਿਆ ਜਾ ਸਕੇ। ਕਮਿਸ਼ਨ ਨੇ ਮੁਹਿੰਮ ਦੇ ਪਹਿਲੇ ਪੜਾਅ ਦੇ ਸਫਲ ਸੰਪੂਰਨਤਾ ਦਾ ਸਿਹਰਾ ਬਿਹਾਰ ਦੇ ਮੁੱਖ ਚੋਣ ਅਧਿਕਾਰੀ ਅਤੇ ਉਹਨਾਂ ਦੇ ਨਾਲ ਇਸ ਕੰਮ ਵਿਚ ਸ਼ਾਮਲ 38 ਜ਼ਿਲ੍ਹਾ ਚੋਣ ਅਧਿਕਾਰੀਆਂ, 243 ਚੋਣ ਰਜਿਸਟ?ਰੇਸ਼ਨ ਅਧਿਕਾਰੀਆਂ, 2976 ਸਹਾਇਕ, ਰਾਜ ਭਰ ਦੇ 77,895 ਪੋਲਿੰਗ ਸਟੇਸ਼ਨਾਂ 'ਤੇ ਤਾਇਨਾਤ , ਵਲੰਟੀਅਰਾਂ, ਸਾਰੀਆਂ 12 ਰਾਜਨੀਤਿਕ ਪਾਰਟੀਆਂ, ਉਨ੍ਹਾਂ ਦੇ 38 ਜ਼ਿਲ੍ਹਾ ਪ੍ਰਧਾਨਾਂ ਅਤੇ ਉਨ੍ਹਾਂ ਦੁਆਰਾ ਨਾਮਜ਼ਦ 1.60 ਲੱਖ ਨੂੰ ਦਿੱਤਾ ਹੈ।

# ਜਨਤਾ ਦਲ (ਯੂ) ਤੇ ਭਾਜਪਾ ਵੱਲੋਂ ਤੇਜਸਵੀ ਦੀ ਹੱਤਿਆ ਦੀ ਰਚੀ ਜਾ ਰਹੀ ਹੈ ਸਾਜ਼ਿਸ਼: ਰਾਬੜੀ

**ਕੌਮੀ ਪਤ੍ਰਿਕਾ**

ਪਟਨਾ 25 ਜੁਲਾਈ। ਬਿਹਾਰ ਦੀ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਨੇ ਦੋਸ਼ ਲਾਇਆ ਹੈ ਕਿ ਸੱਤਾਧਾਰੀ ਜਨਤਾ ਦਲ (ਯੂ) ਤੇ ਭਾਜਪਾ ਗੱਠਜੋੜ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਨ੍ਹਾਂ ਦੇ ਪੁੱਤਰ ਤੇਜਸਵੀ ਯਾਦਵ ਦੀ ਹੱਤਿਆ ਦੀ ਸਾਜ਼ਿਸ਼ ਰਚੀ ਹੈ। ਰਾਬੜੀ ਜੋ ਵਿਧਾਨ ਪ੍ਰੀਸ਼ਦ 'ਚ ਵਿਰੋਧੀ ਧਿਰ ਦੀ ਆਗੂ ਹੈ, ਨੇ ਇਹ ਵੀ ਦਾਅਵਾ ਕੀਤਾ ਕਿ ਤੇਜਸਵੀ ਦੀ ਹੱਤਿਆ ਕਰਨ ਦੀਆਂ ਕੋਸ਼ਿਸ਼ ਪਹਿਲਾਂ ਵੀ ਘੱਟੋ-ਘੱਟ 3 -4 ਵਾਰ ਕੀਤੀ ਜਾ ਚੁਕੀ ਹੈ। ਰਾਸ਼ਟਰੀ ਜਨਤਾ ਦਲ ਦੀ ਆਗੂ ਤੋਂ ਇਕ ਦਿਨ ਪਹਿਲਾਂ ਵਿਧਾਨ ਸਭਾ ਅੰਦਰ ਵਾਪਰੀਆਂ ਉਨ੍ਹਾਂ ਘਟਨਾਵਾਂ ਬਾਰੇ ਪੁੱਛਿਆ ਗਿਆ ਸੀ, ਜਦੋਂ ਸੱਤਾਧਾਰੀ ਪਾਰਟੀ ਦੇ ਕੁਝ ਮੈਂਬਰਾਂ ਨੇ ਹੇਠਲੇ ਹਾਊਸ 'ਚ ਵਿਰੋਧੀ ਧਿਰ ਦੇ ਨੇਤਾ ਤੇਜਸਵੀ ਯਾਦਵ 'ਤੇ ਹਮਲਾ ਕੀਤਾ ਸੀ। ਰਾਬੜੀ ਨੇ ਕਿਹਾ ਕਿ ਬਿਹਾਰ 'ਚ ਕਈ ਕਤਲ ਹੋ ਰਹੇ ਹਨ। 'ਉਹ' ਚਾਹੁੰਦੇ ਹਨ ਕਿ ਇਕ ਹੋਰ ਕਤਲ ਹੋਵੇ ਤਾਂ ਜੋ ਚੋਣਾਂ 'ਚ ਉਨ੍ਹਾਂ ਨੂੰ ਚੁਣੌਤੀ ਦੇਣ ਲਈ ਉੱਥੇ ਕੋਈ ਨਾ ਹੋਵੇ। ਇਕ ਵਾਰ ਇਕ ਟਰੱਕ ਨੇ ਤੇਜਸਵੀ ਦੀ ਕਾਰ ਨਾਲ ਟੱਕਰ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਜਦੋਂ ਰਾਬੜੀ ਦੇਵੀ ਤੋਂ ਹਾਊਸ ਅੰਦਰ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਗੁੱਸੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਰਿ ਨਿਤੀਸ਼ ਕੁਮਾਰ ਕਾਲੇ ਕੱਪੜਿਆਂ ਵਾਲੇ ਲੋਕਾਂ ਨਾਲ ਉਸੇ ਤਰ੍ਹਾਂ ਗੁੱਸੇ ਹੋ ਜਾਂਦੇ ਹਨ, ਜਿਵੇਂ ਬਲਦ ਲਾਲ ਰੰਗ ਵੇਖ ਕੇ ਗੁੱਸੇ ਹੋ ਜਾਂਦਾ ਹੈ। ਨਿਤੀਸ਼ ਨੇ ਵੋਟਰ ਸੂਚੀ ਦੀ ਵਿਸ਼ੇਸ਼ ਸੋਧ ਦੇ ਵਿਰੋਧ 'ਚ ਵਿਰੋਧੀ ਧਿਰ ਦੇ ਵਿਧਾਇਕਾਂ ਵੱਲੋਂ ਕਾਲੇ ਕੱਪੜੇ ਪਾ ਕੇ ਹਾਊਸ 'ਚ ਆਉਣ 'ਤੇ ਇਤਰਾਜ਼ ਜਤਾਇਆ ਸੀ।



# ਤੀਜ ਮਹਾਂਮੇਲਾ ਬਣਿਆ ਪਰੰਪਰਾ, ਨਾਰੀ ਸਸ਼ਕਤੀਕਰਨ ਅਤੇ ਸੱਭਿਆਚਾਰਕ ਗੌਰਵ ਦਾ ਪ੍ਰਤੀਕ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 25 ਜੁਲਾਈ: ਦਿੱਲੀ ਸਰਕਾਰ ਦੁਆਰਾ ਆਯੋਜਿਤ ਤਿੰਨ ਦਿਨਾਂ ਤੀਜ ਮਹੋਤਸਵ 2025 ਦਾ ਉਦਘਾਟਨ ਕੱਲ੍ਹ ਦਿੱਲੀ ਹਾਟ, ਪੀਤਮਪੁਰਾ ਵਿਖੇ ਮੁੱਖ ਮੰਤਰੀ ਰੇਖਾ ਗੁਪਤਾ ਅਤੇ ਕਲਾ, ਸੱਭਿਆਚਾਰ, ਭਾਸ਼ਾ ਅਤੇ ਸੈਰ-ਸਪਾਟਾ ਮੰਤਰੀ ਕਪਿਲ ਮਿਸ਼ਰਾ ਦੀ ਹਾਜ਼ਰੀ ਵਿੱਚ ਕੀਤਾ ਗਿਆ। ਇਹ ਤਿਉਹਾਰ 25 ਤੋਂ 27 ਜੁਲਾਈ ਤੱਕ ਚੱਲੇਗਾ ਅਤੇ ਰਾਜਧਾਨੀ ਦੀ ਸੱਭਿਆਚਾਰਕ ਪਛਾਣ, ਔਰਤਾਂ ਦੀ ਭਾਗੀਦਾਰੀ ਅਤੇ ਲੋਕ ਪਰੰਪਰਾਵਾਂ ਦੇ ਜਸ਼ਨ ਵਜੋਂ ਉਭਰਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮਹਿਲਾ ਮੋਰਚਾ ਦੀਆਂ ਮੇਰੀਆਂ ਭੈਣਾਂ ਅਤੇ ਮੇਰੀਆਂ ਸੰਸਦ ਮੈਂਬਰ ਭੈਣਾਂ ਨੇ ਇਸ ਪ੍ਰੋਗਰਾਮ ਵਿੱਚ ਆ ਕੇ ਸੈਰ-ਸਪਾਟਾ ਵਿਭਾਗ ਦੁਆਰਾ ਆਯੋਜਿਤ ਇਸ ਸਮਾਗਮ ਦੀ ਸ਼ਾਨ ਵਿੱਚ ਵਾਧਾ ਕੀਤਾ ਹੈ। ਇਸ ਵਾਰ ਅਸੀਂ ਤੀਜ ਪ੍ਰੋਗਰਾਮ ਨੂੰ ਸ਼ਾਨਦਾਰ ਰੂਪ ਦੇ ਕੇ ਯਾਦਗਾਰੀ ਬਣਾਉਣ ਦੀ ਯੋਜਨਾ ਬਣਾਈ। ਕਪਿਲ ਮਿਸ਼ਰਾ ਜੀ ਨੇ ਕਿਹਾ ਕਿ ਇਹ ਪ੍ਰੋਗਰਾਮ ਉਸੇ ਸ਼ਾਨ ਨਾਲ ਮਨਾਇਆ ਜਾਵੇਗਾ ਜਿਸ ਨਾਲ ਇਸਨੂੰ ਮਨਾਉਣ ਦੀ ਯੋਜਨਾ ਹੈ। ਅੱਜ ਜਦੋਂ ਮੈਂ ਇੱਥੇ ਆਇਆ ਅਤੇ ਆਪਣੀਆਂ ਭੈਣਾਂ ਦਾ ਉਤਸ਼ਾਹ ਅਤੇ ਪ੍ਰੋਗਰਾਮ ਦੀਆਂ ਤਿਆਰੀਆਂ ਵੇਖੀਆਂ, ਤਾਂ ਇਹ ਸਪਸ਼ਟ ਹੋ ਗਿਆ ਕਿ ਇਹ ਸਮਾਗਮ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਅਸੀਂ ਕਲਪਨਾ ਕੀਤੀ ਸੀ। ਉਨ੍ਹਾਂ ਕਿਹਾ ਕਿ ਪਰਮਾਤਮਾ ਵੀ ਪ੍ਰੋਗਰਾਮ ਨੂੰ ਸ਼ਾਨ ਨਾਲ ਮਨਾਉਣ ਲਈ ਸਾਡਾ ਸਮਰਥਨ ਕਰ ਰਿਹਾ ਹੈ - ਅੱਜ ਮੀਂਹ ਨਹੀਂ ਪਿਆ। ਇੱਥੇ ਰੰਗ-ਬਿਰੰਗੇ ਸਟਾਲ ਲਗਾਏ ਗਏ ਹਨ, ਚਾਟ-ਪਕੌੜਿਆਂ ਅਤੇ ਸੁੰਦਰ ਸੰਗੀਤ ਦਾ ਪੂਰਾ ਪ੍ਰਬੰਧ ਹੈ। ਸਾਰਿਆਂ ਨੂੰ ਇਸਦਾ ਪੂਰਾ ਆਨੰਦ ਲੈਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਔਰਤਾਂ ਨੂੰ ਤਿੰਨੋਂ ਦਿਨ ਇਸ ਸਮਾਗਮ ਦਾ ਆਨੰਦ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, ਜਦੋਂ ਕੋਈ ਖੁਸ਼ੀ ਦਾ ਮੌਕਾ ਹੁੰਦਾ ਹੈ, ਤਾਂ ਮੇਰੀਆਂ ਭੈਣਾਂ ਨੂੰ ਨਾ ਤਾਂ ਠੰਡ ਲੱਗਦੀ ਹੈ ਅਤੇ ਨਾ ਹੀ ਗਰਮੀ। ਉਹ ਆਪਣੀ ਪੂਰੀ ਊਰਜਾ ਨਾਲ ਸਮਾਗਮ ਵਿੱਚ ਰੰਗ ਭਰਦੀਆਂ ਹਨ। ਆਪਣੇ ਉਦਘਾਟਨੀ ਭਾਸ਼ਣ ਵਿੱਚ, ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਤੀਜ ਸਿਰਫ਼ ਇੱਕ ਰਵਾਇਤੀ ਤਿਉਹਾਰ ਨਹੀਂ ਹੈ, ਸਗੋਂ ਔਰਤਾਂ ਦੇ ਮਾਣ, ਭਾਈਚਾਰਕ ਭਾਗੀਦਾਰੀ ਅਤੇ ਸੱਭਿਆਚਾਰਕ ਵਿਰਾਸਤ ਦਾ ਇੱਕ ਜੀਵਤ ਪ੍ਰਤੀਕ ਹੈ। ਉਨ੍ਹਾਂ ਦਿੱਲੀ ਦੀਆਂ ਔਰਤਾਂ ਨੂੰ ਇਸ ਸਮਾਗਮ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਅਤੇ ਇਸਨੂੰ ਇੱਕ ਸੱਭਿਆਚਾਰਕ ਲਹਿਰ ਬਣਾਉਣ ਦੀ ਅਪੀਲ ਕੀਤੀ। ਇਸ ਮੌਕੇ 'ਤੇ ਮੰਤਰੀ ਕਪਿਲ ਮਿਸ਼ਰਾ ਨੇ ਕਿਹਾ ਕਿ ਤੀਜ ਮਹੋਤਸਵ ਨੂੰ ਸਿਰਫ਼ ਇੱਕ ਸੱਭਿਆਚਾਰਕ ਸਮਾਗਮ ਨਹੀਂ ਬਣਾਇਆ ਜਾ ਰਿਹਾ ਹੈ, ਸਗੋਂ ਰਚਨਾਤਮਕਤਾ, ਉੱਦਮਤਾ ਅਤੇ ਸਮੂਹਿਕ ਮਾਣ ਦਾ ਤਿਉਹਾਰ ਵੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਮਾਗਮ ਨੂੰ ਪੂਰੀ ਤਰ੍ਹਾਂ ਮੁਫ਼ਤ ਰੱਖਿਆ ਗਿਆ ਹੈ ਤਾਂ ਜੋ ਹਰ ਵਰਗ ਦੀਆਂ ਔਰਤਾਂ ਇਸ ਵਿੱਚ ਹਿੱਸਾ ਲੈ ਸਕਣ। ਮੰਤਰੀ ਨੇ ਕਿਹਾ ਕਿ ਦਿੱਲੀ ਹੁਣ ਸਿਰਫ਼ ਇੱਕ ਪ੍ਰਸ਼ਾਸਕੀ ਰਾਜਧਾਨੀ ਨਹੀਂ ਸਗੋਂ ਇੱਕ ਸੱਭਿਆਚਾਰਕ ਰਾਜਧਾਨੀ ਬਣਨ ਵੱਲ ਵਧ ਰਹੀ ਹੈ, ਅਤੇ ਅਜਿਹੇ ਤਿਉਹਾਰ ਇਸਦੀ ਇੱਕ ਉਦਾਹਰਣ ਹਨ। ਇਸ ਤਿਉਹਾਰ ਦੌਰਾਨ 100 ਤੋਂ ਵੱਧ ਸਟਾਲ ਲਗਾਏ ਗਏ ਹਨ, ਜਿਨ੍ਹਾਂ ਵਿੱਚੋਂ 80 ਸਟਾਲ ਰਵਾਇਤੀ ਦਸਤਕਾਰੀ ਅਤੇ ਹੱਥ-ਖੱਡੀ ਉਤਪਾਦਾਂ ਨੂੰ ਸਮਰਪਿਤ ਹਨ, ਜਦੋਂ ਕਿ 25 ਸਟਾਲ ਵੱਖ-ਵੱਖ ਰਾਜਾਂ ਦੇ ਰਵਾਇਤੀ ਪਕਵਾਨਾਂ ਦੀ ਇੱਕ ਕਿਸਮ ਪੇਸ਼ ਕਰ ਰਹੇ ਹਨ। ਮਹਿਲਾ ਉੱਦਮੀਆਂ ਦੁਆਰਾ ਚਲਾਏ ਜਾ ਰਹੇ ਸਟਾਲਾਂ 'ਤੇ ਵਿਸ਼ੇਸ਼ ਛੋਟਾਂ ਵੀ ਦਿੱਤੀਆਂ ਜਾ ਰਹੀਆਂ ਹਨ, ਜਿਸ ਨਾਲ ਔਰਤਾਂ ਨੂੰ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।



**Contd.............. page-3**

# ਪੰਜਾਬੀਆਂ ਲਈ ਖ਼ੁਸ਼ਖ਼ਬਰੀ, ਜ਼ਮੀਨਾਂ ਦੇ ਨਕਸ਼ਿਆਂ ਨੂੰ ਲੈ ਕੇ ਸਰਕਾਰ ਦਾ ਨਵਾਂ ਐਲਾਨ

**ਕੌਮੀ ਪਤ੍ਰਿਕਾ**

ਚੰਡੀਗੜ੍ਹ 25 ਜੁਲਾਈ। ਸੂਬੇ ਵਿਚ ਸ਼ਹਿਰੀ ਵਿਕਾਸ ਨੂੰ ਯੋਜਨਾਬੱਧ ਅਤੇ ਸੁਚਾਰੂ ਬਣਾਉਣ ਅਤੇ ਉਸਾਰੀ ਸਬੰਧੀ ਨਿਯਮਾਂ ਵਿਚ ਪਾਰਦਰਸ਼ਤਾ ਯਕੀਨੀ ਬਣਾਉਣ ਵੱਲ ਵੱਡਾ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਸ਼ਹਿਰਾਂ ਲਈ ਏਕੀਕ੍ਰਿਤ ਇਮਾਰਤੀ ਉਪ-ਨਿਯਮ (ਯੂਨੀਫਾਈਡ ਬਿਲਡਿੰਗ ਬਾਇਲਾਜ਼) ਬਣਾਉਣ ਦਾ ਫੈਸਲਾ ਕੀਤਾ ਹੈ। ਇਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਇਸ ਫ਼ੈਸਲੇ ਨਾਲ ਸ਼ਹਿਰ ਵਾਸੀਆਂ ਅਤੇ ਹੋਰਨਾਂ ਭਾਈਵਾਲਾਂ ਦੀ ਚਿਰੋਕਣੀ ਮੰਗ ਪੂਰੀ ਹੋਵੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਬਾਇਲਾਜ਼ ਦਾ ਖਰੜਾ ਅਧਿਕਾਰਤ ਵੈੱਬਸਾਈਟਾਂ www.puda.gov.in ਅਤੇ www.enaksha.lgpunjab.gov.in 'ਤੇ ਅਪਲੋਡ ਕਰ ਦਿੱਤਾ ਗਿਆ ਹੈ ਤਾਂ ਜੋ ਲੋਕਾਂ ਤੋਂ ਸੁਝਾਅ ਲਏ ਜਾ ਸਕਣ। ਉਨ੍ਹਾਂ ਸੂਬਾ ਵਾਸੀਆਂ ਨੂੰ 30 ਦਿਨਾਂ ਦੇ ਅੰਦਰ ਆਪਣੇ ਸੁਝਾਅ ਦੇਣ ਲਈ ਸੱਦਾ ਦਿੱਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਸ਼ਹਿਰਾਂ ਵਿਚ ਭਵਿੱਖ ਮੁਖੀ ਅਤੇ ਇਕਸਾਰ ਬਿਲਡਿੰਗ ਬਣਾਉਣ ਲਈ ਯੂਨੀਫਾਈਡ ਬਿਲਡਿੰਗ ਬਾਇਲਾਜ਼ ਬਣਾਉਣ ਵਾਸਤੇ ਲੋਕਾਂ ਦੇ ਸਲਾਹ ਲੈਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਬਾਇਲਾਜ਼ ਨੂੰ ਸਲਾਹ-ਮਸ਼ਵਰੇ ਅਤੇ ਲੋਕਾਂ ਦੇ ਸੁਝਾਅ ਨਾਲ ਤਿਆਰ ਕੀਤਾ ਜਾ ਰਿਹਾ ਹੈ। ਮੁੰਡੀਆਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ ਸੌਖੀ, ਆਸਾਨ ਅਤੇ ਪਾਰਦਰਸ਼ੀ ਸੇਵਾਵਾਂ ਦੇਣਾ ਮੁੱਖ ਏਜੰਡਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਿਲਡਿੰਗ ਬਾਇਲਾਜ਼ ਸਭ ਤੋਂ ਗੁੰਝਲਦਾਰ ਅਤੇ ਔਖਾ ਮਸਲਾ ਸੀ ਜਿਸ ਸਬੰਧੀ ਲੋਕਾਂ ਨੂੰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਡਿਵੈਲਪਰਾਂ, ਆਰਕੀਟੈਕਟਾਂ, ਇੰਜੀਨੀਅਰਾਂ ਵਰਗੇ ਵੱਖ-ਵੱਖ ਭਾਈਵਾਲਾਂ ਨੂੰ ਬਾਇਲਾਜ਼ ਬਣਾਉਣ ਦੀ ਪ੍ਰੀਕਿਰਿਆ ਵਿਚ ਸ਼ਾਮਲ ਕਰਕੇ ਇਹ ਯਕੀਨੀ ਬਣਾਇਆ ਜਾ ਸਕੇਗਾ ਕਿ ਬਾਇਲਾਜ਼ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਉਮੀਦਾਂ ਨੂੰ ਪੂਰਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਬਿਲਡਿੰਗ ਬਾਇਲਾਜ਼ ਨੂੰ ਲਾਗੂ ਕਰਕੇ ਪੰਜਾਬ, ਸਰਲ ਬਿਲਡਿੰਗ ਬਾਇਲਾਜ਼ ਵਾਲਾ ਅਤੇ ਸੁਖਾਲਾ ਕਾਰੋਬਾਰ ਕਰਨ ਵਾਲਾ, ਟਿਕਾਊ ਸ਼ਹਿਰੀਕਰਨ ਅਤੇ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਜਾਵੇਗਾ। ਯੂਨੀਫਾਈਡ ਬਿਲਡਿੰਗ ਬਾਇਲਾਜ਼ ਬਣਾਉਣ ਦੇ ਮੰਤਵ ਬਾਰੇ ਗੱਲ ਕਰਦਿਆਂ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਲੋਕਾਂ ਦੀ ਸਹੂਲਤ ਲਈ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਇਆ ਜਾ ਰਿਹਾ ਹੈ। ਪੰਜਾਬ ਵਿਚ ਸਾਰੀਆਂ ਵਿਕਾਸ ਅਥਾਰਟੀਆਂ ਅਤੇ ਕਾਰਪੋਰੇਸ਼ਨਾਂ ਵਿਚ ਬਿਲਡਿੰਗ ਬਾਇਲਾਜ਼ ਨੂੰ ਇਕਸਾਰ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਾਇਲਾਜ਼ ਨੂੰ ਲੋਕਾਂ ਦੇ ਅਨੁਕੂਲ, ਸਮਝਣ ਵਿਚ ਆਸਾਨ ਅਤੇ ਪਾਲਣਾ ਕਰਨਯੋਗ ਬਣਾਇਆ ਗਿਆ ਹੈ। ਕੈਬਨਿਟ ਮੰਤਰੀ ਨੇ ਉਚੇਚੇ ਤੌਰ 'ਤੇ ਕਿਹਾ ਕਿ ਨਵੇਂ ਪੇਸ਼ ਕੀਤੇ ਗਏ ਬਾਇਲਾਜ਼ ਲਾਲ ਫੀਤਾਸ਼ਾਹੀ ਨੂੰ ਘਟਾਇਆ ਗਿਆ ਹੈ ਅਤੇ ਕਾਰੋਬਾਰ ਕਰਨ ਦੀ ਸੌਖ ਨੂੰ ਉਤਸ਼ਾਹਿਤ ਕਰਦੇ ਹੋਏ ਬੇਲੋੜੀਆਂ ਨੌਕਰਸ਼ਾਹੀ ਰੁਕਾਵਟਾਂ ਨੂੰ ਖਤਮ ਕੀਤਾ ਗਿਆ ਹੈ।



# ਟਰਾਂਸਪੋਰਟ ਮੰਤਰੀ ਅਨਿਲ ਵਿਜ ਦੇ ਸੁਝਾਅ ਨੂੰ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਆਪਣੀ ਮੰਜੂਰੀ ਦਿੱਤੀ: ਅਨਿਲ ਵਿਜ

ਚੰਡੀਗੜ੍ਹ, 25 ਜੁਲਾਈ। ਹਰਿਆਣਾਂ ਦੇ ਟ?ਰਾਂਸਪੋਰਟ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ 26 ਅਤੇ 27 ਜੁਲਾਈ, 2025 ਨੂੰ ਹਰਿਆਣਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਾਮਨ ਏਂਟ?ਰੈਂਸ ਟੇਸਟ (ਸੀਈਟੀ) ਪ੍ਰੀਖਿਆ ਵਿੱਚ ਸੇਵਾਵਾਂ ਦੇਣ ਵਾਲੀ ਬੱਸਾਂ ਦੇ ਅੰਦਰ ਹੁਣ ਆਮ ਯਾਤਰੀ ਵੀ ਸਫਰ ਕਰ ਸਕਣਗੇ। ਉਨ੍ਹਾਂ ਨੇ ਕਿਹਾ ਕਿ ਇਸ ਸਬੰਧ ਵਿੱਚ ਉਨ੍ਹਾਂ ਦੇ ਸੁਝਾਅ ਨੂੰ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਆਪਣੀ ਸਹਿਮਤੀ/ਮੰਨ ਲਿਆ ਹੈ ਕਿਉਂਕਿ 27 ਜੁਲਾਈ ਨੂੰ ਹਰਿਆਣਾ ਵਿੱਚ ਤੀਜ ਦਾ ਤਿਊਹਾਰ ਹੈ ਅਤੇ ਇਸ ਤਿਊਹਾਰ ਦੇ ਦਿਨ ਜਿਆਦਾਤਰ ਲੋਕ ਆਪਣੇ ਪਰਿਵਾਰ ਦੇ ਨਾਲ ਆਵਾਜਾਈ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਆਮ ਜਨਤਾ ਲਈ ਸੁਚਾਰੂ, ਬਿਨ੍ਹਾ ਰੁਕਾਵਟ ਅਤੇ ਸੁਰੱਖਿਅਤ ਪਬਲਿਕ ਟ?ਰਾਂਸਪੋਰਟ ਸੇਵਾਵਾਂ ਯਕੀਨੀ ਕਰਨਾ ਵੀ ਮਹਤੱਵਪੂਰਣ ਹੈ। ਇਸ ਸਬੰਧ ਵਿੱਚ ਵਧੇਰੇ ਜਾਣਕਾਰੀ ਦਿੰਦੇ ਹੋਏ ਸ੍ਰੀ ਵਿਜ ਨੇ ਦਸਿਆ ਕਿ ਇਸ ਬਾਰੇ ਵਿੱਚ ਉਨ੍ਹਾਂ ਦੇ ਵੱਲੋਂ ਮੁੱਖ ਮੰਤਰੀ ਨੂੰ ਲਿਖਿਆ ਗਿਆ ਸੀ, ਜਿਸ 'ਤੇ ਮੁੱਖ ਮੰਤਰੀ ਨੇ ਟ?ਰਾਂਸਪੋਰਟ ਮੰਤਰੀ ਦੀ ਰਾਏ ਸਹਿਮਤੀ ਜਤਾ ਦਿੱਤੀ ਹੈ। ਟ?ਰਾਂਸਪੋਰਟ ਮੰਤਰੀ ਵੱਲੋਂ ਲਿਖੀ ਗਈ ਰਹਏ ਅਨੁਸਾਰ ਮੁੱਖ ਮੰਤਰੀ ਸਹਿਮਤ ਹੋ ਗਏ ਹਨ ਕਿਉਂਕਿ ਤੀਜ-ਤਿਉਹਾਰਾਂ 'ਤੇ ਆਮ ਜਨਤਾ ਨੂੰ ਅਸਹੂਲਤ ਨਾ ਹੋਵੇ। ਇਸ ਲਈ, ਜਿਨ੍ਹਾਂ ਬੱਸਾਂ ਦਾ ਸ਼ੈਡੀਯੂਲ ਅਤੇ ਰੂਟ ਸੀਈਟੀ ਉਮੀਦਵਾਰਾਂ ਦੇ ਲਈ ਨਿਰਧਾਰਿਤ ਕੀਤਾ ਗਿਆ ਹੈ, ਉਨ੍ਹਾਂ ਵਿੱਚ ਆਮ ਜਨਤਾ ਨੂੰ ਵੀ ਹੁਣ ਯਾਤਰਾ ਕਰਨ ਦੀ ਮੰਜੂਰੀ ਦਿੱਤੀ ਗਈ ਹੈ। ਸ੍ਰੀ ਵਿਜ ਨੇ ਆਪਣੇ ਸੁਝਾਅ ਵਿੱਚ ਮੁੱਖ ਮੰਤਰੀ ਨੂੰ ਲਿਖਿਆ ਸੀ ਕਿ ਉਨ੍ਹਾਂ ਦੀ ਰਾਏ ਵਿੱਚ ਇਹ ਸਹੀ ਨਹੀਂ ਹੈ ਕਿ 26 ਤੇ 27 ਜੁਲਾਈ ਨੂੰ 20% ਬੱਸਾਂ ਪੂਰੇ ਹਰਿਆਣਾ ਦਾ ਭਾਰ ਨਹੀਂ ਚੁੱਕ ਸਕਦੀਆਂ ਕਿਉਂਕਿ ਉਸ ਦਿਨ ਤੀਜ-ਤਿਉਹਾਰਾਂ ਦੇ ਮੌਕੇ 'ਤੇ ਵੱਡੀ ਗਿਣਤੀ ਵਿੱਚ ਨਾਗਰਿਕ ਯਾਤਰਾ ਕਰਦੇ ਹਨ ਇਸ ਲਈ ਆਮ ਜਨਤਾ ਲਈ ਵੱਧ ਬੱਸਾਂ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ, ਜਿਸ 'ਤੇ ਮੁੱਖ ਮੰਤਰੀ ਸਹਿਮਤ ਹੋ ਗਏ ਹਨ। ਵਰਨਣਯੋਗ ਹੈ ਕਿ ਐਚਐਸਐਸਸੀ ਸੀਈਟੀ ਦੀ ਲਿਖਤ ਪ੍ਰੀਖਿਆ ਲਈ ਯਾਤਰਾ ਸਹੂਲਤ ਦੀ ਵਿਵਸਥਾ ਦੇ ਸਬੰਧ ਵਿੱਚ ਟ?ਰਾਂਸਪੋਰਟ ਮੰਤਰੀ ਵੱਲੋਂ ਇੱਕ ਪ੍ਰਸਤਾਵ ਦੇ ਜਵਾਬ ਵਿੱਚ ਪੁੱਛਿਆ ਗਿਆ ਸੀ ਕਿ ਐਚਐਸਐਸਸੀ ਵੱਲੋਂ 26 ਅਤੇ 27 ਜੁਲਾਈ, 2025 ਨੂੰ ਆਯੋਜਿਤ ਕੀਤੀ ਜਾ ਰਹੀ ਹੈ। ਆਮ ਯੋਗਤਾ ਪ੍ਰੀਖਿਆ (ਸੀਈਟੀ) ਦੇ ਮੱਦੇਨਜਰ ਸਾਰੇ ਰਜਿਸਟਰਡ ਸੀਈਟੀ ਉਮੀਦਵਾਰਾਂ ਨੂੰ ਪੂਰੇ ਰਾਜ ਵਿੱਚ ਪ੍ਰੀਖਿਆ ਵਿੱਚ ਸ਼ਾਮਿਲ ਹੋਣ ਲਈ ਮੁਫਤ ਯਾਤਰਾ ਸਹੂਲਤ ਪ੍ਰਦਾਨ ਕਰਨ ਦਾ ਫੈਸਲਾ ਕੀਤਾ ਗਿਆ ਹੈ।

# ਭਾਜਪਾ ਸ਼ਾਸਿਤ ਸੂਬਿਆਂ 'ਚ ਬੰਗਾਲੀਆਂ 'ਤੇ ਹੋ ਰਿਹੈ ਜ਼ੁਲਮ: ਮਮਤਾ ਬੈਨਰਜੀ

ਕੋਲਕਾਤਾ 25 ਜੁਲਾਈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀਰਵਾਰ ਨੂੰ ਦੋਸ਼ ਲਗਾਇਆ ਕਿ ਕੁਝ ਸੂਬੇ ਦੇ ਬੰਗਲਾ ਭਾਸ਼ਾਈ ਗਰੀਬ ਕਾਮਿਆਂ ਨੂੰ ਭਾਜਪਾ ਸ਼ਾਸਿਤ ਕੁਝ ਸੂਬਿਆਂ ਦੇ ਅਧਿਕਾਰੀਆਂ ਵੱਲੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਦੌਰਾਨ ਉਨ੍ਹਾਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ ਅਤੇ ਇੱਥੋਂ ਤੱਕ ਕਿ ਬੰਗਲਾਦੇਸ਼ ਭੇਜਿਆ ਜਾ ਰਿਹਾ ਹੈ। ਉਨ੍ਹਾਂ ਨੇ ਇਨ੍ਹਾਂ ਘਟਨਾਵਾਂ ਨੂੰ 'ਭਾਸ਼ਾਈ ਅੱਤਵਾਦ' ਕਰਾਰ ਦਿੱਤਾ। ਬੈਨਰਜੀ ਨੇ 'ਐਕਸ' 'ਤੇ ਸਖ਼ਤ ਸ਼ਬਦਾਂ ਵਿਚ ਲਿਖੀ ਗਈ ਇਕ ਪੋਸਟ ਵਿਚ ਹਰਿਆਣਾ ਅਤੇ ਰਾਜਸਥਾਨ ਦੀਆਂ ਸਰਕਾਰਾਂ ਵੱਲੋਂ ਬੰਗਲਾ ਭਾਸ਼ਾਈ ਨਾਗਰਿਕਾਂ 'ਤੇ 'ਜ਼ੁਲਮ ਅਤੇ ਤਸੀਹੇ' ਦੇਣ ਦਾ ਦੋਸ਼ ਲਗਾਇਆ ਅਤੇ ਸਵਾਲ ਕੀਤਾ ਕਿ ਭਾਜਪਾ ਅਜਿਹੀਆਂ ਕਥਿਤ ਕਾਰਵਾਈਆਂ ਰਾਹੀਂ ਕੀ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਨੇ ਪੋਸਟ ਵਿਚ ਲਿਖਿਆ ਕਿ ਹਰਿਆਣਾ ਦੇ ਗੁਰੂਗ੍ਰਾਮ ਵਿਚ ਪੱਛਮੀ ਬੰਗਾਲ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਸਾਡੇ ਬੰਗਾਲੀ ਭਾਸ਼ਾਈ ਲੋਕਾਂ ਨੂੰ ਹਿਰਾਸਤ ਵਿਚ ਲੈਣ ਅਤੇ ਉਨ੍ਹਾਂ 'ਤੇ ਅੱਤਿਆਚਾਰਾਂ ਦੀਆਂ ਲਗਾਤਾਰ ਰਿਪੋਰਟਾਂ ਆ ਰਹੀਆਂ ਹਨ। ਪੱਛਮੀ ਬੰਗਾਲ ਪੁਲਸ ਨੂੰ ਇਹ ਰਿਪੋਰਟਾਂ ਹਰਿਆਣਾ ਪੁਲਸ ਤੋਂ ਪਛਾਣ ਦੀ ਪੁਸ਼ਟੀ ਲਈ ਅਪੀਲ ਦੇ ਨਾਂ 'ਤੇ ਮਿਲ ਰਹੀਆਂ ਹਨ।



# ਨਰਿੰਦਰ ਮੋਦੀ 'ਝੂਠਿਆਂ ਦਾ ਸਰਦਾਰ', ਝੂਠ ਬੋਲਣਾ ਹੀ ਉਸਦਾ ਕੰਮ, ਕਾਂਗਰਸ ਪ੍ਰਧਾਨ ਖੜਗੇ ਦਾ ਵੱਡਾ ਬਿਆਨ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 25 ਜੁਲਾਈ। ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਹੋਰ ਪਛੜੇ ਵਰਗਾਂ (ਓਬੀਸੀ) ਨੂੰ ਅੱਗੇ ਲਿਆਉਣ ਦੀ ਯੋਜਨਾ ਬਣਾਈ ਹੈ ਅਤੇ ਪਾਰਟੀ ਸ਼ਾਸਿਤ ਰਾਜਾਂ ਵਿੱਚ ਇਸ ਵਰਗ ਦੀ ਭਲਾਈ ਲਈ ਯੋਜਨਾਵਾਂ ਸ਼ੁਰੂ ਕੀਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਰਫ਼ ਝੂਠ ਬੋਲਦੇ ਹਨ ਅਤੇ ਓਬੀਸੀ ਅਤੇ ਵਾਂਝੇ ਭਾਈਚਾਰਿਆਂ ਦੀ ਭਲਾਈ ਲਈ ਕੋਈ ਕੰਮ ਨਹੀਂ ਕੀਤਾ ਜਾ ਰਿਹਾ। ਖੜਗੇ ਨੇ ਕਾਂਗਰਸ ਦੇ 'OBC ਭਾਗੀਦਾਰੀ ਨਿਆਏ ਸੰਮੇਲਨ' ਵਿੱਚ ਕਿਹਾ, ਨਰਿੰਦਰ ਮੋਦੀ 'ਝੂਠਿਆਂ ਦਾ ਸਰਦਾਰ' ਹੈ। ਝੂਠ ਬੋਲਣਾ ਹੀ ਉਸਦਾ ਕੰਮ ਹੈ। ਉਹਨਾਂ ਨੇ ਦੇਸ਼ ਨੂੰ ਝੂਠ ਬੋਲਿਆ ਕਿ ਉਹ ਹਰ ਸਾਲ ਨੌਜਵਾਨਾਂ ਨੂੰ 2 ਕਰੋੜ ਨੌਕਰੀਆਂ ਦੇਵੇਗਾ, ਵਿਦੇਸ਼ਾਂ ਤੋਂ ਕਾਲਾ ਧਨ ਵਾਪਸ ਲਿਆਵੇਗਾ, ਸਾਰਿਆਂ ਨੂੰ 15-15 ਲੱਖ ਦੇਵੇਗਾ, ਕਿਸਾਨਾਂ ਦੀ ਆਮਦਨ ਦੁੱਗਣੀ ਕਰੇਗਾ, ਪਛੜੇ ਵਰਗਾਂ ਦੀ ਆਮਦਨ ਵਧਾਏਗਾ। ਉਨ੍ਹਾਂ ਦੋਸ਼ ਲਾਇਆ, ਨਰਿੰਦਰ ਮੋਦੀ ਸੰਸਦ ਵਿੱਚ ਵੀ ਝੂਠ ਬੋਲਦੇ ਹਨ। ਇਸ ਲਈ ਸਾਨੂੰ ਲੋਕਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਨਰਿੰਦਰ ਮੋਦੀ ਦੇਸ਼ ਨੂੰ ਗੁੰਮਰਾਹ ਕਰ ਰਹੇ ਹਨ ਅਤੇ ਇੱਕ ਪ੍ਰਧਾਨ ਮੰਤਰੀ ਜੋ ਝੂਠ ਬੋਲਦਾ ਹੈ, ਉਹ ਦੇਸ਼ ਅਤੇ ਸਮਾਜ ਦਾ ਕੋਈ ਭਲਾ ਨਹੀਂ ਕਰ ਸਕਦਾ। ਕਾਂਗਰਸ ਪ੍ਰਧਾਨ ਨੇ ਦਾਅਵਾ ਕੀਤਾ, ਮੋਦੀ ਜੀ ਖੁਦ ਨੂੰ ਓਬੀਸੀ ਕਹਿੰਦੇ ਹਨ, ਪਹਿਲਾਂ ਉਹ ਜਨਰਲ ਵਰਗ ਵਿੱਚ ਸਨ ਪਰ ਮੁੱਖ ਮੰਤਰੀ ਬਣਨ ਤੋਂ ਬਾਅਦ ਆਪਣੀ ਜਾਤੀ ਨੂੰ ਓਬੀਸੀ ਸੂਚੀ ਵਿੱਚ ਪਾ ਦਿੱਤਾ। ਫਿਰ ਉਨ੍ਹਾਂ ਨੇ ਆਪਣੀ ਚਾਲਬਾਜ਼ੀ ਸ਼ੁਰੂ ਕੀਤੀ, ਉਹ ਓਬੀਸੀ ਲੋਕਾਂ ਦੇ ਵਿਚਕਾਰ ਬੋਲਦੇ ਹਨ ਕਿ 'ਭਰਾਵੋ ਅਤੇ ਭੈਣੋ, ਮੈਂ ਪਛੜੇ ਵਰਗ ਦਾ ਹਾਂ, ਮੈਨੂੰ ਸਤਾਇਆ ਜਾਂਦਾ ਹੈ। ਪਰ ਹੁਣ ਉਹ ਸਾਰਿਆਂ ਨੂੰ ਸਤਾ ਰਿਹਾ ਹੈ।" ਉਨ੍ਹਾਂ ਇਹ ਵੀ ਕਿਹਾ, ਆਰਐੱਸਐੱਸ ਅਤੇ ਭਾਜਪਾ ਜ਼ਹਿਰ ਦੇਣ ਵਾਲੇ ਹਨ। ਇਹ ਲੋਕ ਤੁਹਾਨੂੰ (ਓਬੀਸੀ) ਵੰਡਣ ਦੀ ਕੋਸ਼ਿਸ਼ ਕਰਨਗੇ ਪਰ ਤੁਹਾਨੂੰ ਵੰਡਿਆ ਨਹੀਂ ਜਾਣਾ ਚਾਹੀਦਾ। ਜੇਕਰ ਐੱਸਸੀ, ਐੱਸਟੀ, ਓਬੀਸੀ, ਘੱਟ ਗਿਣਤੀਆਂ ਅਤੇ ਆਮ ਵਰਗ ਦੇ ਲੋਕ ਇੱਕਜੁੱਟ ਹੋ ਜਾਂਦੇ ਹਨ, ਤਾਂ ਕੋਈ ਵੀ ਕਾਂਗਰਸ ਪਾਰਟੀ ਨੂੰ ਹਿਲਾ ਨਹੀਂ ਸਕਦਾ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ ਸਰਕਾਰ 'ਸਬਕਾ ਸਾਥ, ਸਬਕਾ ਸੱਤਿਆਨਾਸ਼' ਦੇ ਰਾਹ 'ਤੇ ਚੱਲ ਰਹੀ ਹੈ। ਖੜਗੇ ਨੇ ਮਜ਼ਾਕ ਉਡਾਇਆ, ਮੋਦੀ 75 ਸਾਲ ਦੇ ਹੋਣ ਜਾ ਰਹੇ ਹਨ, ਉਹ ਅਹੁਦਾ ਕਦੋਂ ਛੱਡਣਗੇ? ਇਹ ਮੁੱਦਾ ਸਾਡੇ ਸਾਹਮਣੇ ਵੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਦੇਸ਼ ਦੀ ਚਿੰਤਾ ਨਹੀਂ ਹੈ ਸਗੋਂ ਸਿਰਫ਼ ਆਪਣੀ ਕੁਰਸੀ ਦੀ ਚਿੰਤਾ ਹੈ। ਖੜਗੇ ਨੇ ਕਿਹਾ ਕਿ ਕਾਂਗਰਸ ਨੇ ਓਬੀਸੀ ਨੂੰ ਅੱਗੇ ਲਿਆਉਣ ਦੀ ਯੋਜਨਾ ਬਣਾਈ ਹੈ। ਉਨ੍ਹਾਂ ਕਾਂਗਰਸ ਸ਼ਾਸਿਤ ਮੁੱਖ ਮੰਤਰੀਆਂ ਨੂੰ ਓਬੀਸੀ-ਕੇਂਦ੍ਰਿਤ ਯੋਜਨਾਵਾਂ ਸ਼ੁਰੂ ਕਰਨ ਦਾ ਸੱਦਾ ਦਿੱਤਾ। ਬਿਹਾਰ ਵਿੱਚ ਵੋਟਰ ਸੂਚੀ ਦੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸਆਈਆਰ) ਦੇ ਮੁੱਦੇ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੇ ਹੁਣ ਕਿਹਾ ਹੈ ਕਿ ਇਹ ਦੇਸ਼ ਭਰ ਵਿੱਚ ਕੀਤਾ ਜਾਵੇਗਾ। ਇਸ ਦੇ ਨਾਲ ਹੀ ਖੜਗੇ ਨੇ ਦੋਸ਼ ਲਗਾਇਆ, ਇਹ ਲੋਕ ਗਰੀਬਾਂ ਨੂੰ ਖਤਮ ਕਰਨਾ ਚਾਹੁੰਦੇ ਹਨ। ਆਰਐੱਸਐੱਸ ਅਤੇ ਹਿੰਦੂ ਮਹਾਸਭਾ ਐੱਸਸੀ, ਐੱਸਟੀ, ਓਬੀਸੀ ਅਤੇ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਦੇਣ ਦੇ ਹੱਕ ਵਿੱਚ ਨਹੀਂ ਸਨ। ਇਹ ਅਧਿਕਾਰ ਬਾਬਾ ਸਾਹਿਬ ਅੰਬੇਡਕਰ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਕਾਰਨ ਮਿਲਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਲੋਕ ਵੋਟਰ ਸੂਚੀ ਵਿੱਚ ਬਦਲਾਅ ਕਰਕੇ ਵੋਟ ਪਾਉਣ ਦੇ ਅਧਿਕਾਰ ਨੂੰ ਖਤਮ ਕਰਨਾ ਚਾਹੁੰਦੇ ਹਨ।



# ਜੰਮੂ ਅਤੇ ਦਿੱਲੀ ਤੋਂ ਆਏ ਟਰੱਕਾਂ ਸਮੇਤ 10 ਵਾਹਨਾਂ ਨੂੰ ਰੋਕਿਆ, 14.90 ਲੱਖ ਜੁਰਮਾਨਾ ਵਸੂਲਿਆ

ਕੌਮੀ ਪਤ੍ਰਿਕਾ

ਅੰਮ੍ਰਿਤਸਰ 25 ਜੁਲਾਈ। ਆਬਕਾਰੀ ਅਤੇ ਕਰ ਵਿਭਾਗ ਦੇ ਮੋਬਾਈਲ ਵਿੰਗ (ਐੱਮ. ਵੀ.) ਨੇ ਟੈਕਸ ਚੋਰੀ ਖਿਲਾਫ ਕਾਰਵਾਈ ਕਰਦੇ ਹੋਏ 10 ਟਰੱਕਾਂ ਨੂੰ ਰੋਕਿਆ ਅਤੇ ਉਨ੍ਹਾਂ ਦੀ ਚੈਕਿੰਗ ਦੌਰਾਨ 14 ਲੱਖ 90 ਹਜ਼ਾਰ ਰੁਪਏ ਜੁਰਮਾਨਾ ਵਸੂਲਿਆ ਗਿਆ ਹੈ। ਇਹ ਕਾਰਵਾਈ ਮੋਬਾਈਲ ਵਿੰਗ ਅੰਮ੍ਰਿਤਸਰ ਬਾਰਡਰ ਰੇਂਜ ਦੇ ਸਹਾਇਕ ਕਮਿਸ਼ਨਰ ਮਹੇਸ਼ ਗੁਪਤਾ ਦੇ ਨਿਰਦੇਸ਼ਾਂ ’ਤੇ ਕੀਤੀ ਗਈ ਹੈ। ਐੱਮ. ਵੀ. ਦੀ ਇਸ ਕਾਰਵਾਈ ਕਾਰਨ ਟੈਕਸ ਮਾਫੀਆ ਵਿਚ ਫਿਰ ਦਹਿਸ਼ਤ ਹੈ। ਇਸ ਕਾਰਵਾਈ ਵਿਚ ਮੋਬਾਈਲ ਵਿੰਗ ਦੇ ਤੇਜ਼ ਤਰਾਰ ਈ. ਟੀ. ਓ. ਪੰਡਿਤ ਰਮਨ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਇਕ ਟੀਮ ਬਣਾਈ ਗਈ, ਜਿਸ ਵਿਚ ਸੁਰੱਖਿਆ ਕਰਮਚਾਰੀ ਵੀ ਸ਼ਾਮਲ ਸਨ। ਜਾਣਕਾਰੀ ਅਨੁਸਾਰ ਮੋਬਾਈਲ ਵਿੰਗ ਟੀਮ ਨੂੰ ਸੂਚਨਾ ਮਿਲੀ ਕਿ ਪੈਕਿੰਗ ਸਮੱਗਰੀ ਦੀ ਇਕ ਖੇਪ ਅੰਮ੍ਰਿਤਸਰ ਤੋਂ ਜੰਮੂ ਜਾ ਰਹੀ ਹੈ, ਜਿਸ ਵਿਚ ਵੱਡੀ ਮਾਤਰਾ ਵਿਚ ਪਾਊਚਾਂ ਤੋਂ ਬਣੇ ਲਿਫਾਫੇ ਹਨ ਅਤੇ ਕਿਸੇ ਬ੍ਰਾਂਡ ਦਾ ਉਤਪਾਦ ਉਨ੍ਹਾਂ ਵਿਚ ਪੈਕ ਕੀਤਾ ਜਾ ਰਿਹਾ ਹੈ। ਆਮ ਤੌਰ ’ਤੇ ਖਾਣ-ਪੀਣ ਵਾਲੀਆਂ ਚੀਜ਼ਾਂ ’ਤੇ ਕੋਈ ਟੈਕਸ ਨਹੀਂ ਹੁੰਦਾ ਜੋ ਬਿਨਾਂ ਪੈਕ ਕੀਤੀਆਂ ਜਾਂਦੀਆਂ ਹਨ। ਹਾਲਾਂਕਿ ਇਕ ਵਾਰ ਪੈਕ ਕੀਤੇ ਜਾਣ ਤੋਂ ਬਾਅਦ ਉਹ ਜੀ. ਐੱਸ. ਟੀ. ਦੇ ਦਾਇਰੇ ਵਿਚ ਆਉਂਦੇ ਹਨ। ਟੀਮ ਨੂੰ ਜਾਣਕਾਰੀ ਸੀ ਕਿ ਇਨ੍ਹਾਂ ਖਾਲੀ ਪਾਊਚਾਂ ਦਾ ਕੋਈ ਬਿੱਲ ਨਹੀਂ ਹੈ ਅਤੇ ਇਨ੍ਹਾਂ ਦੀ ਗਿਣਤੀ ਲੱਖਾਂ ਵਿਚ ਹੈ। ਆਮ ਤੌਰ ’ਤੇ ਅਜਿਹੇ ਖਾਲੀ ਪੈਕ ਕੀਤੇ ‘ਪਾਊਚ’ ਜੋ ਅਜੇ ਤੱਕ ਸਾਮਾਨ ਨਾਲ ਨਹੀਂ ਭਰੇ ਜਾਂਦੇ, ਵਿਭਾਗਾਂ ਵਲੋਂ ਉਨ੍ਹਾਂ ਦੀ ਜਾਂਚ ਨਹੀਂ ਕੀਤੀ ਜਾਂਦੀ, ਕਿਉਂਕਿ ਉਹ ਖਾਲੀ ਹੁੰਦੇ ਹਨ। ਦੂਜੇ ਪਾਸੇ ਜਦੋਂ ਪੰਡਿਤ ਰਮਨ ਦੀ ਅਗਵਾਈ ਹੇਠ ਐੱਮ. ਵੀ. ਟੀਮ ਨੇ ਇਨ੍ਹਾਂ ਖਾਲੀ ਪਾਊਚਾਂ ਦੀ ਕੀਮਤ ਦਾ ਅੰਦਾਜ਼ਾ ਲਗਾਇਆ, ਤਾਂ ਉਹ ਹੈਰਾਨ ਰਹਿ ਗਏ। ਜਦੋਂ ਟੀਮ ਨੇ ਡਰਾਈਵਰ ਤੋਂ ਦਸਤਾਵੇਜ਼



ਮੰਗੇ ਤਾਂ ਉਸ ਕੋਲ ਇਸ ਦਾ ਕੋਈ ਬਿੱਲ ਨਹੀਂ ਸੀ। ਕੁੱਲ ਮਿਲਾ ਕੇ ਇਹ ਚੋਰੀ ਦਾ ਮਾਮਲਾ ਸੀ। ਮੁਲਾਂਕਣ ਤੋਂ ਬਾਅਦ ਐੱਮ. ਵੀ. ਨੇ ਇਸ ’ਤੇ 2.70 ਲੱਖ ਰੁਪਏ ਦਾ ਜੁਰਮਾਨਾ ਵਸੂਲਿਆ। ਇਸੇ ਤਰ੍ਹਾਂ ਰਾਜਧਾਨੀ ਦਿੱਲੀ ਤੋਂ ਵੱਖ-ਵੱਖ ਵਸਤੂਆਂ ਦੀ ਇਕ ਮਿਸ਼ਰਤ ਖੇਪ ਬਟਾਲਾ ਪਹੁੰਚੀ। ਜਾਣਕਾਰੀ ਮਿਲਣ ’ਤੇ ਮੋਬਾਈਲ ਟੀਮ ਨੇ ਗੱਡੀ ਨੂੰ ਰੋਕਿਆ ਅਤੇ ਪਤਾ ਲੱਗਾ ਕਿ ਇਹ ਟੈਕਸ ਚੋਰੀ ਦਾ ਮਾਮਲਾ ਹੈ। ਸਾਮਾਨ ਦੀ ਜਾਂਚ ਕਰਨ ਤੋਂ ਬਾਅਦ ਐੱਮ. ਵੀ ਨੇ ਇਸ ’ਤੇ 2 ਲੱਖ ਰੁਪਏ ਦਾ ਜੁਰਮਾਨਾ ਵਸੂਲਿਆ। ਮੋਬਾਈਲ ਟੀਮ ਨੇ ਅੰਮ੍ਰਿਤਸਰ ਸ਼ਹਿਰ ਵਿਚ ਹੀ ਅੰਮ੍ਰਿਤਸਰ ਤੋਂ ਹੁਸ਼ਿਆਰਪੁਰ ਜਾ ਰਹੇ ਇਕ ਵਾਹਨ ਨੂੰ ਰੋਕਿਆ। ਜਾਂਚ ਵਿਚ ਪਤਾ ਲੱਗਾ ਕਿ ਇਹ ਸਟੀਲ ਪਾਈਪਾਂ ਨਾਲ ਭਰਿਆ ਹੋਇਆ ਸੀ। ਦਸਤਾਵੇਜ਼ਾਂ ਦੀ ਜਾਂਚ ਦੌਰਾਨ ਮੋਬਾਈਲ ਟੀਮ ਨੂੰ ਪਤਾ ਲੱਗਾ ਕਿ ਇਸ ਵਿਚ ਲੱਖਾਂ ਦੀ ਟੈਕਸ ਚੋਰੀ ਸੀ। ਸਾਮਾਨ ਦੀ ਮਾਤਰਾ ਦੇ ਹਿਸਾਬ ਨਾਲ ਮੁਲਾਂਕਣ ਕਰਨ ਤੋਂ ਬਾਅਦ ਐੱਮ. ਵੀ ਟੀਮ ਨੇ ਇਸ ’ਤੇ 2.35 ਲੱਖ ਰੁਪਏ ਦਾ ਜੁਰਮਾਨਾ ਲਗਾਇਆ। ਪੰਡਿਤ ਰਮਨ ਦੀ ਅਗਵਾਈ ਹੇਠ ਇਸੇ ਐੱਮ. ਵੀ. ਟੀਮ ਨੇ ਜਲੰਧਰ ਵਿਚ ਛਾਉਣੀ ਦੇ ਨੇੜੇ ਮਿਲੇ-ਜੁਲੇ ਸਕ੍ਰੈਪ ਲੈ ਕੇ ਜਾਣ ਵਾਲੇ ਇੱਕ ਟਰੱਕ ਨੂੰ ਘੇਰ ਲਿਆ, ਜਿਸ ਦੇ ਦਸਤਾਵੇਜ਼ ਢੁਕਵੇਂ ਨਹੀਂ ਪਾਏ ਗਏ, ਇਸ ਲਈ ਮਾਮਲਾ ਟੈਕਸ ਚੋਰੀ ਦਾ ਸੀ। ਇਸੇ ਤਰ੍ਹਾਂ ਇਕ ਹੋਰ ਟਰੱਕ ਜੋ ਜਲੰਧਰ ਤੋਂ ਸਥਾਨਕ ਸਮਾਨ ਪਹੁੰਚਾਉਣ ਜਾ ਰਿਹਾ ਸੀ, ਫੜਿਆ ਗਿਆ। ਇਸ ਵਿਚ ਵੱਖ-ਵੱਖ ਕਿਸਮਾਂ ਦਾ ਸਾਮਾਨ ਲੱਦਿਆ ਗਿਆ। ਜਾਂਚ ਵਿਚ ਸਾਹਮਣੇ ਆਇਆ ਕਿ ਇਸ ਵਿਚ ਵੀ ਟੈਕਸ ਚੋਰੀ ਹੋਈ ਸੀ। ਇਸ ਵਿਚ ਇੱਕ ਟਰੱਕ ’ਤੇ 2.17 ਲੱਖ ਅਤੇ ਦੂਜੇ ਟਰੱਕ ’ਤੇ 90 ਹਜ਼ਾਰ ਰੁਪਏ ਦਾ ਜੁਰਮਾਨਾ ਵਸੂਲਿਆ ਗਿਆ। ਟੈਕਸ ਚੋਰੀ ਖਿਲਾਫ ਇਸ ਕਾਰਵਾਈ ਦੌਰਾਨ ਪੰਡਿਤ ਰਮਨ ਸ਼ਰਮਾ ਦੀ ਅਗਵਾਈ ਹੇਠ ਐੱਮ. ਵੀ ਟੀਮ ਨੇ ਜਲੰਧਰ ਰੋਡ ’ਤੇ ਜਾ ਰਹੇ ਇੱਕ ਟਰੱਕ ਨੂੰ ਬਰਾਮਦ ਕੀਤਾ। ਚੈਕਿੰਗ ਦੌਰਾਨ ਪਾਇਆ ਗਿਆ ਕਿ ਇਸ ਵਿਚ ਪਾਈਪ-ਫਿਟਿੰਗ ਸਮੱਗਰੀ ਲਗਾਈ ਗਈ ਸੀ, ਇਹ ਘੱਟ ਬਿਲਿੰਗ ਦਾ ਮਾਮਲਾ ਸੀ! ਮੁਲਾਂਕਣ ਤੋਂ ਬਾਅਦ ਚੈਕਿੰਗ ਟੀਮ ਨੇ ਇਸ ’ਤੇ 2.38 ਲੱਖ ਦਾ ਜੁਰਮਾਨਾ ਵਸੂਲਿਆ। ਟੈਕਸ ਚੋਰੀ ਨੂੰ ਰੋਕਣ ਲਈ ਕੀਤੀ ਗਈ ਇਸ ਮੁਹਿੰਮ ਤਹਿਤ ਐੱਮ. ਵੀ. ਨੇ ਅੰਮ੍ਰਿਤਸਰ ਦੇ ਦੱਖਣੀ ਖੇਤਰ ਵਿਚ ਭਗਤਾਂਵਾਲਾ ਗੇਟ ਦੇ ਬਾਹਰ ਇੱਕ ਵਾਹਨ ਫੜਿਆ, ਜਿਸ ਵਿਚ ਕਰੌਕਰੀ ਭਰੀ ਹੋਈ ਸੀ। ਪਤਾ ਲੱਗਾ ਕਿ ਇਹ ਟਰੱਕ ਦਿੱਲੀ ਤੋਂ ਆਇਆ ਸੀ। ਇਹ ਟੈਕਸ ਚੋਰੀ ਦਾ ਮਾਮਲਾ ਦੇਖ ਕੇ ਵਿਭਾਗ ਨੇ ਇਸ ’ਤੇ 83 ਹਜ਼ਾਰ ਰੁਪਏ ਦਾ ਜੁਰਮਾਨਾ ਲਗਾਇਆ। ਇਸੇ ਤਰ੍ਹਾਂ ਇੱਕ ਹੋਰ ਛੋਟੇ ਵਾਹਨ ਨੂੰ ਬਿਨਾਂ ਬਿੱਲ ਦੇ ਸਾਮਾਨ ਲਿਜਾਣ ਲਈ 56000 ਰੁਪਏ ਦਾ ਜੁਰਮਾਨਾ ਲਗਾਇਆ ਗਿਆ। ਕਾਰਵਾਈ ਦੌਰਾਨ ਟੀਮ ਨੇ ਅੰਮ੍ਰਿਤਸਰ ਵਿਚ ਇੱਕ ਵਾਹਨ ਫੜਿਆ ਜੋ ਪਲਾਈਵੁੱਡ ਨਾਲ ਲੱਦਿਆ ਹੋਇਆ ਸੀ। ਜਾਂਚ ਕਰਨ ’ਤੇ ਇਸ ਵਿਚ ਟੈਕਸ ਚੋਰੀ ਦਾ ਮਾਮਲਾ ਪਾਇਆ ਗਿਆ ਅਤੇ 40000 ਰੁਪਏ ਦਾ ਜੁਰਮਾਨਾ ਲਗਾਇਆ ਗਿਆ। ਇਸੇ ਤਰ੍ਹਾਂ ਰਈਆ ਖੇਤਰ ਵਿਚ ਇੱਕ ਹੋਰ ਵਾਹਨ ਨੂੰ ਰੋਕਿਆ ਗਿਆ ਅਤੇ ਉਸ ’ਤੇ 52000 ਰੁਪਏ ਦਾ ਜੁਰਮਾਨਾ ਲਗਾਇਆ ਗਿਆ। ਇਸ ਵਿਚ ਐਨਕਾਂ ਲਿਜਾਈਆਂ ਜਾ ਰਹੀਆਂ ਸਨ।

## 7ਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਤੇ ਤਰਕਸ਼ੀਲ ਵਿਚਾਰਧਾਰਾ ਤੇ ਰਚਾਇਆ ਸੰਵਾਦ

ਲੌਂਗੋਵਾਲ,25 ਜੁਲਾਈ: ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਲੌਂਗੋਵਾਲ ਵੱਲੋਂ ਅਸ਼ੀਰਵਾਦ ਡੇ ਬੋਰਡਿੰਗ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਝਾੜੋਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਡਬਰ ਵਿਖੇ ਵਿਦਿਆਰਥੀਆਂ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹਰ ਸਾਲ ਕਰਵਾਈ ਜਾਂਦੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲੈਣ ਲਈ ਪ੍ਰੇਰਤ ਕੀਤਾ ਗਿਆ ਅਤੇ ਇਸ ਵਾਰ ਇਹ ਪ੍ਰੀਖਿਆ 29 ਤੇ 31 ਅਗਸਤ ਨੂੰ ਹੋਣ ਜਾ ਰਹੀ ਹੈ। ਇਸ ਮੌਕੇ ਸੁਸਾਇਟੀ ਦੇ ਸੂਬਾ ਆਗੂ ਜੁਝਾਰ ਲੌਂਗੋਵਾਲ ਨੇ ਬੱਚਿਆਂ ਨਾਲ ਸੰਵਾਦ ਰਚਾਉਂਦਿਆਂ ਅਜੋਕੇ ਦੌਰ ਦੀਆਂ ਅਨੇਕਾਂ ਚਣੌਤੀਆਂ ਤੇ ਗੱਲਬਾਤ ਕੀਤੀ,ਉਹਨਾਂ ਵਿਦਿਆਰਥੀਆਂ ਨੂੰ ਵੇਲਾ ਵਹਾ ਚੁਕੀਆਂ ਰੂੜ੍ਹੀਵਾਦੀ ਰਸਮਾਂ, ਅੰਧਵਿਸ਼ਵਾਸੀ ਫਲਸਫੇ, ਗ਼ੈਰਵਿਗਿਆਨਕ ਵਰਤਾਰਿਆਂ, ਕਿਸਮਤਵਾਦੀ, ਧਾਰਮਿਕ ਕੱਟੜਤਾ, ਨੂੰ ਪਰੇ ਵਗਾਉਣ ਦਾ ਸੱਦਾ ਦਿੱਤਾ ਤੇ ਨਾਲ ਹੀ ਗੰਦੇ ਸਾਹਿਤ, ਗੈਰ ਮਿਆਰੀ ਗੀਤ ਅਤੇ ਨਸਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਵੀਂ ਦਿੱਤਾ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਸਾਡੇ ਨੌਜਵਾਨਾਂ ਦੇ ਹੱਥਾਂ ਵਿੱਚ ਉਸਾਰੂ ਸਾਹਿਤ ਅਤੇ ਅਤੇ ਲੋਕ ਨਾਇਕਾਂ ਦੀਆਂ ਕਿਤਾਬਾਂ ਹੋਣ ਗੀਆਂ। ਵਿਦਿਆਰਥੀਆਂ ਨੂੰ ਅਸ਼ੀਰਵਾਦ ਡੇ ਬੋਰਡਿੰਗ ਸਕੂਲ, ਝਾੜੋਂ ਦੇ ਪ੍ਰਿੰਸੀਪਲ ਜਗਸੀਰ ਸਿੰਘ, ਸੀਨੀਅਰ ਸੈਕੰਡਰੀ ਸਕੂਲ,ਬਡਬਰ ਦੇ ਅਗਾਂਹਵਧੂ ਅਧਿਆਪਕ ਅਵਨੀਸ਼ ਕੁਮਾਰ, ਮਾਸਟਰ ਰਿਸ਼ੀ ਕੁਮਾਰ ਨੇ ਵੀ ਵਿਦਿਆਰਥੀਆਂ ਨੂੰ ਗ਼ਦਰੀ ਗੁਲਾਬ ਕੌਰ ਨੂੰ ਸਪਰਪਿਤ 7ਵੀਂ ਚੇਤਨਾ ਪ੍ਰੀਖਿਆ ਵਿੱਚ ਹਿੱਸਾ ਲੈਣ ਲਈ ਪ੍ਰੇਰਿਆ।ਇਸ ਮੌਕੇ ਬਡਬਰ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਜਸਵੀਰ ਕੌਰ, ਬੀਰਬਲ ਸਿੰਘ, ਕਮਲਜੀਤ ਵਿੱਕੀ ਅਮਨਦੀਪ ਸਿੰਘ ਆਦਿ ਤਰਕਸ਼ੀਲ ਆਗੂ ਹਾਜ਼ਰ ਸਨ।

## ਘਰ ’ਚ ਵੜ ਕੇ 35 ਤੋਲੇ ਸੋਨੇ ਦੇ ਗਹਿਣੇ ਤੇ 6.50 ਲੱਖ ਰੁਪਏ ਦੀ ਨਕਦੀ ਚੋਰੀ

ਭੁੱਚੋ ਮੰਡੀ 25 ਜੁਲਾਈ। ਮੰਡੀ ਦੀ ਸੰਘਣੀ ਅਬਾਦੀ ਵਿਚ ਅਣਪਛਾਤੇ ਚੋਰਾਂ ਨੇ ਇਕ ਘਰ ਵਿਚ ਵੜ ਕੇ 35 ਤੋਲੇ ਸੋਨੇ ਦੇ ਗਹਿਣੇ ਅਤੇ 6.50 ਲੱਖ ਰੁਪਏ ਦੀ ਨਕਦੀ ਚੋਰੀ ਕਰ ਲਈ। ਐੱਸ.ਪੀ.ਡੀ.ਜਸਪ੍ਰੀਤ ਸਿੰਘ ਸਮੇਤ ਪੁਲਸ ਅਧਿਕਾਰੀਆਂ ਨੇ ਘਟਨਾ ਦਾ ਦੌਰਾ ਕੀਤਾ ਅਤੇ ਫਿੰਗਰ ਪ੍ਰਿੰਟ ਦੀ ਟੀਮ ਨੇ ਵੀ ਮੌਕੇ ’ਤੇ ਪੁੱਜ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਘਰ ਦੇ ਮਾਲਕ ਤੀਰਥ ਰਾਮ ਪਰਿਵਾਰ ਸਮੇਤ ਬਾਹਰ ਗਏ ਹੋਏ ਸੀ ਅਤੇ ਉਨ੍ਹਾਂ ਪਿੱਛੋਂ ਇਹ ਘਟਨਾ ਵਾਪਰੀ। ਤੀਰਥ ਰਾਮ



ਦੇ ਭਰਾ ਸਾਧੂ ਰਾਮ ਨੇ ਦੱਸਿਆ ਕਿ ਉਹ ਪਰਿਵਾਰ ਸਮੇਤ ਸਵੇਰੇ 8 ਵਜੇ ਸਤਿਸੰਗ ਗਏ ਸਨ ਅਤੇ ਕਰੀਬ 10 ਵਜੇ ਉਹ ਵਾਪਸ ਘਰ ਆਏ ਤਾ ਉਨ੍ਹਾਂ ਦੇ ਘਰ ਵਿਚਲਾ ਸਮਾਨ ਖਿੱਲਰਿਆ ਪਿਆ ਸੀ। ਉਨ੍ਹਾਂ ਚੈੱਕ ਕੀਤਾ ਪਰ ਕੋਈ ਨੁਕਸਾਨ ਨਹੀਂ ਸੀ ਹੋਇਆ। ਅਚਾਨਕ ਉਨ੍ਹਾਂ ਦੀ ਨਜ਼ਰ ਭਰਾ ਦੇ ਘਰ ਦੀ ਛੱਤ ਵੱਲ ਗਈ ਤਾ ਪੌੜੀਆ ਦੇ ਦਰਵਾਜ਼ੇ ਅੱਗੇ ਮੰਜਾ ਖੜਾ ਕੀਤਾ ਹੋਇਆ ਸੀ। ਉਨ੍ਹਾਂ ਨੂੰ ਸ਼ੱਕ ਪੈਣ ’ਤੇ ਜਦ ਉਹ ਉਥੇ ਗਏ ਤਾ ਪੌੜੀਆਂ ਦਾ ਦਰਵਾਜ਼ੇ ਮੋਰਾ ਕੀਤਾ ਹੋਇਆ ਸੀ। ਜਿਸ ਨੂੰ ਖੋਲ ਕੇ ਅਣਪਛਾਤੇ ਵਿਅਕਤੀਆਂ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਉਨ੍ਹਾਂ ਇਸ ਸਬੰਧੀ ਆਪਣੇ ਭਰਾ ਨੂੰ ਫੋਨ ’ਤੇ ਜਾਣੂ ਕਰਵਾਇਆ ਅਤੇ ਉਨ੍ਹਾਂ ਦੇ ਆਉਣ ’ਤੇ ਪਤਾ ਲੱਗਾ ਕਿ ਅਲਮਾਰੀ ਵਿਚ ਸੋਨੇ ਦੇ ਗਹਿਣੇ ਅਤੇ ਨਕਦੀ ਗਾਇਬ ਸੀ। ਐੱਸ.ਐੱਚ.ਓ. ਨਥਾਣਾ ਦਿਲਬਾਗ ਸਿੰਘ, ਚੌਂਕੀ ਇੰਚਾਰਜ ਨਿਰਮਲਜੀਤ ਸਿੰਘ ਨੇ ਦੱਸਿਆ ਕਿ ਆਸ ਪਾਸ ਲੱਗੇ ਕੈਮਰਿਆਂ ਦੀ ਫੁਟੇਜ ਖੰਘਾਲੀ ਜਾ ਰਹੀ ਹੈ। ਦਿਨ ਦਿਹਾੜੇ ਹੋਈ ਇਸ ਘਟਨਾ ਕਰਕੇ ਲੋਕਾਂ ਵਿਚ ਡਰ ਪਾਇਆ ਜਾ ਰਿਹਾ ਹੈ।

## ਚੱਲਦੀ ਕਾਰ ’ਚ ਕੁੜੀ ਨੇ ਕਰ ’ਤਾ ਵੱਡਾ ਕਾਂਡ, ਲੁਧਿਆਣਾ ਦੀ ਵਾਇਰਲ ਵੀਡੀਓ ਨੇ ਮਚਾਇਆ ਤਹਿਲਕਾ

ਲੁਧਿਆਣਾ 25 ਜੁਲਾਈ। ਪੰਜਾਬ ਸਰਕਾਰ ਨੇ ਹਥਿਆਰਾਂ ਨੂੰ ਪ੍ਰਮੋਟ ਕਰਨ ਵਾਲਿਆਂ ਖ਼?ਲਾਫ ਕਾਰਵਾਈ ਦੇ ਨਿਰਦੇਸ਼ ਦਿੱਤੇ ਹੋਏ ਹਨ। ਅਜਿਹਾ ਨਹੀਂ ਹੈ ਕਿ ਪੁਲਸ ਨੇ ਅਜਿਹੇ ਲੋਕਾਂ ਖਿਲਾਫ ਕਾਰਵਾਈ ਨਹੀਂ ਕੀਤੀ। ਕਈ ਐੱਫ. ਆਈ. ਆਰ. ਦਰਜ ਕੀਤੀਆਂ ਗਈਆਂ ਹਨ ਪਰ ਫਿਰ ਵੀ ਲੋਕ ਹਥਿਆਰਾਂ ਨੂੰ ਲੈ ਕੇ ਟਸ਼ਨਬਾਜ਼ੀ ਕਰਨ ਤੋਂ ਬਾਜ਼ ਨਹੀਂ ਆ ਰਹੇ। ਹੁਣ ਲੁਧਿਆਣਾ ਦੀ ਇਕ ਵੀਡੀਓ ਵਾਇਰਲ ਹੋਈ ਹੈ, ਜਿਸ ’ਚ ਇਕ ਮਹਿਲਾ ਪਿਸਤੌਲ ਨਾਲ ਚੱਲਦੀ ਕਾਰ ’ਚੋਂ ਬਾਹਰ ਵੱਲ ਇਕ ਤੋਂ ਬਾਅਦ ਇਕ 5 ਹਵਾਈ ਫਾਇਰ ਕਰਦੀ ਹੈ। ਅਜਿਹੇ ’ਚ ਫਾਇਰ ਦੌਰਾਨ ਗੋਲੀ ਕਿਸੇ ਰਾਹਗੀਰ ਨੂੰ ਵੀ ਲੱਗ ਸਕਦੀ ਸੀ ਪਰ ਮਹਿਲਾ ਦੇ ਸਿਰ ’ਤੇ ਟਸ਼ਨਬਾਜ਼ੀ ਦਾ ਫਤੂਰ ਸਵਾਰ ਸੀ, ਜਿਸ ਨੇ ਫਾਇਰਿੰਗ ਦੀ ਵੀਡੀਓ ਨੂੰ ਇੰਸਟਾਗ੍ਰਾਮ ’ਤੇ ਪਾ ਦਿੱਤਾ ਅਤੇ ਉਥੋਂ ਦੀ ਵੀਡੀਓ ਵਾਇਰਲ ਹੋ ਗਈ ਪਰ ਹੈਰਾਨੀ ਵਾਲੀ ਗਲ ਇਹ ਹੈ ਕਿ ਸ਼ਰੇਆਮ ਹਵਾਈ ਫਾਇਰ ਕਰਨ ਤੋਂ ਬਾਅਦ ਵੀ ਪੁਲਸ ਪ੍ਰਸ਼ਾਸਨ ਨੂੰ ਇਸ ਦੀ ਭਿਣਕ ਤੱਕ ਨਹੀਂ ਲੱਗੀ। ਦਰਅਸਲ ਪੰਜਾਬ ’ਚ ਲਗਾਤਾਰ ਨਾਜਾਇਜ਼ ਹਥਿਆਰਾਂ ਨਾਲ ਵਾਰਦਾਤਾਂ ਹੋ ਰਹੀਆਂ ਹਨ। ਲੋਕਾਂ ਦਾ ਹਥਿਆਰਾਂ ਵੱਲ ਰੁਝਾਨ ਵੱਧਣ ਲੱਗਾ ਹੈ। ਹਰ ਜ਼ਿਲੇ ’ਚ ਲਾਇਸੈਂਸੀ ਹਥਿਆਰ ਲੈਣ ਦੀ ਹੋੜ ਲੱਗੀ ਹੋਈ ਹੈ। ਨੌਜਵਾਨ ਹਥਿਆਰਾਂ ਨਾਲ ਆਪਣੀਆਂ ਫੋਟੋਆਂ ਨੂੰ ਪੋਸਟ ਕਰ ਰਹੇ ਹਨ, ਜਦਕਿ ਹੁਣ ਔਰਤਾਂ ਵੀ ਪਿੱਛੇ ਨਹੀਂ ਹਨ। ਇਸ ਵਾਇਰਲ ਵੀਡੀਓ ’ਚ ਇਕ ਕਾਰ ’ਚ ਪੱਗ ਵਾਲਾ ਨੌਜਵਾਨ ਬੈਠਾ ਹੋਇਆ ਅਤੇ ਉਸ ਨਾਲ ਇਕ ਮਹਿਲਾ ਬੈਠੀ ਹੋਈ ਹੈ। ਉਹ ਵਿਅਕਤੀ ਤੋਂ ਉਸ ਦਾ ਪਿਸਤੌਲ ਲੈਂਦੀ ਹੈ ਅਤੇ ਫਿਰ ਚਲਦੀ ਕਾਰ ’ਚੋਂ ਬਾਹਰ ਵੱਲ ਹਵਾਈ ਫਾਇਰ ਕਰਨੇ ਸ਼ੁਰੂ ਕਰ ਦਿੰਦੀ ਹੈ। ਉਸ ਨੇ ਇਕ ਤੋਂ ਬਾਅਦ ਇਕ 5 ਫਾਇਰ ਕੀਤੇ। ਹਾਲਾਂਕਿ ਇਹ ਵੀਡੀਓ ਕਿਸ ਇਲਾਕੇ ਦੀ ਹੈ, ਇਸ ਬਾਰੇ ਅਜੇ ਪਤਾ ਨਹੀਂ ਲੱਗ ਸਕਿਆ ਪਰ ਇਹ ਪਤਾ ਲੱਗਾ ਹੈ ਕਿ ਕਾਰ ’ਚ ਬੈਠਾ ਨੌਜਵਾਨ ਸਰਾਭਾ ਨਗਰ ਦਾ ਰਹਿਣ ਵਾਲਾ ਹੈ ਅਤੇ ਲੜਕੀ ਹੰਬੜਾਂ ਰੋਡ ਦੀ ਰਹਿਣ ਵਾਲੀ ਹੈ।

## ਬਿਜਲੀ ਮੁਲਾਜ਼ਮ ਨੂੰ ਤੇਜ਼ ਰ਼ਫਤਾਰ ਸਕਾਰਪਿਓ ਨੇ ਦਰੜਿਆ, ਹੋਈ ਦਰਦਨਾਕ ਮੌਤ

ਝਬਾਲ 25 ਜੁਲਾਈ। ਝਬਾਲ ਵਿਖੇ ਮੋਟਰਸਾਈਕਲ ’ਤੇ ਡਿਊਟੀ ’ਤੇ ਜਾ ਰਹੇ ਬਿਜਲੀ ਮੁਲਾਜ਼ਮ ਨੂੰ ਰਸਤੇ ਵਿਚ ਇਕ ਤੇਜ਼ ਰਫ਼ਤਾਰ ਸਕਾਰਪਿਓ ਨੇ ਇਹਨੀਂ ਜ਼ੋਰ ਦੀ ਟੱਕਰ ਮਾਰੀ ਕਿ ਬਿਜਲੀ ਮੁਲਾਜ਼ਮ ਦੀ ਮੌਕੇ ’ਤੇ ਹੀ ਮੌਤ ਹੋ ਗਈ। ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਕੁਲਜੀਤ ਸਿੰਘ ਵਾਸੀ ਮੱਲੀਆਂ ਜਿਸ ਦੀ ਝਬਾਲ ਬਿਜਲੀ ਘਰ ਵਿਖੇ ਡਿਊਟੀ ਸੀ ਕਿ ਅੱਜ ਸਵੇਰੇ ਆਪਣੇ ਮੋਟਰਸਾਈਕਲ ’ਤੇ ਆਪਣੇ ਪਿੰਡ ਤੋਂ ਝਬਾਲ ਵਿਖੇ ਡਿਊਟੀ ਲਈ ਆ ਰਿਹਾ ਸੀ ਕਿ ਝਬਾਲ ਨੇੜੇ ਤਰਨਤਾਰਨ ਰੋਡ ਤੋਂ ਸਾਹਮਣੇ ਆ ਰਹੀ ਇਕ ਤੇਜ਼ ਰਫਤਾਰ ਸਕਾਰਪਿਓ ਨੰ ਪੀ ਬੀ 11 ਸੀ ਐਮ 3013 ਨੇ ਜ਼ੋਰਦਾਰ ਨਾਲ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ ਕੁਲਜੀਤ ਸਿੰਘ ਵਾਸੀ ਮੱਲੀਆਂ ਦੀ ਮੌਕੇ ’ਤੇ ਮੌਤ ਹੋ ਗਈ। ਜਦੋਂ ਕਿ ਮੋਟਰਸਾਈਕਲ ਟੁੱਟਕੇ ਦੂਹਰਾ ਹੋ ਗਿਆ। ਘਟਨਾ ਦਾ ਪਤਾ ਚਲਦਿਆਂ ਹੀ ਥਾਣਾ ਝਬਾਲ ਤੋਂ ਪੁਲਸ ਪਾਰਟੀ ਮੌਕੇ ’ਤੇ ਪਹੁੰਚ ਗਈ। ਜਿਨ੍ਹਾਂ ਮਿਰਤਕ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਵਿਦੇਸ਼ੀ ਧਰਤੀ ਨੇ ਖੋਹ ਲਿਆ ਮਾਪਿਆਂ ਦਾ ਇਕਲੌਤਾ ਪੁੱਤ, ਰੋ-ਰੋ ਕੇ ਰੱਖੜੀ ਲੈ ਕੇ ਸ਼ਮਸ਼ਾਨਘਾਟ ਪਹੁੰਚੀਆਂ ਭੈਣਾਂ

ਗੁਰਦਾਸਪੁਰ 25 ਜੁਲਾਈ। ਕਸਬਾ ਕਾਹਨੂੰਵਾਨ ਦੇ ਰਹਿਣ ਵਾਲੇ 24 ਸਾਲਾ ਨੌਜਵਾਨ ਠਾਕੁਰ ਅਭੀਸ਼ੇਕ ਸਿੰਘ ਦੀ ਇੰਗਲੈਂਡ ਵਿੱਚ ਅਚਾਨਕ ਸਿਹਤ ਵਿਗੜਨ ਕਾਰਨ ਮੌਤ ਹੋ ਜਾਣ ਦੀ ਖ਼ਬਰ ਨੇ ਸਾਰੇ ਪਿੰਡ ’ਚ ਸੋਗ ਦੀ ਲਹਿਰ ਦੌੜਾ ਦਿੱਤੀ। ਅਭੀਸ਼ੇਕ ਕਰੀਬ 23 ਮਹੀਨੇ ਪਹਿਲਾਂ ਰੋਜ਼ੀ-ਰੋਟੀ ਕਮਾਉਣ ਅਤੇ ਪਰਿਵਾਰ ਲਈ ਚੰਗਾ ਭਵਿੱਖ ਬਣਾਉਣ ਦੀ ਆਸ ਨਾਲ ਵਰਕ ਪਰਮਿਟ ’ਤੇ ਇੰਗਲੈਂਡ ਗਿਆ ਸੀ। ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਮੌਤ ਤੋਂ ਲਗਭਗ ਇੱਕ ਮਹੀਨੇ ਬਾਅਦ ਅੱਜ ਜਦੋਂ ਉਸ ਦੀ ਮ੍ਰਿਤਕ ਦੇਹ ਪਿੰਡ ਪਹੁੰਚੀ, ਤਾਂ ਪੂਰਾ ਇਲਾਕਾ ਗਮਗੀਨ ਹੋ ਗਿਆ। ਸ਼ਮਸ਼ਾਨਘਾਟ ’ਚ ਅਭੀਸ਼ੇਕ ਦੀ ਭੈਣਾਂ ਵੀ ਰੱਖੜੀ ਲੈ ਕੇ ਆਪਣੇ ਵੀਰ ਨੂੰ ਅਖੀਰਲੀ ਵਾਰ ਮਿਲਣ ਲਈ ਆਈਆਂ। ਇਸ ਦੁਖਦਾਈ ਮੌਕੇ ਪੂਰੇ ਪਰਿਵਾਰ ਅਤੇ ਪਿੰਡ ਵਾਲਿਆਂ ਦਾ ਰੋ-ਰੋ ਕੇ ਬੁਰਾ ਹਾਲ ਸੀ। ਇਹ ਗਮਗੀਨ ਸਮਾਂ ਨਹੀਂ ਦੇਖਿਆ ਜਾ ਸਕਿਆ।

## ਪਿੰਡ ਬੈਂਸ ਅਵਾਨ ਨੇੜੇ ਤੜਕਸਾਰ ਵਾਪਰਿਆ ਦਰਦਨਾਕ ਹਾਦਸਾ ! ਪੁੱਤ ਨੂੰ ਲੈਣ ਜਾ ਰਹੇ ਪਿਓ ਦੀ ਹੋਈ ਮੌਤ

ਟਾਂਡਾ ਉੜਮੜ 25 ਜੁਲਾਈ। ਅੱਜ ਤੜਕਸਾਰ ਟਾਂਡਾ-ਸ਼?ਰੀ ਹਰਗੋਬਿੰਦਪੁਰ ਰੋਡ ’ਤੇ ਪਿੰਡ ਪੁਲ? ਪੁਖਤਾ ਨਜ਼ਦੀਕ ਕਿਸੇ ਵਾਹਨ ਦੀ ਚਪੇਟ ਵਿਚ ਆਉਣ ਕਾਰਨ ਸਕੂਟਰੀ ਸਵਾਰ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਬਲਵਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਪਿੰਡ ਬੈਂਸ ਅਵਾਨ ਵਜੋਂ ਹੋਈ ਹੈ। ਇਹ ਹਾਦਸਾ ਅੱਜ ਸਵੇਰੇ 3 ਵਜੇ ਦੇ ਕਰੀਬ ਵਾਪਰਿਆ। ਦੱਸਿਆ ਜਾ ਰਿਹਾ ਹੈ ਕਿ ਬਲਵਿੰਦਰ ਸਿੰਘ ਆਪਣੇ ਪੁੱਤਰ ਨੂੰ ਲੈਣ ਲਈ ਆਪਣੇ ਪਿੰਡ ਤੋਂ ਜਾਜਾ ਬਾਈਪਾਸ ਜਾ ਰਿਹਾ ਸੀ ਪਰ ਪਿੰਡ ਦੇ ਨੇੜੇ ਹੀ ਇਹ ਭਾਣਾ ਵਾਪਰ ਗਿਆ। ਹਾਦਸੇ ਦੇ ਕਾਰਨਾਂ ਬਾਰੇ ਫਿਲਹਾਲ ਜਾਣਕਾਰੀ ਨਹੀਂ ਮਿਲ ਸਕੀ। ਟਾਂਡਾ ਪੁਲਸ ਦੀ ਟੀਮ ਨੇ ਮੌਕੇ ’ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸਟੱਡੀ ਵੀਜ਼ਾ ’ਤੇ ਵਿਦੇਸ਼ ਗਏ ਨੌਜਵਾਨ ਦੀ ਫ਼ੀਸ ਨਾ ਦੇ ਕੇ 9 ਲੱਖ ਰੁਪਏ ਠੱਗੇ

ਬਠਿੰਡਾ 25 ਜੁਲਾਈ। ਸਿਵਲ ਲਾਈਨ ਪੁਲਸ ਨੇ ਇਕ ਮੁਲਜ਼ਮ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ, ਜਿਸਨੇ ਸਟੱਡੀ ਵੀਜ਼ਾ ’ਤੇ ਵਿਦੇਸ਼ ਗਏ ਨੌਜਵਾਨ ਦੇ ਪਰਿਵਾਰ ਨਾਲ ਫ਼ੀਸ ਨਾ ਦੇ ਕੇ ਠੱਗੀ ਮਾਰੀ। ਬਠਿੰਡਾ ਦੀ ਰਹਿਣ ਵਾਲੀ ਵਨੀਤਾ ਰਾਣੀ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ ਬੁਢਲਾਡਾ ਜ਼ਿਲ੍ਹਾ ਮਾਨਸਾ ਦੇ ਰਹਿਣ ਵਾਲੇ ਮੁਲਜ਼ਮ ਸਤਨਾਮ ਸਿੰਘ ਨਾਲ ਆਪਣੇ ਪੁੱਤਰ ਨੂੰ ਵਿਦੇਸ਼ ਭੇਜਣ ਲਈ ਗੱਲ ਕੀਤੀ ਤਾਂ ਮੁਲਜ਼ਮ ਨੇ ਉਨ੍ਹਾਂ ਤੋਂ 15 ਲੱਖ ਰੁਪਏ ਦੀ ਮੰਗ ਕੀਤੀ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਉਕਤ ਪੈਸੇ ਮੁਲਜ਼ਮ ਨੂੰ ਦਿੱਤੇ, ਜਿਸ ਵਿਚ ਉਸ ਦੀ ਫ਼ੀਸ ਵੀ ਸ਼ਾਮਲ ਸੀ ਪਰ ਮੁਲਜ਼ਮ ਨੇ ਉਸਦੇ ਪੁੱਤਰ ਦੀ ਜੀ.ਆਈ.ਸੀ. ਫ਼ੀਸ 7 ਲੱਖ ਰੁਪਏ ਅਤੇ ਸਮੈਸਟਰ ਫ਼ੀਸ 2 ਲੱਖ ਰੁਪਏ ਨਹੀਂ ਦਿੱਤੀ। ਅਜਿਹਾ ਕਰ ਕੇ ਮੁਲਜ਼ਮ ਨੇ ਉਨ੍ਹਾਂ ਨਾਲ 9 ਲੱਖ ਰੁਪਏ ਦੀ ਠੱਗੀ ਮਾਰੀ ਹੈ। ਸ਼ਿਕਾਇਤ ਦੇ ਆਧਾਰ ’ਤੇ ਪੁਲਸ ਨੇ ਮੁਲਜ਼ਮ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ।

## ਪੰਜਾਬ ’ਚ ਦੇਰ ਰਾਤ ਵੱਡਾ ਐਨਕਾਊਂਟਰ ! ਸੁਪਾਰੀ ਸ਼ੂਟਰ ਅਤੇ ਪੁਲਸ ਵਿਚਾਲੇ ਚੱਲੀਆਂ ਤਾੜ-ਤਾੜ ਗੋਲੀਆਂ

ਕੌਮੀ ਪਤ੍ਰਿਕਾ

ਤਰਨਤਾਰਨ 25 ਜੁਲਾਈ। ਤਰਨਤਾਰਨ ਦੀ ਸੀ. ਆਈ. ਏ. ਸਟਾਫ ਪੁਲਸ ਅਤੇ ਵਿਦੇਸ਼ ’ਚ ਬੈਠੇ ਗੈਂਗਸਟਰ ਲਖਬੀਰ ਸਿੰਘ ਲੰਡਾ, ਸਤਨਾਮ ਸਿੰਘ ਸੱਤਾ ਅਤੇ ਯਾਦਵਿੰਦਰ ਸਿੰਘ ਯਾਦਾ ਦੇ ਗੁਰਗੇ ਵਿਚਕਾਰ ਮੁਕਾਬਲਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ’ਤੇ ਫਾਇਰਿੰਗ ਕਰਨ ਵਾਲਾ ਮੁਲਜ਼ਮ ਪੁਲਸ ਦੀ ਜਵਾਬੀ ਗੋਲੀਬਾਰੀ ’ਚ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤਾ ਗਿਆ ਹੈ। ਇਸ ਦੌਰਾਨ ਪੁਲਸ ਨੇ ਇਕ .32 ਬੋਰ ਪਿਸਤੌਲ ਅਤੇ ਬਿਨਾਂ ਨੰਬਰੀ ਮੋਟਰਸਾਈਕਲ ਬਰਾਮਦ ਕੀਤਾ ਹੈ। ਜਾਣਕਾਰੀ ਦਿੰਦਿਆਂ ਐੱਸ. ਐੱਸ. ਪੀ. ਦੀਪਕ ਪਾਰੀਕ ਨੇ ਦੱਸਿਆ ਕਿ ਸੀ.ਆਈ.ਏ. ਸਟਾਫ ਦੀ ਪੁਲਸ ਨੂੰ ਸੂਚਨਾ ਪ੍ਰਾਪਤ ਹੋਈ ਸੀ ਕਿ ਇਕ ਮੁਲਜ਼ਮ ਜੋ ਵਿਦੇਸ਼ ’ਚ ਬੈਠੇ ਅੱਤਵਾਦੀ ਲਖਬੀਰ ਸਿੰਘ ਲੰਡਾ, ਸਤਨਾਮ ਸਿੰਘ ਸੱਤਾ ਅਤੇ ਯਾਦਵਿੰਦਰ ਸਿੰਘ ਯਾਦਾ ਦੇ ਕਹਿਣ ’ਤੇ ਫਿਰੌਤੀਆਂ ਮੰਗਣ ਦਾ ਕੰਮ ਕਰਦਾ ਹੈ। ਅੱਜ ਇਲਾਕੇ ’ਚ ਘੁੰਮ ਰਿਹਾ ਹੈ। ਉਨ੍ਹਾਂ ਦੱਸਿਆ ਕਿ ਐੱਸ. ਪੀ. ਇਨਵੈਸਟੀਗੇਸ਼ਨ



ਅਜੇ ਰਾਜ ਸਿੰਘ ਦੀ ਅਗਵਾਈ ਵਾਲੀ ਟੀਮ ਜਿਸ ’ਚ ਸੀ. ਆਈ. ਏ. ਸਟਾਫ ਦੇਣ ਚਾਰਜ ਇੰਸਪੈਕਟਰ ਪ੍ਰਭਜੀਤ ਸਿੰਘ, ਥਾਣਾ ਸਦਰ ਮੁਖੀ ਅਵਤਾਰ ਸਿੰਘ ਸੋਨਾ ਤੋਂ ਇਲਾਵਾ ਹੋਰ ਕਰਮਚਾਰੀ ਮੌਜੂਦ ਸਨ, ਵੱਲੋਂ ਜਦੋਂ ਸੂਚਨਾ ਦੇ ਆਧਾਰ ਉੱਪਰ ਪਿੰਡ ਭੁੱਲਰ ਨਹਿਰ ਨਜ਼ਦੀਕ ਨਾਕਾ ਲਗਾਇਆ ਗਿਆ ਤਾਂ ਇਕ ਬਿਨਾਂ ਨੰਬਰੀ ਮੋਟਰਸਾਈਕਲ ਸਵਾਰ ਨੌਜਵਾਨ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ, ਜਿਸ ਨੇ ਪੁਲਸ ਪਾਰਟੀ ’ਤੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਪੁਲਸ ਦੀ ਜਵਾਬੀ ਫਾਇਰਿੰਗ ’ਚ ਮੁਲਜ਼ਮ ਦੀ ਲੱਤ ਉੱਪਰ ਗੋਲ?ੀ ਲੱਗਣ ਨਾਲ ਉਹ ਜ਼ਖਮੀ ਹੋ ਗਿਆ। ਐੱਸ. ਐੱਸ. ਪੀ. ਦੀਪਕ ਪਾਰੀਕ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਗੁਰਲਾਲ ਸਿੰਘ ਪੁੱਤਰ ਸਤਨਾਮ ਸਿੰਘ ਨਿਵਾਸੀ ਪਿੰਡ ਰਾਜੋਕੇ ਵਜੋਂ ਹੋਈ ਹੈ, ਜੋ ਬੀਤੇ ਦਿਨੀਂ ਸੀ. ਆਈ. ਏ. ਸਟਾਫ ਦੀ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਗੁਰਬੀਰ ਸਿੰਘ ਦਾ ਸਾਥੀ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਵੱਲੋਂ ਫਿਰੌਤੀ ਲਈ ਕਈ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਦੀ ਅਗਲੇਰੀ ਪੁੱਛਗਿੱਛ ’ਚ ਕਈ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਤਿੰਨ ਪ੍ਰਮੁੱਖ ਕੈਂਸਰ ਹਸਪਤਾਲਾਂ ’ਚ ਸਟਾਫ਼ ਦੀ ਕਮੀ ਦਾ ਮਨੁੱਖੀ ਅਧਿਕਾਰ ਕਮਿਸ਼ਨ ਨੇ ਲਿਆ ਨੋਟਿਸ

ਚੰਡੀਗੜ੍ਹ 25 ਜੁਲਾਈ। ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੰਜਾਬ ਦੇ ਤਿੰਨ ਪ੍ਰਮੁੱਖ ਕੈਂਸਰ ਹਸਪਤਾਲਾਂ ’ਚ ਸਟਾਫ਼ ਦੀ ਭਾਰੀ ਕਮੀ ਦਾ ਨੋਟਿਸ ਲੈਂਦਿਆਂ ਸਿਹਤ ਵਿਭਾਗ ਨੂੰ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਕਮਿਸ਼ਨ ਦੇ ਚੇਅਰਪਰਸਨ ਜਸਟਿਸ ਸੰਤ ਪ੍ਰਕਾਸ਼ ਅਤੇ ਮੈਂਬਰ ਜਸਟਿਸ ਗੁਰਬੀਰ ਸਿੰਘ ਦੇ ਬੈਂਚ ਨੇ ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਹੈਲਥ ਡਾਇਰੈਕਟਰ ਪੰਜਾਬ ਨੂੰ ਅਗਲੀ ਸੁਣਵਾਈ 3 ਅਕਤੂਬਰ ਤੋਂ ਇੱਕ ਹਫ਼ਤਾ ਪਹਿਲਾਂ ਰਿਪੋਰਟ ਜਮ?ਹਾਂ ਕਰਾਉਣ ਲਈ ਕਿਹਾ ਹੈ। ਇਸ ਨਾਲ ਸਬੰਧਿਤ ਪਹਿਲਾਂ ਹੀ ਸ਼ਿਕਾਇਤ ਨੰਬਰ 6564/0/2024 ’ਚ ਕਮਿਸ਼ਨ ਨੇ ਸਿਹਤ ਵਿਭਾਗ ਨੂੰ ਚਿਤਾਵਨੀ ਦਿੱਤੀ ਸੀ ਪਰ ਡਾਇਰੈਕਟਰ ਹੈਲਥ ਨੇ ਅਜੇ ਤੱਕ ਰਿਪੋਰਟ ਜਮ?ਹਾਂ ਨਹੀਂ ਕਰਵਾਈ। ਕਮਿਸ਼ਨ ਨੇ ਸਪੱਸ਼ਟ ਕੀਤਾ ਕਿ ਜੇ ਸਿਹਤ ਵਿਭਾਗ ਰਿਪੋਰਟ ਪੇਸ਼ ਕਰਨ ’ਚ ਅਸਫ਼ਲ ਰਿਹਾ ਤਾਂ ਹਿਊਮਨ ਰਾਈਟਸ ਐਕਟ ਦੀ ਧਾਰਾ 16 ਅਧੀਨ ਕਾਰਵਾਈ ਕੀਤੀ ਜਾਵੇਗੀ। ਇਸ ਮਾਮਲੇ ਨੂੰ 3 ਅਕਤੂਬਰ ਨੂੰ ਸੁਣਵਾਈ ਲਈ ਸੂਚੀਬੱਧ ਕੀਤਾ ਗਿਆ ਹੈ। ਸਿਹਤ ਵਿਭਾਗ ਨੂੰ 3 ਅਕਤੂਬਰ ਤੋਂ ਪਹਿਲਾਂ ਰਿਪੋਰਟ ਦੇਣੀ ਹੋਵੇਗੀ ਨਹੀਂ ਤਾਂ ਕਮਿਸ਼ਨ ਕਾਨੂੰਨੀ ਕਾਰਵਾਈ ਕਰੇਗਾ। ਪੰਜਾਬ ਦੇ ਤਿੰਨ ਪ੍ਰਮੁੱਖ ਕੈਂਸਰ ਹਸਪਤਾਲਾਂ ’ਚ ਡਾਕਟਰਾਂ, ਨਰਸਾਂ ਤੇ ਪੈਰਾਮੈਡੀਕਲ ਸਟਾਫ ਦੀ ਭਾਰੀ ਕਮੀ ਕਾਰਨ ਮਰੀਜ਼ਾਂ ਨੂੰ ਇਲਾਜ ’ਚ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਹਿਮਾਚਲ ਪੁਲਸ ਨੇ ਚੁੱਕ ਲਏ 2 ਪੰਜਾਬੀ ! ਪੰਜਾਬ ਦੇ ਇਨ੍ਹਾਂ ਜ਼ਿਲ੍ਹਿਆਂ ਨਾਲ ਸਬੰਧਤ ਹਨ ਦੋਵੇਂ ਨੌਜਵਾਨ

ਨੈਸ਼ਨਲ ਡੈਸਕ 25 ਜੁਲਾਈ। ਚੰਬਾ ਜ਼ਿਲ੍ਹੇ ਦੇ ਭਟੀਆਟ ਇਲਾਕੇ ’ਚ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਪੁਲਸ ਨੂੰ ਇੱਕ ਹੋਰ ਵੱਡੀ ਸਫਲਤਾ ਮਿਲੀ ਹੈ। ਬੁੱਧਵਾਰ ਦੇਰ ਰਾਤ ਸਿਹੁੰਟਾ ਪੁਲਸ ਦੀ ਗਸ਼ਤ ਦੌਰਾਨ ਟਿਆਲਾ ਨੇੜੇ ਥੁਲੇਲ ਪੁਲ ’ਤੇ ਦੋ ਨੌਜਵਾਨਾਂ ਨੂੰ ਫੜਿਆ ਗਿਆ, ਜਿਨ੍ਹਾਂ ਤੋਂ 7.17 ਗ੍ਰਾਮ ਚਿੱਟਾ (ਹੈਰੋਇਨ) ਬਰਾਮਦ ਕੀਤੀ ਗਈ। ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ਦੀ ਪਛਾਣ ਰਾਹੁਲ ਮਸੀਹ (19) ਪੁੱਤਰ ਸੁਰਜੀਤ ਮਸੀਹ, ਵਾਸੀ ਗੁਰਦਾਸਪੁਰ ਤੇ ਦਿਲਬਾਗ ਸਿੰਘ (30) ਪੁੱਤਰ ਬਾਊ ਵਾਸੀ ਬਟਾਲਾ (ਪੰਜਾਬ) ਵਜੋਂ ਹੋਈ ਹੈ। ਦੋਵੇਂ ਨੌਜਵਾਨ ਸ਼ੱਕੀ ਹਾਲਤ ਵਿੱਚ ਘੁੰਮਦੇ ਪਾਏ ਗਏ, ਜਿਸ ਤੋਂ ਬਾਅਦ ਪੁਲਸ ਨੇ ਉਨ੍ਹਾਂ ਦੀ ਤਲਾਸ਼ੀ ਲਈ। ਤਲਾਸ਼ੀ ਦੌਰਾਨ ਉਨ੍ਹਾਂ ਦੇ ਕਬਜ਼ੇ ਵਿੱਚੋਂ ਚਿੱਟਾ ਬਰਾਮਦ ਹੋਇਆ। ਪੁਲਸ ਨੇ ਤੁਰੰਤ ਦੋਵਾਂ ਮੁਲਜ਼ਮਾਂ ਨੂੰ ਮੌਕੇ ’ਤੇ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ ਖ਼?ਲਾਫ਼ ਨਾਰਕੋਟਿਕ ਡਰੱਗਜ਼ ਐਕਟ ਤਹਿਤ ਮਾਮਲਾ ਦਰਜ ਕਰ ਲਿਆ। ਮਾਮਲੇ ਦੀ ਜਾਂਚ ਪੁਲਿਸ ਚੌਕੀ ਹਟਲੀ ਦੇ ਏਐਸਆਈ ਪੰਕਜ ਕੁਮਾਰ ਕਰ ਰਹੇ ਹਨ। ਜ਼ਿਲ੍ਹਾ ਪੁਲਸ ਸੁਪਰਡੈਂਟ (ਐਸਪੀ) ਅਭਿਸ਼ੇਕ ਯਾਦਵ ਨੇ ਇਸ ਕਾਰਵਾਈ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਨਸ਼ਿਆਂ ਵਿਰੁੱਧ ਸਖ਼ਤ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਕੋਈ ਵੀ ਢਿੱਲ ਨਹੀਂ ਵਰਤੀ ਜਾਵੇਗੀ।

## ਪੰਜਾਬ ਦੇ ਇਸ ਪਿੰਡ ਵਿਚ ਫੈਲੀ ਬਿਮਾਰੀ, 1 ਦੀ ਮੌਤ, ਦਰਜਨਾਂ ਲੋਕ ਬਿਮਾਰ

ਕੌਮੀ ਪਤ੍ਰਿਕਾ

ਬਨੂੜ 25 ਜੁਲਾਈ। ਨੇੜਲੇ ਪਿੰਡ ਚੰਗੇਰਾ ’ਚ ਫੈਲੇ ਡਾਇਰੀਆ ਕਾਰਨ ਇਕ 65 ਸਾਲਾ ਵਿਅਕਤੀ ਦੀ ਮੌਤ ਹੋ ਜਾਣ ਅਤੇ ਹੋਰ ਦਰਜਨ ਦੇ ਕਰੀਬ ਵਿਅਕਤੀ ਪੀੜਤ ਹਨ, ਜੋ ਕਿ ਆਪਣਾ ਨਿੱਜੀ ਹਸਪਤਾਲਾਂ ’ਚੋਂ ਇਲਾਜ ਕਰਵਾ ਰਹੇ ਹਨ। ਮ੍ਰਿਤਕ ਸਰਵਣ ਸਿੰਘ ਦੇ ਸਪੁੱਤਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਪਿੰਡ ’ਚ ਤਕਰੀਬਨ ਇਕ ਮਹੀਨਾ ਪਹਿਲਾਂ ਪਿੰਡ ਵਾਸੀਆਂ ਨੂੰ ਪਾਣੀ ਦੀ ਸਪਲਾਈ ਦੇਣ ਲਈ ਨਵੀਂ ਪਾਈਪਲਾਈਨ ਪਾਈ ਗਈ ਸੀ, ਜੋ ਕਿ ਕਈ ਥਾਵਾਂ ਲੀਕ ਹੋਣ ਕਾਰਨ ਪਿਛਲੇ 15 ਦਿਨਾਂ ਤੋਂ ਪਿੰਡ ’ਚ ਗੰਦਾ ਪਾਣੀ ਆ ਰਿਹਾ ਸੀ। ਇਸ ਕਾਰਨ ਉਹ, ਪਿਤਾ ਸਰਵਣ ਸਿੰਘ ਅਤੇ ਹੋਰ 4 ਪਰਿਵਾਰਕ ਮੈਂਬਰ ਬਿਮਾਰ ਹੋ ਗਏ। ਦੋ ਦਿਨ ਪਹਿਲਾਂ ਉਸ ਦੇ ਪਿਤਾ ਦੀ ਤਬੀਅਤ ਅਚਾਨਕ ਖਰਾਬ ਹੋਣ ’ਤੇ ਚੰਡੀਗੜ੍ਹ ਦੇ ਸੈਕਟਰ 32 ਸਥਿਤ ਹਸਪਤਾਲ ’ਚ ਇਲਾਜ ਦੌਰਾਨ ਬੀਤੀ ਰਾਤ ਉਨ੍ਹਾਂ ਦੀ ਮੌਤ ਹੋ ਗਈ। ਪਰਿਵਾਰ ਦੇ ਹੋਰ 4 ਮੈਂਬਰ ਨਿੱਜੀ ਡਾਕਟਰਾਂ ਕੋਲੋਂ ਇਲਾਜ ਕਰਵਾ ਰਹੇ ਹਨ। ਇਸੇ ਤਰ੍ਹਾਂ ਨਿੱਜੀ ਹਸਪਤਾਲ ਦੇ ਆਈ. ਸੀ. ਯੂ. ਵਿਚ ਦਾਖਲ ਗੁਰਪਾਲ ਸਿੰਘ ਦੇ ਪੁੱਤਰ ਸਨਦੀਪ ਸਿੰਘ ਨੇ ਦੱਸਿਆ ਕਿ



ਪਿੰਡ ’ਚ ਗੰਦੇ ਪਾਣੀ ਦੀ ਸਪਲਾਈ ਕਾਰਨ ਦਰਜਨ ਦੇ ਕਰੀਬ ਵਸਨੀਕ ਪੀੜਤ ਹਨ। ਉਸ ਦੇ ਪਰਿਵਾਰ ਦੇ 7 ਮੈਂਬਰ ਪੀੜਤ ਸਨ, ਜਿਨਾਂ ’ਚੋਂ ਬਾਕੀਆਂ ਦੀ ਹਾਲਤ ਠੀਕ ਹੈ ਪਰ ਪਿਤਾ ਦੀ ਹਾਲਤ ਖਰਾਬ ਹੋਣ ਕਾਰਨ ਉਨ੍ਹਾਂ ਨੂੰ ਇਲਾਜ ਲਈ ਨਿੱਜੀ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਇਸ ਮਾਮਲੇ ਬਾਰੇ ਜਦੋਂ ਪਿੰਡ ਦੇ ਸਰਪੰਚ ਹਰਮਿੰਦਰ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਗੰਦੇ ਪਾਣੀ ਦੀ ਸਪਲਾਈ ਵਾਲਾ ਮਾਮਲਾ ਬੀਤੇ ਦਿਨ ਹੀ ਉਨ੍ਹਾਂ ਦੇ ਧਿਆਨ ’ਚ ਆਇਆ ਹੈ। ਇਸ ਸਬੰਧੀ ਵਿਭਾਗ ਦੇ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਜਦੋਂ ਜਲ ਸਪਲਾਈ ਵਿਭਾਗ ਦੇ ਅਧਿਕਾਰੀ ਨਵਜੋਤ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਪਿਛਲੇ ਮਹੀਨੇ ਹੀ ਪਿੰਡ ਚੰਗੇਰਾ ’ਚ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਨਵੀਂ ਪਾਈਪਲਾਈਨ ਪਾਈ ਗਈ ਸੀ। ਇਸ ਦੇ ਲੀਕ ਹੋਣ ਬਾਰੇ ਅਤੇ ਗੰਦੇ ਪਾਣੀ ਦੀ ਪਿੰਡ ਵਾਸੀਆਂ ਨੂੰ ਸਪਲਾਈ ਹੋਣ ਬਾਰੇ ਉਹਨਾਂ ਨੂੰ ਬੀਤੀ ਸ਼ਾਮ ਪਤਾ ਲੱਗਾ ਹੈ। ਟੀਮ ਭੇਜ ਕੇ ਪਾਈ ਲਾਈਨ ਨੂੰ ਚੈੱਕ ਕੀਤਾ ਜਾ ਰਿਹਾ ਹੈ, ਜਿਸ ਥਾਂ ਵੀ ਲੀਕ ਪਾਇਆ ਗਿਆ, ਉਸ ਨੂੰ ਅੱਜ ਸ਼ਾਮ ਤੱਕ ਠੀਕ ਕਰ ਦਿੱਤਾ ਜਾਵੇਗਾ।

## ਉੱਚ ਪੱਧਰੀ ਮੀਟਿੰਗ ਤੋਂ ਪਹਿਲਾਂ ਰੂਸ ਨੇ ਕੀਵ ’ਤੇ ਕਰ ’ਤਾ ਭਿਆਨਕ ਹਵਾਈ ਹਮਲਾ

ਕੀਵ 25 ਜੁਲਾਈ। ਰੂਸ ਨੇ ਯੂਕ੍ਰੇਨੀ ਸ਼ਹਿਰਾਂ ’ਤੇ ਆਪਣੇ ਲੰਬੀ ਦੂਰੀ ਦੇ ਹਮਲੇ ਤੇਜ਼ ਕਰ ਦਿੱਤੇ ਹਨ। ਰੂਸ ਨੇ ਯੂਕ੍ਰੇਨ ’ਤੇ ਭਿਆਨਕ ਹਵਾਈ ਹਮਲਾ ਕੀਤਾ ਹੈ, ਜੋ ਕਿ ਹਾਲ ਹੀ ਦੇ ਮਹੀਨਿਆਂ ਵਿੱਚ ਸਭ ਤੋਂ ਵੱਡੇ ਹਵਾਈ ਹਮਲਿਆਂ ਵਿੱਚੋਂ ਇੱਕ ਹੈ। ਇਹ ਹਮਲਾ ਬ੍ਰਿਟੇਨ ਅਤੇ ਜਰਮਨੀ ਦੁਆਰਾ ਯੂਕ੍ਰੇਨ ਨੂੰ ਹਥਿਆਰ ਪ੍ਰਦਾਨ ਕਰਨ ਲਈ ਨਾਟੋ ਸਹਿਯੋਗੀਆਂ ਦੀਆਂ ਯੋਜਨਾਵਾਂ ’ਤੇ ਚਰਚਾ ਕਰਨ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੀਟਿੰਗ ਦੀ ਪ੍ਰਧਾਨਗੀ ਤੋਂ ਕੁਝ ਘੰਟੇ ਪਹਿਲਾਂ ਹੋਇਆ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ ਕਿ ਹਮਲੇ ਵਿੱਚ ਦੋ ਲੋਕ ਮਾਰੇ ਗਏ ਅਤੇ 15 ਜ਼ਖਮੀ ਹੋਏ, ਜਿਨ੍ਹਾਂ ਵਿੱਚ ਇੱਕ 12 ਸਾਲ ਦਾ ਬੱਚਾ ਵੀ ਸ਼ਾਮਲ ਹੈ। ਕੀਵ ’ਤੇ ਡਰੋਨ ਅਤੇ ਮਿਜ਼ਾਈਲ ਹਮਲੇ ਨੇ ਯੂਕ੍ਰੇਨ ਲਈ ਹੋਰ ਪੱਛਮੀ ਫੌਜੀ ਸਹਾਇਤਾ ਦੀ ਜ਼ਰੂਰਤ ਨੂੰ ਉਜਾਗਰ ਕੀਤਾ ਹੈ, ਖਾਸ ਕਰਕੇ ਹਵਾਈ ਰੱਖਿਆ ਵਿੱਚ। ਵੈਸੇ, ਇੱਕ ਹਫ਼ਤਾ ਪਹਿਲਾਂ ਟਰੰਪ ਨੇ ਕਿਹਾ ਸੀ ਕਿ ਕੁਝ ਦਿਨਾਂ ਵਿੱਚ ਸਹਾਇਤਾ ਯੂਕ੍ਰੇਨ ਤੱਕ ਪਹੁੰਚ ਜਾਵੇਗੀ। ਇਸ ਡਿਜੀਟਲ ਮੀਟਿੰਗ ਦੀ ਅਗਵਾਈ ਬ੍ਰਿਟਿਸ਼ ਰੱਖਿਆ ਮੰਤਰੀ ਜੌਨ ਹੀਲੀ ਅਤੇ ਉਨ੍ਹਾਂ ਦੇ ਜਰਮਨ ਹਮਰੁਤਬਾ ਬੋਰਿਸ ਪਿਸਟੋਰੀਅਸ ਕਰਨਗੇ। ਹੀਲੀ ਨੇ ਦੱਸਿਆ ਕਿ ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਅਤੇ ਨਾਟੋ ਨੇਤਾ ਮਾਰਕ ਰੂਟ ਅਤੇ ਨਾਲ ਹੀ ਯੂਰਪ ਦੇ ਸੁਪਰੀਮ ਸਹਿਯੋਗੀ ਕਮਾਂਡਰ ਜਨਰਲ ਅਲੈਕਸਿਸ ਗ੍ਰਿੰਕੇਵਿਚ, ਇਸ ਯੂਕ੍ਰੇਨ ਰੱਖਿਆ ਸੰਪਰਕ ਸਮੂਹ ਦੀ ਮੀਟਿੰਗ ਵਿੱਚ ਸ਼ਾਮਲ ਹੋਣਗੇ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਰੂਸੀ ਡਰੋਨ ਉਤਪਾਦਨ ਵਧਣ ਨਾਲ ਹਮਲੇ ਤੇਜ਼ ਹੋਣ ਦੀ ਸੰਭਾਵਨਾ ਹੈ।

## ਮਹਿਤਪੁਰ ਪੁਲਸ ਵੱਲੋਂ ਮੋਟਰਸਾਈਕਲ ਚੋਰ ਗਿਰੋਹ ਕਾਬੂ, 4 ਮੋਟਰਸਾਈਕਲ ਬਰਾਮਦ

ਕੌਮੀ ਪਤ੍ਰਿਕਾ

ਮਹਿਤਪੁਰ 25 ਜੁਲਾਈ। ਸਬ ਤਹਿਸੀਲ ਮਹਿਤਪੁਰ ਵਿਖੇ ਇੰਸਪੈਕਟਰ ਬਲਬੀਰ ਸਿੰਘ ਮੁੱਖ ਅਫ਼ਸਰ ਦੀ ਪੁਲਸ ਪਾਰਟੀ ਵੱਲੋਂ ਮੋਟਰਸਾਈਕਲ ਚੋਰੀ ਕਰਨ ਵਾਲੇ 4 ਮੈਂਬਰੀ ਗਿਰੋਹ ਨੂੰ ਕਾਬੂ ਕਰਕੇ ਚੋਰੀ ਦੇ 4 ਮੋਟਰਸਾਈਕਲ ਬਰਾਮਦ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਡੀ. ਐੱਸ. ਪੀ. ਉਂਕਾਰ ਸਿੰਘ ਬਰਾੜ ਉੱਪ ਪੁਲਸ ਕਪਤਾਨ ਸਬ-ਡਿਵੀਜ਼ਨ ਸ਼ਾਹਕੋਟ ਦੀ ਅਗਵਾਈ ਹੇਠ ਇੰਸਪੈਕਟਰ ਬਲਬੀਰ ਸਿੰਘ ਮੁੱਖ ਅਫ਼ਸਰ ਥਾਣਾ ਮਹਿਤਪੁਰ ਦੀ ਟੀਮ ਐੱਸ. ਆਈ. ਕਸ਼ਮੀਰ ਸਿੰਘ ਸਮੇਤ ਪੁਲਸ ਪਾਰਟੀ ਪੁਲੀ ਇਸਮਾਇਲਪੁਰ ਰੋਡ ਮਹਿਤਪੁਰ ’ਤੇ ਮੌਜੂਦ ਸੀ ਤਾਂ ਇਕ ਦੇਸ਼ ਸੇਵਕ ਨੇ ਪੁਲਸ ਪਾਰਟੀ ਕੋਲ ਆ ਕੇ ਇਤਲਾਹ ਦਿੱਤੀ ਕਿ ਰਾਜੇਸ਼ ਕੁਮਾਰ ਪੁੱਤਰ ਮੋਹਣ ਲਾਲ, ਵਿਸ਼ਾਲ ਪੁੱਤਰ ਅਸ਼ੋਕ ਕੁਮਾਰ, ਨਿਤਿਨ ਪੁੱਤਰ ਮੰਗਾ ਰਾਮ, ਚਰਨਜੀਤ ਸਿੰਘ ਪੁੱਤਰ ਪਾਲ ਸਿੰਘ ਵਾਸੀਆਨ ਕੋਟ ਬਾਦਲ ਖਾਨ ਥਾਣਾ ਨੂਰਮਹਿਲ ਜ਼ਿਲ੍ਹਾ ਜਲੰਧਰ ਨੇ ਵਿਸ਼ਾਲ ਪੁੱਤਰ ਜਗਜੀਤ ਕੁਮਾਰ ਵਾਸੀ ਗੋਰਸੀਆ ਪੀਰ



ਥਾਣਾ ਨੂਰਮਹਿਲ ਜ਼ਿਲਾ ਜਲੰਧਰ ਨਾਲ ਰਲ ਕੇ ਇਕ ਗੈਂਗ ਬਣਾਇਆ ਹੋਇਆ ਹੈ, ਜੋ ਇਹ ਸਾਰੇ ਰਲ ਕੇ ਥਾਣਾ ਮਹਿਤਪੁਰ ਤੇ ਹੋਰ ਥਾਣਿਆਂ ਦੇ ਏਰੀਏ ਵਿਚ ਚੋਰੀਆਂ, ਲੁੱਟ-ਖੋਹ ਦੀਆਂ ਵਾਰਦਾਤਾਂ ਤੇ ਮੋਟਰਸਾਈਕਲਾਂ ਨੂੰ ਤੇਜ਼ਧਾਰ ਹਥਿਆਰਾਂ ਦੀ ਨੋਕ ’ਤੇ ਲੁੱਟਣ ਦਾ ਧੰਦਾ ਕਰਦੇ ਹਨ ਤੇ ਖੋਹੇ ਮੋਟਰਸਾਈਕਲ ਸਸਤੇ ਭਾਅ ਵਿਚ ਨਸ਼ੇ ਦੀ ਪੂਰਤੀ ਲਈ ਵੇਚਦੇ ਹਨ, ਜੋ ਰਾਜੇਸ਼ ਕੁਮਾਰ ਪੁੱਤਰ ਮੋਹਣ ਲਾਲ, ਵਿਸ਼ਾਲ ਪੁੱਤਰ ਅਸ਼ੋਕ ਕੁਮਾਰ, ਨਿਤਿਨ ਪੁੱਤਰ ਮੰਗਾ ਰਾਮ, ਚਰਨਜੀਤ ਸਿੰਘ ਪੁੱਤਰ ਪਾਲ ਸਿੰਘ ਵਾਸੀਆਨ ਕੋਟ ਬਾਦਲ ਖਾਂ ਥਾਣਾ ਨੂਰਮਹਿਲ ਜ਼ਿਲਾ ਜਲੰਧਰ ਚੋਰੀ ਕੀਤੇ ਚਾਰ ਮੋਟਰਸਾਈਕਲਾਂ ’ਤੇ ਜਿਨ੍ਹਾਂ ਦਾ ਇਕ ਮੋਟਰਸਾਈਕਲ ਮਾਰਕਾ ਹੀਰੋ ਹਾਂਡਾ ਸਪਲੈਂਡਰ ਪਲੱਸ ਰੰਗ ਕਾਲਾ ਬਿਨਾਂ ਨੰਬਰੀ, ਇਕ ਮੋਟਰਸਾਈਕਲ ਮਾਰਕਾ ਹੀਰੋ ਸਪਲੈਂਡਰ ਰੰਗ ਕਾਲਾ ਬਿਨਾਂ ਨੰਬਰੀ, ਇਕ ਮੋਟਰ ਸਾਈਕਲ ਮਾਰਕਾ ਬਜਾਜ ਸੀ. ਟੀ.-100 ਰੰਗ ਕਾਲਾ ਬਿਨਾਂ ਨੰਬਰੀ ਅਤੇ ਇਕ ਮੋਟਰਸਾਈਕਲ ਮਾਰਕਾ ਹਾਂਡਾ ਡਰੀਮ ਰੰਗ ਲਾਲ ਬਿਨਾਂ ਨੰਬਰੀ ’ਤੇ ਸਵਾਰ ਹੋ ਕੇ ਇਸਮਾਇਲਪੁਰ ਰੋਡ ’ਤੇ ਪੁਰਾਣੀ ਖੰਡਰ ਇਮਾਰਤ ਕੋਲ ਗਾਹਕ ਦੀ ਉਡੀਕ ਲਈ ਖੜ੍ਹੇ ਹਨ, ਜੇਕਰ ਹੁਣੇ ਹੀ ਰੇਡ ਕੀਤੀ ਜਾਵੇ ਤਾਂ ਉਕਤ ਸਾਰੇ ਮੁਲਜ਼ਮ ਤੇਜ਼ਧਾਰ ਹਥਿਆਰਾਂ ਦੀ ਨੋਕ ’ਤੇ ਖੋਹ ਕੀਤੇ ਮੋਟਰ ਸਾਈਕਲਾਂ ਸਮੇਤ ਕਾਬੂ ਆ ਸਕਦੇ ਹਨ, ਜਿਸ ’ਤੇ ਮੌਕਾ ’ਤੇ ਰੇਡ ਕਰ ਕੇ ਕਾਬੂ ਕਰ ਕੇ ਚੋਰ ਗਿਰੋਹ ਦੇ 4 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਤੇ ਇਨ੍ਹਾਂ ਕੋਲ ਚੋਰੀ ਦੇ 04 ਮੋਟਰਸਾਈਕਲ ਬਰਾਮਦ ਕਰ ਕੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਹੈ। ਇਨ੍ਹਾਂ ਨੂੰ ਪੇਸ਼ ਅਦਾਲਤ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਵਿਅਕਤੀ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ 'ਤੇ 5 ਵਿਰੁੱਧ ਪਰਚਾ ਦਰਜ

**ਕੌਮੀ ਪਤ੍ਰਿਕਾ**

ਕਪੂਰਥਲਾ 25 ਜੁਲਾਈ। ਵਿਅਕਤੀ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਮਾਮਲੇ 'ਚ ਥਾਣਾ ਸਦਰ ਕਪੂਰਥਲਾ ਦੀ ਪੁਲਸ ਨੇ ਮ੍ਰਿਤਕ ਦੀ ਪਤਨੀ ਅਤੇ ਸੱਸ ਸਮੇਤ 5 ਮੁਲਜ਼ਮਾਂ ਖ਼?ਲਾਫ਼



ਮਾਮਲਾ ਦਰਜ ਕੀਤਾ ਹੈ। ਫਿਲਹਾਲ ਮਾਮਲੇ 'ਚ ਨਾਮਜ਼ਦ ਕਿਸੇ ਵੀ ਮੁਲਜ਼ਮ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਸੁਰਿੰਦਰ ਕੌਰ ਪਤਨੀ ਸੁਰਜੀਤ ਸਿੰਘ ਵਾਸੀ ਪਿੰਡ ਧਾਲੀਵਾਲ ਦੋਨਾ, ਥਾਣਾ ਸਦਰ ਕਪੂਰਥਲਾ ਨੇ ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ 'ਚ ਦੱਸਿਆ ਸੀ ਕਿ ਮੇਰੇ ਲੜਕੇ ਅਜੈ ਕੁਮਾਰ ਦਾ ਵਿਆਹ ਲਗਭਗ 12 ਸਾਲ ਪਹਿਲਾਂ ਸੰਦੀਪ ਕੌਰ ਉਰਫ਼ ਮਨਦੀਪ ਕੌਰ ਪੁੱਤਰੀ ਦੇਬਾ ਵਾਸੀ ਭੁਲਾਣਾ ਥਾਣਾ ਸਦਰ ਕਪੂਰਥਲਾ ਨਾਲ ਹੋਈ ਸੀ। ਉਸ ਦੇ ਬੇਟੇ ਦੇ 2 ਬੱਚੇ ਹਨ। ਮੇਰਾ ਬੇਟਾ ਆਪਣੇ ਤੇ ਆਪਣੇ ਪਰਿਵਾਰ ਦੇ ਬਿਹਤਰ ਭਵਿੱਖ ਲਈ ਦੁਬਈ ਚਲਾ ਗਿਆ ਸੀ। ਜਿੱਥੇ ਉਹ ਕਾਫ਼ੀ ਸਮਾਂ ਕੰਮ ਕਰਦਾ ਰਿਹਾ ਅਤੇ ਸਖ਼ਤ ਮਿਹਨਤ ਕਰਨ ਤੋਂ ਬਾਅਦ ਉਸ ਨੇ ਆਪਣੀ ਪਤਨੀ ਸੰਦੀਪ ਕੌਰ ਉਰਫ਼ ਮਨਦੀਪ ਕੌਰ ਨੂੰ ਪੈਸੇ ਭੇਜੇ ਪਰ ਸੰਦੀਪ ਕੌਰ ਉਰਫ਼ ਮਨਦੀਪ ਕੌਰ ਮੇਰੇ ਪੁੱਤਰ ਵੱਲੋਂ ਵਿਦੇਸ਼ ਤੋਂ ਭੇਜੇ ਗਏ ਪੈਸਿਆਂ ਨਾਲ ਐਸ਼ ਕਰਦੀ ਰਹੀ ਤੇ ਉਸਦੇ ਨਾਜਾਇਜ਼ ਸਬੰਧ ਸੁਖਵਿੰਦਰ ਸਿੰਘ ਉਰਫ਼ ਨਿੱਕਾ ਪੁੱਤਰ ਮਲਕੀਅਤ ਸਿੰਘ ਉਰਫ਼ ਬਿੱਟੂ ਵਾਸੀ ਧਾਲੀਵਾਲ ਦੋਨਾ, ਕਪੂਰਥਲਾ ਨਾਲ ਸਨ। ਸੁਰਿੰਦਰ ਕੌਰ ਨੇ ਕਿਹਾ ਕਿ ਜਦੋਂ ਮੇਰਾ ਪੁੱਤਰ ਵਾਪਸ ਆਇਆ ਤਾਂ ਉਸਨੇ ਆਪਣੀ ਪਤਨੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸਦੀ ਪਤਨੀ ਜਾਨੀ ਮਾਲੀ ਨੁਕਸਾਨ ਕਰਨ ਦੀਆਂ ਧਮਕੀਆਂ ਦੇ ਕੇ ਆਪਣੇ ਫਰੈਂਡ ਸੁਖਵਿੰਦਰ ਸਿੰਘ ਉਰਫ਼ ਨਿੱਕਾ ਪੁੱਤਰ ਮਲਕੀਅਤ ਸਿੰਘ ਉਰਫ਼ ਬਿੱਟੂ ਵਾਸੀ ਧਾਲੀਵਾਲ ਦੋਨਾ ਕਪੂਰਥਲਾ ਨਾਲ ਰਹਿਣ ਲੱਗ ਪਈ। ਉਸ ਦੇ ਬੇਟੇ ਨੇ ਆਪਣੀ ਪਤਨੀ ਮਨਦੀਪ ਕੌਰ ਨੂੰ ਘਰ ਲਿਆਉਣ ਲਈ ਸੁਖਵਿੰਦਰ ਸਿੰਘ ਉਰਫ਼ ਨਿੱਕਾ ਪੁੱਤਰ ਮਲਕੀਅਤ ਸਿੰਘ ਅਤੇ ਉਸ ਦੀ ਮਾਤਾ ਦੀਸ਼ੂ ਵਾਸੀ ਧਾਲੀਵਾਲ ਦੋਨਾ ਕੋਲ ਜਾ ਕੇ ਕਈ ਵਾਰ ਬੇਨਤੀ ਕੀਤੀ ਕਿ ਉਹ ਸੰਦੀਪ ਕੌਰ ਉਰਫ਼ ਮਨਦੀਪ ਕੌਰ ਅਤੇ ਸੁਖਵਿੰਦਰ ਸਿੰਘ ਨੂੰ ਸਮਝਾਉਣ ਤਾਂ ਜੋ ਮੇਰਾ ਘਰ ਬਰਬਾਦ ਨਾ ਹੋਵੇ ਪਰ ਸੁਖਵਿੰਦਰ ਸਿੰਘ ਦੇ ਮਾਪਿਆਂ ਨੇ ਵੀ ਆਪਣੇ ਪੁੱਤਰ ਦਾ ਸਾਥ ਦਿੱਤਾ ਅਤੇ ਇਸ ਦੇ ਉਲਟ ਮਨਦੀਪ ਕੌਰ, ਉਸ ਦੇ ਪ੍ਰੇਮੀ ਸੁਖਵਿੰਦਰ ਸਿੰਘ ਉਰਫ਼ ਨਿੱਕਾ, ਸੁਖਵਿੰਦਰ ਸਿੰਘ ਦੇ ਮਾਪਿਆਂ ਅਤੇ ਸੁਖਵਿੰਦਰ ਸਿੰਘ ਦੇ ਮਾਮੇ ਦੇ ਬੇਟੇ ਜਿੰਦਰ ਵਾਸੀ ਨੀਵੀਆਂ ਮੱਲ੍ਹੀਆਂ ਥਾਣਾ ਸਦਰ ਨਕੋਦਰ ਜ਼ਿਲਾ ਜਲੰਧਰ ਮੇਰੇ ਲੜਕੇ ਅਜੈ ਕੁਮਾਰ ਨੂੰ ਧਮਕੀਆਂ ਦਿੰਦੇ ਰਹੇ। ਇਸ ਤੋਂ ਤੰਗ ਆ ਕੇ ਮੇਰੇ ਲੜਕੇ ਅਜੈ ਕੁਮਾਰ ਨੇ ਬੀਤੀ ਰਾਤ ਪਿੰਡ ਧਾਲੀਵਾਲ ਦੋਨਾਂ ਦੇ ਸ਼ਮਸ਼ਾਨਘਾਟ ਦੇ ਮੁੱਖ ਗੇਟ ਨਾਲ ਕੱਪੜਾ ਬੰਨ੍ਹ ਕੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਸੁਰਿੰਦਰ ਕੌਰ ਦੀ ਸ਼ਿਕਾਇਤ 'ਤੇ ਥਾਣਾ ਸਦਰ ਕਪੂਰਥਲਾ ਦੀ ਪੁਲਸ ਨੇ ਸੰਦੀਪ ਕੌਰ ਉਰਫ਼ ਮਨਦੀਪ ਕੌਰ, ਸੁਖਵਿੰਦਰ ਸਿੰਘ ਉਰਫ਼ ਨਿੱਕਾ, ਮਲਕੀਅਤ ਸਿੰਘ ਪੁੱਤਰ ਪ੍ਰਕਾਸ਼ ਸਿੰਘ, ਦੀਸ਼ੂ ਪਤਨੀ ਮਲਕੀਅਤ ਸਿੰਘ ਤੇ ਜਿੰਦਰ ਪੁੱਤਰ ਜੈਮਲ ਸਿੰਘ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ।

## ਜੋਨ ਜੋਗਾ ਦੀਆਂ ਗਰਮ ਰੁੱਤ ਸਕੂਲ ਖੇਡਾਂ ਦਾ ਆਗਾਜ਼

ਜੋਗਾ, 25 ਜੁਲਾਈ: ਜੋਨ ਜੋਗਾ ਦੀਆਂ ਗਰਮ ਰੁੱਤ ਸਕੂਲ ਖੇਡਾਂ ਅੱਜ ਸਰਕਾਰੀ ਹਾਈ ਸਕੂਲ ਰੱਲਾ (ਮੁੰਡੇ) ਵਿਖੇ ਸ਼ੁਰੂ ਹੋ ਗਈਆਂ ਹਨ। ਇਹਨਾਂ ਖੇਡਾਂ ਦਾ ਉਦਘਾਟਨ ਜੋਨ ਜੋਗਾ ਦੇ ਪ੍ਰਧਾਨ ਹੈੱਡ ਮਾਸਟਰ ਮੁਨੀਸ਼ ਕੁਮਾਰ ਵੱਲੋਂ ਕੀਤਾ ਗਿਆ। ਉਹਨਾਂ ਨੇ ਖਿਡਾਰੀਆਂ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਆ। ਡੀ.ਪੀ.ਈ. ਪਾਲਾ ਸਿੰਘ ਨੇ ਦੱਸਿਆ ਕਿ ਅੱਜ ਪਹਿਲੇ ਦਿਨ ਬਾਬਾ ਫਰੀਦ ਅਕੈਡਮੀ ਉੱਭਾ, ਰੇਨੇਸਾ ਸਕੂਲ ਤਾਮਕੋਟ, ਮਾਈ ਭਾਗੋ ਸਕੂਲ ਰੱਲਾ ਅਤੇ ਸ.ਹ.ਸ. ਰੱਲਾ ਵਿਖੇ ਕਰਵਾਏ ਗਏ ਵੱਖ-ਵੱਖ ਮੁਕਾਬਲਿਆਂ ਵਿੱਚੋਂ ਕੁੜੀਆਂ ਦੇ ਖੋ-ਖੋ ਅੰਡਰ 17 ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤਲਾ ਕਲਾਂ, ਸ.ਸ.ਸ. ਅਕਲੀਆ ਤੇ ਸ.ਸ.ਸ. (ਕੰ) ਰੱਲਾ, ਕਬੱਡੀ ਅੰਡਰ 17 ਕੁੜੀਆਂ ਵਿੱਚ ਸ.ਸ.ਸ. ਉੱਭਾ ਬੁਰਜ ਢਿੱਲਵਾਂ, ਗੁਰੂਕੁਲ ਅਕੈਡਮੀ ਉੱਭਾ ਤੇ ਸ.ਸ.ਸ. ਅਕਲੀਆ, ਸੈਪਕ ਟਾਕਰਾ (ਅੰਡਰ 14 ਮੁੰਡੇ) ਵਿੱਚ ਸਨਵਾਰ ਸਮਾਰਟ ਸਕੂਲ ਭੁਪਾਲ, ਰੇਨੇਸਾ ਸਕੂਲ ਤਾਮਕੋਟ ਤੇ ਸ.ਸ.ਸ. ਜੋਗਾ, ਸੈਪਕ ਟਾਕਰਾ (ਅੰਡਰ 17 ਮੁੰਡੇ) ਵਿੱਚ ਰੇਨੇਸਾ ਸਕੂਲ ਤਾਮਕੋਟ, ਮਾਈ ਭਾਗੋ ਸਕੂਲ ਰੱਲਾ ਤੇ ਸ.ਸ.ਸ. ਜੋਗਾ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਜੋਨਲ ਟੂਰਨਾਮੈਂਟ ਕਮੇਟੀ ਦੇ ਸਕੱਤਰ ਮਨਪ੍ਰੀਤ ਸਿੰਘ, ਵਿੱਤ ਸਕੱਤਰ ਜਸਵਿੰਦਰ ਕੌਰ, ਅਵਤਾਰ ਸਿੰਘ, ਅਮਨਦੀਪ ਕੌਰ, ਗਗਨਦੀਪ ਕੌਰ, ਰਜਨਦੀਪ ਸਿੰਘ, ਰਾਜਦੀਪ ਸਿੰਘ, ਪਾਲਾ ਸਿੰਘ, ਸਮਰਜੀਤ ਸਿੰਘ, ਬਲਦੇਵ ਸਿੰਘ, ਕੁਲਵਿੰਦਰ ਸਿੰਘ, ਬਲਵਿੰਦਰ ਸਿੰਘ, ਮਨਜੀਤ ਸਿੰਘ, ਜਗਸੀਰ ਸਿੰਘ, ਹਰਦੀਪ ਸਿੰਘ, ਗੁਰਜੀਤ ਸਿੰਘ, ਗੁਰਦੀਪ ਸਿੰਘ, ਸਰਬਜੀਤ ਕੌਰ, ਪ੍ਰਿੰਸੀਪਲ ਰਾਜ ਕੁਮਾਰ ਸਮੇਤ ਵੱਖ-ਵੱਖ ਸਕੂਲਾਂ ਦੇ ਸਰੀਰਕ ਸਿੱਖਿਆ ਅਧਿਆਪਕ ਅਤੇ ਖਿਡਾਰੀ ਮੌਜੂਦ ਸਨ।

## ਗੁਰੂ ਨਾਨਕ ਦੇਵ ਹਸਪਤਾਲ ਦੀ ਪੰਜਵੀਂ ਮੰਜ਼ਿਲ ਤੋਂ ਵਿਅਕਤੀ ਨੇ ਮਾਰੀ ਛਾਲ

ਅੰਮ੍ਰਿਤਸਰ 25 ਜੁਲਾਈ। ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਜਿਥੇ ਕਿ ਅੱਜ ਸਵੇਰੇ ਇੱਕ ਵਿਅਕਤੀ ਨੇ ਪੰਜਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਵਿਅਕਤੀ ਦਾ ਨਾਂ ਬਲਜਿੰਦਰ ਸਿੰਘ (45) ਹੈ ਤੇ ਇਹ ਵੇਰਕੇ ਦਾ ਰਹਿਣ ਵਾਲਾ ਸੀ। ਬਲਜਿੰਦਰ ਸਿੰਘ ਦੋ ਬੱਚਿਆਂ ਦਾ ਪਿਓ ਸੀ ਅਤੇ ਇਕ ਫੈਕਟਰੀ 'ਚ ਕੰਮ ਕਰਦਾ ਹੈ। ਇਸ ਮਾਮਲੇ ਦੀ ਕਾਰਵਾਈ ਕਰਨ ਲਈ ਪੁਲਸ ਅਧਿਕਾਰੀ ਮੌਕੇ 'ਤੇ ਪੁੱਜੇ ਅਤੇ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਪੁਲਸ ਅਧਿਕਾਰੀ ਏਡੀਸੀਪੀ ਹਰਪਾਲ ਸਿੰਘ ਨੇ ਦੱਸਿਆ ਕਿ ਅੱਜ ਗੁਰੂ ਨਾਨਕ ਦੇਵ ਹਸਪਤਾਲ ਦੀ ਉਪਰਲੀ ਮੰਜ਼ਿਲ ਤੋਂ ਇੱਕ ਵਿਅਕਤੀ ਦੇ ਡਿੱਗ ਜਾਣ ਨਾਲ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਕਈ ਦਿਨ ਪਹਿਲਾਂ ਇਸ ਵਿਅਕਤੀ ਦਾ ਐਕਸੀਡੈਂਟ ਹੋਇਆ ਸੀ, ਜਿਸ ਦੇ ਚਲਦੇ ਇਸ ਦੇ ਹੱਥ ਅਤੇ ਦਿਮਾਗ 'ਚ ਸੱਟ ਲੱਗ ਗਈ ਸੀ ਤੇ ਇਹ ਇਲਾਜ ਲਈ ਗੁਰੂ ਨਾਨਕ ਦੇਵ ਹਸਪਤਾਲ ਆਇਆ ਸੀ।

## ਤੀਜ ਮਹਾਂਮੇਲਾ ਬਣਿਆ ਪਰੰਪਰਾ, ਨਾਰੀ ਸਸ਼ਕਤੀਕਰਨ ਅਤੇ ਸੱਭਿਆਚਾਰਕ ਗੌਰਵ ਦਾ ਪ੍ਰਤੀਕ

Contd..............Front page

ਤੀਜ ਦੇ ਰਵਾਇਤੀ ਰੰਗਾਂ ਨੂੰ ਇੱਕ ਆਧੁਨਿਕ ਮੋੜ ਦੇਣ ਲਈ, ਤਿਉਹਾਰ ਵਿੱਚ ਮਹਿੰਦੀ ਮੁਕਾਬਲਾ, ਬਿੰਦੀ ਸਜਾਵਟ, ਰੰਗੋਲੀ, ਸੈਲਫੀ ਪੁਆਇੰਟ, ਰਵਾਇਤੀ ਝੂਲੇ ਅਤੇ ਬੱਚਿਆਂ ਲਈ ਇੱਕ ਕਿਡਜ਼ ਜ਼ੋਨ ਵਰਗੀਆਂ ਵਿਸ਼ੇਸ਼ ਗਤੀਵਿਧੀਆਂ ਸ਼ਾਮਲ ਕੀਤੀਆਂ ਗਈਆਂ ਹਨ। ਕਿਡਜ਼ ਜ਼ੋਨ ਵਿੱਚ ਕਹਾਣੀ ਸੁਣਾਉਣ, ਜਾਦੂ ਦੇ ਸ਼ੋਅ ਅਤੇ ਰਚਨਾਤਮਕ ਖੇਡਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਜੋ ਪੂਰਾ ਪਰਿਵਾਰ ਤਿਉਹਾਰ ਦਾ ਆਨੰਦ ਮਾਣ ਸਕੇ। ਇਸ ਸਮਾਗਮ ਦੀ ਤਿਆਰੀ ਲਈ, ਮੰਤਰੀ ਕਪਿਲ ਮਿਸ਼ਰਾ ਦੁਆਰਾ ਦਿੱਲੀ ਸਕੱਤਰੇਤ ਵਿਖੇ ਵੱਖ-ਵੱਖ ਮੀਟਿੰਗਾਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਭਾਜਪਾ ਮਹਿਲਾ ਮੋਰਚਾ, ਮਹਿਲਾ ਸੰਗਠਨ, ਚੈਂਬਰ ਆਫ਼ ਟ?ਰੇਡ ਐਂਡ ਇੰਡਸਟਰੀ (ਸੀਟੀਆਈ) ਅਤੇ ਸਮਾਜ ਸੇਵਕਾਂ ਨੇ ਹਿੱਸਾ ਲਿਆ। ਇਨ੍ਹਾਂ ਮੀਟਿੰਗਾਂ ਵਿੱਚ, ਤੀਜ ਤਿਉਹਾਰ ਨੂੰ ਵਧੇਰੇ ਸਮਾਵੇਸ਼ੀ, ਪਹੁੰਚਯੋਗ ਅਤੇ ਆਕਰਸ਼ਕ ਬਣਾਉਣ ਲਈ ਕਈ ਰਚਨਾਤਮਕ ਸੁਝਾਅ ਲਏ ਗਏ। ਮੰਤਰੀ ਕਪਿਲ ਮਿਸ਼ਰਾ ਨੇ ਅੰਤ ਵਿੱਚ ਕਿਹਾ ਕਿ ਇਹ ਤੀਜ ਤਿਉਹਾਰ ਦਿੱਲੀ ਦੀਆਂ ਔਰਤਾਂ, ਉਨ੍ਹਾਂ ਦੀ ਸੱਭਿਆਚਾਰਕ ਚੇਤਨਾ ਅਤੇ ਸਮੂਹਿਕ ਊਰਜਾ ਨੂੰ ਸਮਰਪਿਤ ਹੈ। ਇਹ ਸਮਾਗਮ ਨਾ ਸਿਰਫ਼ ਪਰੰਪਰਾ ਨੂੰ ਸੁਰੱਖਿਅਤ ਰੱਖਣ ਦਾ ਇੱਕ ਯਤਨ ਹੈ ਬਲਕਿ ਦਿੱਲੀ ਨੂੰ ਇੱਕ ਸੱਭਿਆਚਾਰਕ ਰਾਜਧਾਨੀ ਵਜੋਂ ਸਥਾਪਤ ਕਰਨ ਵੱਲ ਇੱਕ ਠੋਸ ਕਦਮ ਵੀ ਹੈ।

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**ਪੂਰਵੋਤੱਰ ਰੇਲਵੇ**

**ਖੁੱਲੀ ਈ-ਨਿਵਿਦਾ ਸੂਚਨਾ NER-LJN-2025-125**
ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਮੰਡਲ ਰੇਲ ਪ੍ਰਬੰਧਕ/ਇੰਜੀਨਿਯਰਿੰਗ/ਪੂਰਵੋਤਰ ਰੇਲਵੇ/ ਲਖਨਊ ਵਲੋਂ ਹੇਠਲਿਖਿਤ ਕਾਰਜਾਂ ਹੇਤੁ ਔਨਲਾਈਨ 'ਖੁਲੀ' ਈ-ਨਿਵਿਦਾਵਾਂ ਆਮੰਤਰਿਤ ਕੀਤੀ ਜਾਂਦੀ ਹੈ ਜਿਸਦਾ ਵੇਰਵਾ ਹੇਠਾਂ ਲਿਖਿਆ ਹੈ- **ਈ-ਨਿਵਿਦਾ ਸੰਖਿਆ : NER-LJN-2025-125 , ਕਾਰਜ ਦਾ ਨਾਮ :** ਲਖਨਊ ਮੰਡਲ :- 08 ਸਟੇਸ਼ਨਾਂ ਤੇ 09 ਯਾਤ੍ਰੀ ਪਲੇਟਫਾਰਮ ਦਾ ਵਿਸਤਾਰ (ਕੌਵਾਪੁਰ ਪੀਏਚ-1, ਪਚਪੇਰਵਾ ਪੀਏਚ-1, ਗੈਸਰੀ ਪੀਏਚ-1 ਅਤੇ 2 , ਸਵਾਮੀ ਨਾਰਾਯਣ ਛਪਿਯਾ ਪੀਏਚ-2, ਬੁੜਵਲ ਜੰਕਸ਼ਨ ਪੀਏਚ-2, ਕਰਨੈਲਗੰਜ ਪੀਏਚ-2, ਏਲਸੀ ਪੀਏਚ-4, ਅਤੇ ਏਸ਼ਾਬਾਗ ਪੀਏਚ-2/3) **ਅਨੁਮਾਨਿਤ ਲਾਗਤ: ਰੁ.** 5,88,70,805.74, **ਅਗ੍ਰਿਮ ਧਨ:** ਰੁ. 4,44,400.00, **ਸਮਾਪਨ ਅਵਧਿ:** 7 ਮਹੀਨੇ।
1. ਉਪਰੋਕਤ ਈ-ਨਿਵਿਦਾ ਸੰਖਿਆ **NER-LJN-2025-125,** ਦੇ ਲਈ ਈ-ਨਿਵਿਦਾ ਮਿਤੀ **12.08.2025** ਨੂੰ 15.00 ਵਜੇ ਤੱਕ ਅਪਲੋਡ ਕੀਤੀ ਜਾ ਸਕਦੀ ਹੈ ਅਤੇ ਉਸੀ ਦਿਨ ਸਮੇਂ 15.00 ਵਜੇ ਦੇ ਬਾਦ ਈ-ਨਿਵਿਦਾ ਦੀ ਖੋਲੀ ਜਾਵੇਗੀ। 2. ਉਪਰੋਕਤ ਈ-ਨਿਵਿਦਾ ਤੋਂ ਸੰਬੰਧਿਤ ਸਾਰੀਆਂ ਸੂਚਨਾ, ਨਿਮਨਵਤ ਅਹਰਤਾ, ਨਿਯਮ ਅਤੇ ਸ਼ਰਤਾਂ ਦਾ ਪੂਰਾ ਵੇਰਵਾ ਪੂਰਵੋਤਰ ਰੇਲਵੇ ਦੇ ਵੇਬਸਾਈਟ **www.ireps.gov.in** ਤੇ ਉਪਲਬਧ ਹੈ। ਨਿਵਿਦਾਕਾਰ ਈ-ਨਿਵਿਦਾ ਪ੍ਰਪਤਰ ਨੂੰ ਅਪਲੋਡ ਕਰਨ ਤੋਂ ਪਹਿਲਾਂ ਇਸ ਈ-ਨਿਵਿਦਾ ਸੂਚਨਾ ਤੋਂ ਸੰਬੰਧਿਤ ਵੇਬਸਾਈਟ ਤੇ ਉਪਲਬਧ ਸ਼ੁਧੀ ਪੱਤਰ (ਅਗਰ, ਕੋਈ ਹੋਵੇ ਤਾਂ) ਨੂੰ ਵੀ ਸੰਗਿਆਨ 'ਚ ਲੇਣਾ ਸੁਨਿਸ਼ਚਿਤ ਕਰੇ।
**ਮੰਡਲ ਰੇਲ ਪ੍ਰਬੰਧਕ/ਇੰਜੀਨਿਯਰਿੰਗ,**
**ਮੁਜਾਧਿ/ਡਬਲਿਊ-174 ਪੂਰਵੋਤਰ ਰੇਲਵ, ਲਖਨਊ**
ਗੱਡੀਆਂ ਵਿਚ ਜਵਲਨਸ਼ੀਲ ਪਦਾਰਥ ਲੇਕੇ ਯਾਤ੍ਰਾ ਨਾ ਕਰੋ

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**ਉੱਤਰ ਰੇਲਵੇ**

**ਈ-ਨੀਲਾਮੀ ਸੂਚਨਾ**
ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ/ਯਾਤਰੀ ਸੇਵਾ, ਉੱਤਰ ਰੇਲਵੇ, ਦਿੱਲੀ ਮੰਡਲ, ਨਵੀਂ ਦਿੱਲੀ ਦੁਵਾਰਾ ਪਾਰਕਿੰਗ ਲਾਟਸ/ਸਾਇਟਸ ਦੇ ਅਲਾਟਮੈਂਟ ਲਈ ਈ-ਨੀਲਾਮੀ IREPS ਪੋਰਟਲ **(http://ireps.gov.in)** ਉਤੇ ਈ-ਬੋਲੀ ਹੇਠਾ ਲਿਖੀ ਪ੍ਰਕਾਰ ਤੋਂ ਮੰਗ ਕੀਤੀ ਜਾਂਦੀ ਹੈ:-

| ਈ-ਕੈਟਲਾਗ ਨੰਬਰ | ਈ-ਨੀਲਾਮੀ ਦੀ ਮਿਤੀ ਅਤੇ ਸਮਾਂ | ਰੇਲਵੇ ਸਟੇਸ਼ਨ / ਜਗ੍ਹਾਂ / ਪਾਰਕਿੰਗ ਲਾਟ |
|---|---|---|
| Parking-33-2025 | ਮਿਤੀ 2.08.2025 ਨੂੰ 11:00 ਵਜੇ | ਕਰਨਾਲ (ਸਾਈਕਲ-ਸਕੂਟਰ-ਮੋਟਰਸਾਈਕਲ-ਕਾਰ) = ਕੁਲ 01 ਸਾਇਟ |
| ਵੇਬਸਾਈਟ ਵੇਰਵਾ ਜਿਥੋਂ ਈ-ਨੀਲਾਮੀ ਦਸਤਾਵੇਜ ਦਾ ਪੂਰਾ ਵੇਰਵਾ ਦੇਖਿਆ ਜਾਂ ਸਕਦਾ ਹੈ । | | https://ireps.gov.in/ |

ਆਈਆਰਈਪੀਐਸ ਦੇ ਦੁਵਾਰਾ ਤੋਂ ਆਯੋਜਿਤ ਈ-ਨੀਲਾਮੀ ਵਿਚ ਭਾਗ ਲੈਣ ਲਈ ਹੇਠਾ ਲਿਖੀ ਜ਼ਰੂਰਤਾਤਵਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ: **1.** ਇਛੁਕ ਬੋਲੀਦਾਤਾਵਾਂ ਨੂੰ ਖੁਦ ਨੂੰ ਆਈਆਰਈਪੀਐਸ (ਵਾਣਿਜਿਯਕ ਨੀਲਾਮੀ ਮਾਡਯੂਲ) ਵਿਚ ਆਨਲਾਈਨ ਰਜਿਸਟਰਡ ਕਰਨਾ ਹੋਵੇਗਾ । ਪਹਿਲਾ ਤੋਂ ਹੀ ਹੋਰ ਆਈਆਰਈਪੀਐਸ ਖਾਤਾ ਰੱਖਣ ਵਾਲੀ ਸੰਸਥਾਵਾਂ ਵੀ ਖੁਦ ਨੂੰ ਵਾਣਿਜਿਕ ਮਾਡਯੂਲ ਦੇ ਲਈ ਨਾਮਾਕਿਤ ਕਰਨ ਵਿਚ ਸਖਸ਼ਮ ਹੋਵੇਗੀ । **2.** ਇਕਮੁਸ਼ਤ ਰਜਿਸਟਰੈਸ਼ਨ ਸ਼ੁਲਕ ਦਾ ਭੁਗਤਾਨ । **3.** ਭਾਰਤੀਯ ਸਟੇਟ ਬੈਂਕ ਚਿਵ ਚਾਲੂ ਖਾਤਾ । **4.** ਆਈਆਰਈਪੀਐਸ ਖਾਤੇ ਦੇ ਨਾਲ ਐਸਬੀਆਈ ਬੈਂਕ ਖਾਤੇ ਦਾ ਏਕੀਕਰਣ । **5.** ਫੰਡ ਦਾ ਲਿਯਨ ਮਾਰਕਿੰਗ । **6.** ਟਰਨਓਵਰ ਦਾ ਅਦਯਤਨੀਕਰਣ (Updation) **7.** ਜਿਨ੍ਹਾਂ ਠੇਕੇਦਾਰਾਂ ਦੇ ਕੋਲ ਆਈਆਰਈਪੀਐਸ ਦੇ ਕਿਸੀ ਵੀ ਮਾਡਯੂਲ ਦੇ ਲਈ ਆਈਪੀਐਸ ਖਾਤਾ ਨਹੀਂ ਹੈ, ਉਹ ਆਈਆਰਈਪੀਐਸ ਹੋਮ ਪੇਜ ਉਤੇ ਨਵੇਂ ਵਿਕਰੇਤਾਵਾਂ/ਠੇਕੇਦਾਰਾਂ (ਈ-ਟੈਂਡਰ / ਈ-ਨੀਲਾਮੀ ਲੀਜਿੰਗ) ਲਿੰਕ ਉਤੇ ਕਲਿਕ ਕਰਕੇ ਰਜਿਸਟਰੈਸ਼ਨ ਲਈ ਅਪਣਾ ਅਨੁਰੋਧ ਪੇਸ਼ ਕਰ ਸਕਦੇ ਹਨ ।

| | |
|---|---|
| ਸਬੰਧਿਤ ਜਾਣਕਾਰੀ ਲਈ ਰੇਲਵੇ ਪ੍ਰਾਧਿਕਾਰੀ | ਸੀਨੀਅਰ ਮੰਡਲ ਵਾਣਿਜਿਯਕ ਪ੍ਰਬੰਧਕ / ਪੀਐਸ, ਡੀਆਰਐਮ ਦਫਤਰ, ਸਟੇਟ ਐਂਟਰੀ ਰੋਡ, ਨਵੀਂ ਦਿੱਲੀ-110055 Email: pkg.delhidivision@gmail.com, Tel: 011-23743084 |

ਨੰਬਰ : 23AC/393/E-Auction/Pkg/2025 ਮਿਤੀ : 25.07.2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2273/25

**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਡਿਪਟੀ ਮੇਅਰ ਜਗਦੀਪ ਜੱਗਾ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ, ਮੌਕੇ 'ਤੇ ਕਰਵਾਇਆ ਹੱਲ

**ਪਟਿਆਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਮੇਅਰ ਜਗਦੀਪ ਜੱਗਾ ਨੇ ਨਗਰ ਨਿਗਮ ਦਫ਼ਤਰ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਤੇ ਮੌਕੇ 'ਤੇ ਹੀ ਹੱਲ ਕਰਵਾਇਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਉਹ ਰੋਜ਼ਾਨਾ ਸਵੇਰੇ ਦਫ਼ਤਰ 'ਚ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਉਪਲਬਧ ਹੁੰਦੇ ਹਨ। ਪਾਣੀ, ਬਿਜਲੀ, ਸਫ਼ਾਈ, ਸੜਕਾਂ ਦੀ ਮੁਰੰਮਤ ਵਰਗੀਆਂ ਬੁਨਿਆਦੀ ਸਹੂਲਤਾਂ ਨਾਲ ਸਬੰਧਤ ਮਸਲਿਆਂ ਤੋਂ ਲੈ ਕੇ ਨਿੱਜੀ ਅਤੇ ਸਮਾਜਿਕ ਮੁੱਦਿਆਂ ਤੱਕ, ਹਰ ਸਮੱਸਿਆ ਨੂੰ ਗੰਭੀਰਤਾ ਨਾਲ ਸੁਣ ਕੇ ਇਸ ਦਾ ਹੱਲ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਇੱਕ ਸਿਹਤਮੰਦ ਅਤੇ ਖ਼ੁਸ਼ਹਾਲ ਸੂਬਾ ਬਣਾਉਣਾ ਹੈ, ਇਸ ਲਈ ਆਮ ਆਦਮੀ ਦੀ ਸਮੁੱਚੀ ਟੀਮ ਲਗਾਤਾਰ ਕਾਰਜਸ਼ੀਲ ਹੈ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਸੂਬੇ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾ ਵੀ ਚਲਾਈ ਜਾ ਰਹੀ ਹੈ, ਜਿੱਥੇ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਨਸ਼ਿਆਂ ਦੇ ਭਿਆਨਕ ਨਤੀਜਿਆਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਕੈਂਪਾਂ ਵਿੱਚ ਨਸ਼ਾ ਛੁਡਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਅਤੇ ਸਰਕਾਰੀ ਤੇ ਗੈਰ-ਸਰਕਾਰੀ ਸੰਸਥਾਵਾਂ ਨਾਲ ਤਾਲਮੇਲ ਕਰਕੇ ਨਸ਼ਾ ਪੀੜਤਾਂ ਨੂੰ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ।

ਜਗਦੀਪ ਜੱਗਾ ਨੇ ਕਿਹਾ ਕਿ ਨਸ਼ਿਆਂ ਦਾ ਜੜ੍ਹ ਤੋਂ ਖ਼ਾਤਮਾ ਕਰਨ ਲਈ ਸਮਾਜ ਦੇ ਹਰ ਵਰਗ ਦੀ ਸ਼ਮੂਲੀਅਤ ਜ਼ਰੂਰੀ ਹੈ, ਇਸੇ ਲਈ ਸਕੂਲਾਂ, ਕਾਲਜਾਂ ਅਤੇ ਹੋਰ ਸੰਸਥਾਵਾਂ ਨਾਲ ਮਿਲ ਕੇ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਪਟਿਆਲਾ ਵਾਸੀਆਂ ਨੂੰ ਇਸ ਮੁਹਿੰਮ ਦਾ ਹਿੱਸਾ ਬਣਕੇ ਨਸ਼ਿਆਂ ਦੇ ਕੋਹੜ ਦਾ ਜੜ੍ਹ ਤੋਂ ਖ਼ਾਤਮਾ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ।

# ਰੋੜੀਕੁੱਟ ਮੁਹੱਲੇ 'ਚ ਸਰਕਾਰੀ ਜਮੀਨ 'ਤੇ ਮਹਿਲਾ ਨਸ਼ਾ ਤਸਕਰ ਵੱਲੋਂ ਬਣਾਏ ਅਣ-ਅਧਿਕਾਰਤ ਮਕਾਨ 'ਤੇ ਪੁਲਿਸ ਦੀ ਇਮਦਾਦ ਨਾਲ ਚੱਲਿਆ ਪੀਲਾ ਪੰਜਾ

## ਆਦੀ ਨਸ਼ਾ ਤਸਕਰ ਪਰਿਵਾਰ ਦੇ ਵਿਰੁੱਧ ਦਰਜ ਹਨ 26 ਮੁਕੱਦਮੇ: ਐਸ.ਐਸ.ਪੀ. ਵਰੁਣ ਸ਼ਰਮਾ

**ਪਟਿਆਲਾ, 25 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**





ਪਟਿਆਲਾ ਪੁਲਿਸ ਨੇ ਨਸ਼ਿਆਂ ਲਈ ਹਾਟ-ਸਪਾਟ ਇਲਾਕੇ ਵਜੋਂ ਜਾਣੇ ਜਾਂਦੇ ਇੱਥੇ ਵਾਰਡ ਨੰਬਰ 33 ਦੇ ਰੋੜੀ ਕੁੱਟ ਮੁਹੱਲੇ ਵਿਖੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਇੱਕ ਬਦਨਾਮ ਮਹਿਲਾ ਨਸ਼ਾ ਤਸਕਰ ਦੇ ਪਰਿਵਾਰ ਵੱਲੋਂ ਸਰਕਾਰੀ ਜਮੀਨ 'ਤੇ ਬਣਾਏ ਅਣ-ਅਧਿਕਾਰਤ ਮਕਾਨ ਉਪਰ ਪੀਲਾ ਪੰਜਾ ਚਲਵਾ ਕੇ ਇਸ ਨੂੰ ਢਹਿ ਢੇਰੀ ਕਰਵਾਇਆ ਹੈ। ਇਸ ਮੁਹਿਮ ਦੀ ਅਗਵਾਈ ਕਰਦਿਆਂ ਐਸ.ਐਸ.ਪੀ. ਵਰੁਣ ਸ਼ਰਮਾ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਨਸ਼ੇ ਵੇਚਕੇ ਬਣਾਈ ਗਈ ਜਾਇਦਾਦ ਜਬਤ ਕੀਤੀ ਜਾਵੇਗੀ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਐਸ.ਐਸ.ਪੀ ਨੇ ਰੋੜੀ ਕੁੱਟ ਮੁਹੱਲੇ ਵਿਖੇ ਕੀਤੀ ਕਾਰਵਾਈ ਬਾਬਤ ਦੱਸਿਆ ਕਿ ਨਸ਼ਿਆਂ ਖ਼ਿਲਾਫ਼ ਆਪਣੀ ਜੰਗੀ ਪੱਧਰ 'ਤੇ ਵਿੱਢੀ ਮੁਹਿੰਮ ਤਹਿਤ ਪਟਿਆਲਾ ਪੁਲਿਸ ਨੇ ਅੱਜ ਬਦਨਾਮ ਮਹਿਲਾ ਸਮੱਗਲਰ ਸੀਮਾ, ਉਸਦੇ ਪਤੀ ਸੋਮਪਾਲ ਅਤੇ ਇਸ ਦੇ ਪਰਿਵਾਰ ਵੱਲੋਂ ਲੋਕ ਨਿਰਮਾਣ ਵਿਭਾਗ ਦੀ ਸਰਕਾਰੀ ਜਮੀਨ ਉਪਰ ਬਣਾਈ ਗਈ ਅਣਅਧਿਕਾਰਤ ਰਿਹਾਇਸ਼ ਨੂੰ ਢੁਹਾਇਆ ਹੈ। ਉਨ੍ਹਾਂ ਦੱਸਿਆ ਕਿ ਇਸ ਪਰਿਵਾਰ ਵਿਰੁੱਧ 26 ਤੋਂ ਵੱਧ ਐਨ.ਡੀ.ਪੀ.ਐਸ. ਦੇ ਮੁਕੱਦਮੇ ਦਰਜ ਹਨ ਅਤੇ ਇਸ ਵੱਲੋਂ ਕੀਤੇ ਗਏ ਨਾਜਾਇਜ਼ ਕਬਜੇ ਨੂੰ ਛੁਡਵਾਉਣ ਲਈ ਸਬੰਧਤ ਵਿਭਾਗ ਨੇ ਪੁਲਿਸ ਇਮਦਾਦ ਦੀ ਮੰਗ ਕੀਤੀ ਸੀ, ਜਿਸ ਲਈ ਪੁਲਿਸ ਨੇ ਸੁਰੱਖਿਆ ਪ੍ਰਦਾਨ ਕਰਵਾਈ ਹੈ। ਸੀਮਾ ਵਿਰੁੱਧ 16 ਅਤੇ ਇਸ ਦੇ ਪਤੀ ਸੋਮਪਾਲ ਵਿਰੁੱਧ 4 ਪਰਚੇ ਅਤੇ ਸੀਮਾ ਦੀ ਸੱਸ ਵਿਰੁੱਧ ਵੀ ਅੱਧੀ ਦਰਜਨ ਦੇ ਕਰੀਬ ਮੁਕੱਦਮੇ ਦਰਜ ਹਨ। ਵਰੁਣ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਨਸ਼ਾ ਤਸਕਰਾਂ ਨੂੰ ਸਖ਼ਤ ਸੁਨੇਹਾ ਦਿੱਤਾ ਗਿਆ ਹੈ ਉਹ ਨਸ਼ਿਆਂ ਦੇ ਕਾਲੇ ਕਾਰੋਬਾਰ ਨੂੰ ਤੌਬਾ ਆਖ ਕੇ ਚੰਗਾ ਰਸਤਾ ਅਖ਼ਤਿਆਰ ਕਰਨ। ਐਸ.ਐਸ.ਪੀ. ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਚੱਲ ਰਹੀ ਮੁਹਿਮ ਤਹਿਤ ਨਸ਼ਾ ਤਸਕਰੀ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ 'ਤੇ ਚਲਦਿਆਂ ਪਟਿਆਲਾ ਪੁਲਿਸ ਅਜਿਹੇ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਜਾਰੀ ਰੱਖੇਗੀ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਨਸ਼ਿਆਂ ਦੀ ਦਲਦਲ 'ਚ ਫਸੇ ਵਿਅਕਤੀਆਂ ਦੀ ਨਸ਼ਾ ਮੁਕਤੀ ਲਈ ਵੀ ਪਟਿਆਲਾ ਪੁਲਿਸ ਵਚਨਬੱਧ ਹੈ ਤੇ ਨਸ਼ੇ ਦੇ ਆਦੀ ਵਿਅਕਤੀਆਂ ਨੂੰ ਨਸ਼ਾ ਮੁਕਤੀ ਕੇਂਦਰਾਂ ਵਿੱਚ ਦਾਖਲ ਕਰਵਾ ਇਨ੍ਹਾਂ ਦਾ ਇਲਾਜ ਕਰਵਾਇਆ ਜਾਵੇਗਾ। ਇਸ ਮੌਕੇ ਐਸ.ਪੀ. ਵੈਭਵ ਚੌਧਰੀ, ਐਸ.ਪੀ ਸਿਟੀ ਪਲਵਿੰਦਰ ਸਿੰਘ ਚੀਮਾ, ਡੀ.ਐਸ.ਪੀ. ਸਤਨਾਮ ਸਿੰਘ ਤੇ ਮਨੋਜ ਗੋਰਸੀ, ਐਸ.ਐਚ.ਓ. ਜਸਪ੍ਰੀਤ ਸਿੰਘ ਤੇ ਸ਼ਿਵਰਾਜ ਸਿੰਘ ਢਿੱਲੋ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

ਇਸ ਦੌਰਾਨ ਇਲਾਕਾ ਨਿਵਾਸੀਆਂ ਨੇ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਵੀ ਸ਼ਲਾਘਾ ਕੀਤੀ, ਨਸ਼ਾ ਮੁਕਤੀ ਮੋਰਚੇ ਦੇ ਹਲਕਾ ਕੋਆਰਡੀਨੇਟਰ ਦਵਿੰਦਰਪਾਲ ਸਿੰਘ ਮਿੱਕੀ ਨੇ ਇਸ ਮੌਕੇ ਕਿਹਾ ਕਿ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ ਤੇ ਉਹ ਨਸ਼ਿਆਂ ਦੇ ਆਦੀ ਨੌਜਵਾਨਾਂ ਦਾ ਇਲਾਜ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹਨ।

# "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਨੂੰ ਲੋਕਾਂ ਦਾ ਮਿਲ ਰਿਹਾ ਭਰਵਾਂ ਸਹਿਯੋਗ : ਵਿਧਾਇਕ ਅਟਾਰੀ



**ਅੰਮ੍ਰਿਤਸਰ 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਲਈ ਸ਼ੁਰੂ ਕੀਤੀ ਗਈ ਨਸ਼ਾ ਮੁਕਤੀ ਯਾਤਰਾ ਤਹਿਤ ਅੱਜ ਹਲਕਾ ਵਿਧਾਇਕ ਅਟਾਰੀ ਸ: ਜਸਵਿੰਦਰ ਸਿੰਘ ਰਮਦਾਸ ਨੇ ਪਿੰਡ ਰੋੜਾਂਵਾਲਾ ਕਲਾਂ, ਰੋੜਾਂਵਾਲਾ ਖ਼ੁਰਦ, ਹੁਸ਼ਿਆਰਨਗਰ ਅਤੇ ਜਠੌਲ ਵਿਖੇ ਜਾਗਰੂਕਤਾ ਸਭਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੋਕਾਂ ਦਾ ਭਰਵਾਂ ਸਹਿਯੋਗ ਮਿਲ ਰਿਹਾ ਹੈ ਅਤੇ ਹੁਣ ਲੋਕ ਵੀ ਇਸ ਨਾ ਮੁਰਾਦ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਅੱਗੇ ਆ ਰਹੇ ਹਨ।

ਵਿਧਾਇਕ ਅਟਾਰੀ ਨੇ ਕਿਹਾ ਕਿ "ਨਸ਼ਾ ਮੁਕਤੀ ਯਾਤਰਾ"ਨਾਲ ? ਹੁਣ ਹਰ ਪਿੰਡ, ਹਰ ਸ਼ਹਿਰ ਨਸ਼ਾ ਮੁਕਤ ਹੋਵੇਗਾ ਉਹਨਾਂ ਕਿਹਾ ਕਿ ਸੂਬੇ ਦੇ ਲੋਕ ਪੰਜਾਬ ਸਰਕਾਰ ਦੁਆਰਾ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਕੀਤੇ ਜਾ ਰਹੇ ਯਤਨਾਂ ਤੋਂ ਬਹੁਤ ਖ਼ੁਸ਼ ਨਜ਼ਰ ਆ ਰਹੇ ਹਨ ਅਤੇ ਉਹ ਇਸ ਕੋਹੜ ਨੂੰ ਜੜ੍ਹ ਤੋਂ ਵੱਢਣ ਲਈ ਕਾਹਲ ? ਹਨ ਤੇ ਭਰਪੂਰ ਸਹਿਯੋਗ ਦੇ ਰਹੇ ਹਨ।

ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਸ਼ਾ ਤਸਕਰਾਂ ਨਾਲ ਮਿਲ ਕੇ ਪੰਜਾਬ ਨੂੰ ਬਰਬਾਦ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ, ਪਰ ਹੁਣ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਅਤੇ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੀ ਸੋਚ ਸਦਕਾ ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਯੁੱਧ ਛੇੜ ਦਿੱਤਾ ਹੈ।

ਅਸੀਂ ਪੰਜਾਬ ਵਿੱਚੋਂ ਨਸ਼ਾ ਖ਼ਤਮ ਕਰਕੇ ਹੀ ਦਮ ਲਵਾਂਗੇ ਉਹਨਾਂ ਕਿਹਾ ਕਿ ਤੁਸੀਂ ਵੀ ਆਪਣੇ ਪਿੰਡ ਅਤੇ ਆਪਣੀ ਵਾਰਡ ਵਿੱਚ ÷ਨਸ਼ਾ ਮੁਕਤੀ ਯਾਤਰਾ÷ ਦੌਰਾਨ ਸ਼ਾਮਿਲ ਹੋ ਕੇ ਆਪਣਾ ਫਰਜ਼ ਜ਼ਰੂਰ ਨਿਭਾਓ ਅਤੇ ਨਸ਼ਾ ਮੁਕਤ ਪੰਜਾਬ ਬਣਾਓ।

ਇਸ ਮੌਕੇ ਉਹਨਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾਵਾਂ ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਗ੍ਰਿਫ਼ਤ ਵਿੱਚੋਂ ਬਾਹਰ ਕੱਢਣਾ ਅਤੇ ਉਨ੍ਹਾਂ ਨੂੰ ਸਿਹਤਮੰਦ, ਸਸ਼ਕਤ ਅਤੇ ਉੱਜਵਲ ਭਵਿੱਖ ਪ੍ਰਤੀ ਉਤਸ਼ਾਹਿਤ ਕਰਨਾ ਹੈ ।ਉਹਨਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਦੇ ਖਿਲਾਫ਼ ਜੰਗ ਨੂੰ ਪੂਰੀ ਦ੍ਰਿੜਤਾ ਨਾਲ ਲੜ ਰਹੀ ਹੈ ਅਤੇ ਇਸ ਲਈ ਜ਼ਮੀਨੀ ਪੱਧਰ 'ਤੇ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ।

# ਰਾਜਪੁਰਾ 'ਚ ਭੀਖ ਮੰਗਦੇ 8 ਬੱਚੇ ਬਚਾਏ, ਪਟਿਆਲਾ ਵਿਖੇ ਵੀ ਕੀਤੀ ਛਾਪਾਮਾਰੀ : ਡਾ. ਪ੍ਰੀਤੀ ਯਾਦਵ

## ਦਸਤਾਵੇਜ਼ਾਂ ਦੀ ਪੜਤਾਲ ਕਰਕੇ ਦੋ ਦਿਨਾਂ ਅੰਦਰ ਬਾਲ ਭਲਾਈ ਕਮੇਟੀ ਦੇ ਸਨਮੁਖ ਪੇਸ਼ ਕੀਤੇ 5 ਬੱਚੇ ਪਰਿਵਾਰਾਂ ਦੇ ਵੀ ਸਪੁਰਦ ਕੀਤੇ



**ਪਟਿਆਲਾ/ਰਾਜਪੁਰਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਲ ਭਿੱਖਿਆ ਦੇ ਖਾਤਮੇ ਲਈ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਵੱਖ-ਵੱਖ ਟੀਮਾਂ ਵੱਲੋਂ ਅੱਜ ਵੀ ਜ਼ਿਲ੍ਹੇ ਅੰਦਰ ਵੱਖ-ਵੱਖ ਥਾਵਾਂ ਵਿਖੇ ਛਾਪਾਮਾਰੀ ਕੀਤੀ ਗਈ ਹੈ, ਇਸ ਦੌਰਾਨ ਰਾਜਪੁਰਾ ਤੋਂ 8 ਬੱਚੇ ਭੀਖ ਮੰਗਦੇ ਫੜੇ ਗਏ, ਜਿਨ੍ਹਾਂ ਨੂੰ ਬਚਾਇਆ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਦੀ ਰਾਜ ਨੂੰ ਭੀਖ ਮੁਕਤ ਕਰਨ ਲਈ ਚਲਾਈ ਮੁਹਿੰਮ ਤਹਿਤ ਕੀਤੀ ਗਈ ਇਸ ਕਾਰਵਾਈ ਦੇ ਅਧੀਨ ਦੋ ਦਿਨਾਂ ਅੰਦਰ ਬਾਲ ਭਲਾਈ ਕਮੇਟੀ ਦੇ ਸਨਮੁੱਖ ਪੇਸ਼ ਕਰਕੇ 5 ਬੱਚੇ ਉਨ੍ਹਾਂ ਦੇ ਪਰਿਵਾਰਾਂ ਦੇ ਸਪੁਰਦ ਵੀ ਕੀਤੇ ਗਏ ਹਨ ਅਤੇ ਇਨ੍ਹਾਂ ਨੂੰ ਚਿਤਾਵਨੀ ਦਿੱਤੀ ਗਈ ਹੈ, ਕਿ ਜੇਕਰ ਅੱਗੇ ਤੋਂ ਇਹ ਬੱਚੇ ਦੁਬਾਰਾ ਭੀਖ ਮੰਗਦੇ ਪਾਏ ਗਏ ਤਾਂ ਇਸ ਸਬੰਧੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਡਾ. ਪ੍ਰੀਤੀ ਯਾਦਵ ਨੇ ਅੱਗੇ ਦੱਸਿਆ ਕਿ ਅੱਜ ਪਟਿਆਲਾ ਵਿਖੇ ਸਹਾਇਕ ਕਮਿਸ਼ਨਰ ਰਿਚਾ ਗੋਇਲ, ਐਸਡੀਐਮ ਮੇਜਰ (ਰਿਟਾ.) ਹਰਜੋਤ ਕੌਰ, ਬਾਲ ਸੁਰੱਖਿਆ ਵਿਭਾਗ ਦੇ ਲੀਗਲ ਪ੍ਰੋਬੇਸ਼ਨਰ ਅਫ਼ਸਰ ਰਣਜੀਤ ਕੌਰ, ਪੁਲਿਸ ਇੰਸਪੈਕਟਰ ਮਨਪ੍ਰੀਤ ਕੌਰ ਤੂਰ ਦੀ ਟੀਮ ਨੇ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ਸਮੇਤ ਰੇਲਵੇ ਸਟੇਸ਼ਨ, ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਅਤੇ ਮਾਤਾ ਸ੍ਰੀ ਕਾਲੀ ਦੇਵੀ ਮੰਦਿਰ ਨੇੜੇ ਛਾਪਾਮਾਰੀ ਕੀਤੀ। ਉਨ੍ਹਾਂ ਦੱਸਿਆ ਕਿ ਇਹ ਸੰਤੁਸ਼ਟੀ ਵਾਲੀ ਗੱਲ ਹੈ ਕਿ ਅੱਜ ਇਨ੍ਹਾਂ ਥਾਵਾਂ ਵਿਖੇ ਕੋਈ ਵੀ ਬੱਚਾ ਭੀਖ ਮੰਗਦਾ ਸਾਹਮਣੇ ਨਹੀਂ ਆਇਆ, ਪਰੰਤੂ ਫਿਰ ਵੀ ਟੀਮ ਵੱਲੋਂ ਅਜਿਹੀ ਪੜਤਾਲ ਲਗਾਤਾਰ ਜਾਰੀ ਰਹੇਗੀ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਇਸੇ ਦੌਰਾਨ ਅੱਜ ਰਾਜਪੁਰਾ ਦੇ ਐਸਡੀਐਮ ਅਵਿਕੇਸ਼ ਗੁਪਤਾ ਦੀ ਅਗਵਾਈ ਹੇਠ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜੋਬਨਦੀਪ ਕੌਰ ਚੀਮਾ, ਬਾਲ ਸੁਰੱਖਿਆ ਅਫ਼ਸਰ ਰੂਪਵੰਤ ਕੌਰ ਵੱਲੋਂ ਰਾਜਪੁਰਾ ਵਿਖੇ ਕਈ ਹਾਟ-ਸਪਾਟ ਇਲਾਕ?ਆਂ ਵਿੱਚ ਛਾਪਾਮਾਰੀ ਕੀਤੀ। ਇਸ ਦੌਰਾਨ 8 ਬੱਚੇ ਭੀਖ ਮੰਗਦੇ ਬਚਾਏ ਗਏ। ਇਨ੍ਹਾਂ ਨੂੰ ਬਾਲ ਭਲਾਈ ਕਮੇਟੀ ਦੇ ਸਨਮੁੱਖ ਪੇਸ਼ ਕੀਤਾ ਗਿਆ, ਇਨ੍ਹਾਂ ਵਿੱਚੋਂ ਇੱਕ ਬੱਚੇ ਦੇ ਦਸਤਾਵੇਜ਼ਾਂ ਦੀ ਪੜਤਾਲ ਉਪਰੰਤ ਇਸ ਨੂੰ ਪਰਿਵਾਰ ਦੇ ਸਪੁਰਦ ਕਰ ਦਿੱਤਾ ਹੈ।ਜਦੋਂ ਕਿ ਬਾਕੀ ਦੇ 7 ਬੱਚੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਪਣੇ ਚਿਲਡਰਨ ਹੋਮ ਵਿੱਚ ਰੱਖੇ ਗਏ ਹਨ।

# ਸਰਕਾਰੀ ਆਈ.ਟੀ.ਆਈ ਖਰੜ ਐਟ ਰਡਿਆਲਾ (ਲੜਕੀਆਂ) ਦਾ ਦਾਖਲਾ ਸ਼ੁਰੂ



**ਖਰੜ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਦੇ ਸਨਮੁੱਖ ਸਰਕਾਰੀ ਆਈਟੀਆਈ ਖਰੜ ਐਟ ਰਡਿਆਲਾ ਵਿਚ ਨਵੇਂ ਕੋਰਸ ਸੈਸ਼ਨ 2025-26 ਦੀ ਪਹਿਲੀ ਕਾਊਂਸਲਿੰਗ ਦਾ ਦਾਖਲਾ ਸ਼ੁਰੂ ਹੋ ਗਿਆ ਹੈ। ਇਸ ਸਬੰਧੀ ਸੰਸਥਾ ਮੁੱਖ ਅਧਿਆਪਕਾ ਸ਼ਰੀਮਤੀ ਅੰਮ੍ਰਿਤਬੀਰ ਕੌਰ ਹੁੰਦਲ ਨੇ ਦੱਸਿਆ ਕਿ ਸੰਸਥਾ ਵਿਚ ਚਾਰ ਟਰੇਡਾਂ- ਕਟਾਈ-ਸਿਲਾਈ, ਕਢਾਈ, ਕੰਪਿਊਟਰ (ਕੋਪਾ), ਕੌਸਮੈਟੋਲੋਜੀ (ਬਿਊਟੀ ਪਾਰਲਰ) ਦੀਆਂ ਟਰੇਡਾਂ ਚਲ ਰਹੀਆਂ ਹਨ ਅਤੇ ਇਨਾਂ ਟਰੇਡਾਂ ਲਈ ਦਾਖਲਾ ਸ਼ੁਰੂ ਹੋ ਗਿਆ ਹੈ। ਕੋਰਸਾਂ ਵਿਚ ਦਾਖਲਾ ਲੈਣ ਦੇ ਇਛੁੱਕ ਸਿਖਿਆਰਥੀ ਸਰਕਾਰੀ ਆਈ.ਟੀ.ਆਈ ਖਰੜ ਐਟ ਰਡਿਆਲਾ ਵਿਚ ਦਾਖਲਾ ਲੈ ਸਕਦੇ ਹਨ। ਉਹਨਾਂ ਕਿਹਾ ਕਿ ਅਨੁਸੂਚਿਤ ਜਾਤੀ (ਐਸ.ਸੀ) ਸਿਖਿਆਰਥੀ, ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2.50 ਲੱਖ ਤੋਂ ਘੱਟ ਹੈ, ਉਨ੍ਹਾਂ ਦੇ ਫਰੀਸ਼ਿਪ ਕਾਰਡ ਅਪਲਾਈ ਕਰਨ ਤੇ ਟਿਊਸ਼ਨ ਫੀਸ ਮੁਆਫ ਕੀਤੀ ਜਾਂਦੀ ਹੈ ਤੇ ਹਦਾਇਤਾਂ ਅਨੁਸਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਜੀਫਾ ਵੀ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਹ ਸਮੁੱਚੇ ਕੋਰਸ ਆਧੁਨਿਕ ਸਮੇਂ ਦੀ ਇੰਡਸਟਰੀ ਦੀ ਮੰਗ ਨੂੰ ਮੁੱਖ ਰੱਖਦੇ ਹੋਂ ਸ਼ੁਰੂ ਕੀਤੇ ਗਏ ਹਨ ਤੇ ਕੋਰਸ ਕਰਨ ਉਪਰੰਤ ਸਕਿੱਲ ਦੀ ਮੁਹਾਰਤ ਹਾਸਲ ਕਰਕੇ ਸਿਖਿਆਰਥੀ ਸਰਕਾਰੀ ਨੌਕਰੀ, ਮਲਟੀਨੈਸ਼ਨਲ ਕੰਪਨੀ, ਵਿਦੇਸ਼ ਵਿਚ ਤੇ ਸਵੈ-ਰੁਜ਼ਗਾਰ ਪ੍ਰਾਪਤ ਕਰ ਕੇ ਆਪਣਾ ਭਵਿੱਖ ਸਵਾਰ ਸਕਦੇ ਹਨ।

# ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਤੋਂ ਕਰਵਾਈ ਮੈਰਿਟ ਬੋਰਡ ਦੀ ਘੁੰਡ ਚੁਕਾਈ



**ਬਰਨਾਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬੋਰਡ ਦੀਆਂ ਕਲਾਸਾਂ ਵਿਚ ਜ਼ਿਲ੍ਹੇ ਵਿੱਚੋਂ ਅੱਵਲ ਆਉਣ ਵਾਲੇ ਵਿਦਿਆਰਥੀਆਂ ਦੇ ਨਾਂਵਾਂ ਵਾਲਾ ਬੋਰਡ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦਾ ਸ਼ਿੰਗਾਰ ਬਣਿਆ ਹੈ, ਜਿਸ ਦੀ ਘੁੰਡ ਚੁਕਾਈ ਅੱਜ ਡਿਪਟੀ ਕਮਿਸ਼ਨਰ ਬਰਨਾਲਾ ਵਲੋਂ ਵਿਦਿਆਰਥੀਆਂ ਤੋਂ ਕਰਵਾਈ ਗਈ।

ਇਸ ਮੌਕੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਦੱਸਿਆ ਕਿ ਸਰਵਹਿਤਕਾਰੀ ਵਿਦਿਆ ਮੰਦਿਰ ਬਰਨਾਲਾ ਦੀ ਵਿਦਿਆਰਥਣ ਹਰਸੀਰਤ ਕੌਰ ਪੁੱਤਰੀ ਸਿਮਰਦੀਪ ਸਿੰਘ ਅਤੇ ਅਮਨਪ੍ਰੀਤ ਕੌਰ (ਮਾਤਾ) ਨੇ ਬਾਰ੍ਹਵੀਂ ਵਿਚੋਂ 500 ਵਿਚੋਂ 500 ਅੰਕ ਹਾਸਲ ਕਰਕੇ ਸੂਬੇ ਅਤੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਦਸਵੀਂ ਵਿਚੋਂ ਲਾਲਾ ਜਗਤ ਨਾਥ ਵਿਦਿਆ ਮੰਦਿਰ ਧਨੌਲਾ ਦੇ ਅਮਨਿੰਦਰ ਸਿੰਘ ਨੇ ਪੁੱਤਰ ਤਲਵਿੰਦਰ ਸਿੰਘ (ਪਿਤਾ) ਅਤੇ ਤਰਨਜੀਤ ਕੌਰ (ਮਾਤਾ) ਨੇ 650 ਵਿਚੋਂ 632 ਅੰਕ ਹਾਸਲ ਕਰਕੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ।

ਅੱਠਵੀਂ ਵਿਚੋਂ ਸੰਤ ਬਾਬਾ ਲੌਂਗਪੁਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਪੱਖੋਂ ਕਲਾਂ ਦੇ ਰਮਨਦੀਪ ਰਾਮ ਪੁੱਤਰ ਮਹੰਤ ਰਾਮ ਅਤੇ ਸਿਮਰਜੀਤ ਕੌਰ (ਮਾਤਾ) ਨੇ 600 ਵਿਚੋਂ 590 ਅੰਕ ਹਾਸਲ ਕਰਕੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਇਨ੍ਹਾਂ ਵਿਦਿਆਰਥੀਆਂ ਨਾਲ ਮੁਲਾਕਾਤ ਕਰਕੇ ਓਨ੍ਹਾਂ ਨੂੰ ਕਰੀਅਰ ਵਿੱਚ ਸਫ਼ਲ ਹੋਣ ਦੇ ਗੁਰ ਦੱਸੇ ਗਏ ਅਤੇ ਮਿਹਨਤ ਕਰਨ ਲਈ ਪ੍ਰੇਰਿਆ ਗਿਆ ।ਇਸ ਮਗਰੋਂ ਵਿਦਿਆਰਥੀਆਂ ਨੇ ਮੈਰਿਟ ਬੋਰਡ ਦੀ ਘੁੰਡ ਚੁਕਾਈ ਕੀਤੀ।

ਇਸ ਮਗਰੋਂ ਡਿਪਟੀ ਕਮਿਸ਼ਨਰ ਨੇ ਅੱਠਵੀਂ ਵਿਚੋਂ ਜ਼ਿਲ੍ਹੇ ਵਿੱਚੋਂ ਪਹਿਲੇ 2 ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮਾਣਯੋਗ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਵਲੋਂ ਭੇਜੇ ਪ੍ਰਸ਼ੰਸਾ ਪੱਤਰ ਵੀ ਦਿੱਤੇ।

ਇਸ ਮੌਕੇ ਸਹਾਇਕ ਕਮਿਸ਼ਨਰ (ਅੰਡਰ ਟ ?ਰੇਨਿੰਗ) ਸ਼ਿਵਾਂਸ਼ ਰਾਠੀ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸ. ਸੁਨੀਤਇੰਦਰ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਬਰਜਿੰਦਰ ਪਾਲ ਸਿੰਘ, ਸਿਮਰਦੀਪ ਸਿੰਘ ਡੀ ਐਮ ਸਪੋਰਟਸ, ਡੀ ਪੀ ਮਲਕੀਤ ਸਿੰਘ, ਡੀ ਪੀ ਦਲਜੀਤ ਸਿੰਘ, ਜ਼ਿਲ੍ਹਾ ਰੀਸੋਰਸ ਕੋਆਰਡੀਨੇਟਰ ਕਮਲਦੀਪ ਅਤੇ ਉਪਰੋਕਤ ਸਕੂਲਾਂ ਦੇ ਪ੍ਰਿੰਸੀਪਲ ਅਤੇ ਸਟਾਫ਼ ਮੌਜੂਦ ਸੀ।

# ਸਰਕਾਰ ਦੀ ਲੈਂਡ ਪੂਲਿੰਗ ਨੀਤੀ ਨੂੰ ਤੁਰੰਤ ਰੱਦ ਕਰੋ, ਕਿਸਾਨਾਂ ਦੀ ਜ਼ਮੀਨ ਨਾ ਹੱਥਿਆਓ, ਲੋਕਾਂ ਦੇ ਨਾਲ ਖੜੋ: ਬਰਿੰਦਰ ਸਿੰਘ ਢਿੱਲੋਂ

**ਰੂਪ ਨਗਰ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਰੂਪਨਗਰ ਹਲਕੇ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ਼ ਅਤੇ ਕਾਂਗਰਸੀ ਆਗੂ ਬਰਿੰਦਰ ਸਿੰਘ ਢਿੱਲੋਂ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ 'ਤੇ ਲੈਂਡ ਪੂਲਿੰਗ ਨੀਤੀ ਰਾਹੀਂ ਕਿਸਾਨਾਂ ਅਤੇ ਛੋਟੇ ਜ਼ਮੀਨਦਾਰਾਂ ਦਾ ਰੋਜ਼ਗਾਰ ਉਜਾੜਣ ਅਤੇ ਬੇਇੱਤੀ ਨਾਲ ਜ਼ਮੀਨਾਂ ਹੱਥਿਆਉਣ ਦੇ ਗੰਭੀਰ ਦੋਸ਼ ਲਾਏ ਹਨ। ਸ਼ਹਿਰੀਕਰਨ ਦੀ ਮੰਗ ਕਿਸਨੇ ਕੀਤੀ ਸੀ ? ਲੋਕਾਂ ਤੋਂ ਬਿਨਾ ਪੁੱਛੇ, ਪਿੰਡਾਂ ਨੂੰ ਉਜਾੜ ਕੇ, ਕਿਸ ਹਕ ਨਾਲ ਸਰਕਾਰ ਜ਼ਮੀਨ ਲੈ ਰਹੀ ਹੈ ? ਬਰਿੰਦਰ ਸਿੰਘ ਢਿੱਲੋਂ

ਉਨ੍ਹਾਂ ਨੇ ਸਰਕਾਰ ਅਤੇ ਮੌਜੂਦਾ ਵਿਧਾਇਕਾਂ ਅੱਗੇ ਕੁਝ ਸਿੱਧੇ ਤੇ ਕਰਾਰੇ ਸਵਾਲ ਰੱਖੇ: ਛੋਟੀਆਂ ਜ਼ਮੀਨਾਂ ਵਾਲੇ ਕਿਸਾਨਾਂ ਤੋਂ ਬਿਨਾ ਮਨਜ਼ੂਰੀ ਲਏ ਕਿਉਂ ਉਨ੍ਹਾਂ ਦੀ ਜ਼ਮੀਨ ਹੱਥਿਆਈ ਜਾ ਰਹੀ ਹੈ ? ÷ਲੋਕਲ ਹੋਣ÷ ਦਾ ਦਾਅਵਾ ਕਰਨ ਵਾਲੇ ਵਿਧਾਇਕ ਅੱਜ ਪਿੰਡਾਂ ਦੇ ਲੋਕਾਂ ਦੇ ਨਾਲ ਖੜਨ ਤੋ ਕਿਉਂ ਭੱਜ ਰਹੇ ਹਨ ?

30 ਤੋਂ 50 ਸਾਲ ਪੁਰਾਣੀਆਂ ਕਲੋਨੀਆਂ ਵਿੱਚ ਅੱਜ ਤੱਕ ਰਿਹਾਇਸ਼ੀ ਜਾਂ ਵਪਾਰਕ ਪਲਾਟ ਕਿਉਂ ਨਹੀਂ ਵਿਕ ਸਕੇ ?

ਕਿਸਾਨੀ ਨੂੰ ਲੁੱਟਣ ਦੀ ਭਾਜਪਾ ਦੀ ਕੋਸ਼ਿਸ਼ ਤਾਂ ਕਾਲੇ ਕਾਨੂੰਨਾਂ ਰਾਹੀਂ ਹੋਈ ਸੀ — ਪਰ ਆਪ ਨੇ ਤਾਂ ਸਿੱਧਾ ਜ਼ਮੀਨ ਹੀ ਲੈਣੀ ਸ਼ੁਰੂ ਕਰ ਦਿੱਤੀ!

ਇਹ ਲੈਂਡ ਪੂਲਿੰਗ ਪਾਲਿਸੀ ਕਿਸੇ ਲੋਕੀ ਲੋੜ ਜਾਂ ਵਿਕਾਸ ਨਹੀਂ, ਇਹ ਲੈਂਡ ਗ੍ਰੈਬਿੰਗ ਹੈ। ਆਮ ਲੋਕਾਂ ਦੀ ਆਵਾਜ਼ ਦੇ ਬਿਨਾ ਐਸੇ ਕਦਮ ਲੋਕਤੰਤਰ ਅਤੇ ਵਿਸ਼ਵਾਸ ਦੋਵਾਂ ਨੂੰ ਤੋੜਦੇ ਹਨ। ਇਸ ਮੌਕੇ ਬਰਿੰਦਰ ਸਿੰਘ ਢਿੱਲੋਂ ਨੇ ਚੇਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਆਪਣੀ ਨੀਤੀ ਤੁਰੰਤ ਵਾਪਸ ਨਾ ਲਈ, ਤਾਂ ÷ਅਸੀਂ ਲੋਕਾਂ ਦੇ ਨਾਲ ਮਿਲ ਕੇ ਜ਼ਮੀਨ ਹੱਥਿਆਉਣ ਵਾਲੀ ਲੈਂਡ ਪੂਲਿੰਗ ਨੀਤੀ ਖਿਲਾਫ ਸੰਘਰਸ਼ ਚੇੜਾਂਗੇ। ਇਹ ਲੋਕਾਂ ਦੀ ਜ਼ਮੀਨ ਹੈ, ਕੋਈ ਸਰਕਾਰੀ ਜਾਇਦਾਦ ਨਹੀਂ!÷

ਆਖ਼ਰ ਵਿੱਚ, ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਸਿੱਧਾ ਚੁਣੌਤੀ ਦਿੱਤੀ। ਜਿਹੜਾ ਵਿਧਾਇਕ ਕਹਿੰਦਾ ਸੀ ਕਿ ਉਹ 'ਲੋਕਲ' ਹੈ, ਉਹ ਅੱਜ ਲੋਕਲ ਲੋਕਾਂ ਦੇ ਨਾਲ ਕਿਉਂ ਨਹੀਂ ਖੜਿਆ ?

# ਖਾਦਾਂ ਦੀ ਜ਼ਮ੍ਹਾਂਖੋਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ: ਡਾ. ਬੈਨੀਪਾਲ



**ਬਰਨਾਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਮੰਤਰੀ ਪੰਜਾਬ ਸ. ਗੁਰਮੀਤ ਸਿੰਘ ਖੁੱਡੀਆਂ ਦੇ ਨਿਰਦੇਸ਼ਾਂ ਅਤੇ ਡਾ. ਬਸੰਤ ਗਰਗ ਪ੍ਰਬੰਧਕੀ ਸੈਕਟਰੀ ਖੇਤੀਬਾੜੀ ਵਿਭਾਗ ਦੀਆਂ ਹਦਾਇਤਾਂ ਤਹਿਤ ਡਾਕਟਰ ਨਰਿੰਦਰ ਸਿੰਘ ਬੈਨੀਪਾਲ ਜੁਆਇੰਟ ਡਾਇਰੈਕਟਰ (ਪੀਪੀ) ਖੇਤੀਬਾੜੀ ਵਿਭਾਗ ਪੰਜਾਬ ਦੀ ਟੀਮ ਵੱਲੋਂ ਅੱਜ ਜ਼ਿਲ੍ਹਾ ਬਰਨਾਲਾ ਦੀਆਂ ਵੱਖ-ਵੱਖ ਦੁਕਾਨਾਂ 'ਤੇ ਖਾਦ ਡੀਲਰਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਜਗਸੀਰ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਬਰਨਾਲਾ ਵੀ ਮੌਜੂਦ ਰਹੇ।

ਇਸ ਮੌਕੇ ਡਾ. ਬੈਨੀਪਾਲ ਨੇ ਕਿਹਾ ਕਿ ਖਾਦ ਡੀਲਰਾਂ ਦੀ ਵਿਸ਼ੇਸ਼ ਤੌਰ 'ਤੇ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਜੋ ਖਾਦ ਦੀ ਜਮਾਖੋਰੀ ਰੋਕੀ ਜਾ ਸਕੇ। ਉਹਨਾਂ ਦੱਸਿਆ ਕਿ ਅੱਜ ਜ਼ਿਲ੍ਹਾ ਬਰਨਾਲਾ ਵਿੱਚ ਅਣ - ਅਧਿਕਾਰਤ ਗੋਦਾਮ (ਗਡਾਉਨ) ਫੜਿਆ ਗਿਆ ਹੈ ਜਿਸ ਵਿੱਚ ਖਾਦ 450 ਗੱਟੇ ਡੀਏਪੀ ਰੱਖੇ ਹੋਏ ਸਨ। 2000 ਗੱਟੇ ਟੀਐਸਪੀ ਅਤੇ 12.32.16 ਦੇ 700 ਗੱਟੇ ਦੀ ਜਮਾਖੋਰੀ ਕੀਤੀ ਹੋਈ ਸੀ ਜਿਸ ਦੀ ਐਕਟ ਮੁਤਾਬਿਕ ਅਗੇਰਲੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਭਦੌੜ ਵਿਚ ਵੀ ਛਾਪੇਮਾਰੀ ਕੀਤੀ ਗਈ ਅਤੇ ਖਾਦਾਂ/ ਕੀਟਨਾਸ਼ਕਾ ਦੇ ਨਮੂਨੇ ਭਰੇ ਗਏ। ਉਹਨਾਂ ਖਾਦ ਵਿਕਰੇਤਾਵਾਂ ਨੂੰ ਸਖਤ ਹਦਾਇਤਾਂ ਕੀਤੀਆਂ ਕਿ ਜਿੱਥੇ ਕਿਤੇ ਵੀ ਗੈਰ ਮਿਆਰੀ ਜਾਂ ਅਣ - ਅਧਿਕਾਰਤ ਖਾਦ ਸਟੋਰ ਕੀਤੀ ਗਈ ਮਿਲੀ ਤਾਂ ਐਕਟ ਮੁਤਾਬਕ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਸਖਤਹਦਾਇਤਾਂ ਹਨ ਕਿ ਕਿਸਾਨਾਂ ਨੂੰ ਮਿਆਰੀ ਖਾਦਾਂ ਮਹੱਈਆ ਕਰਵਾਈਆਂ ਜਾਣ। ਇਸ ਮੌਕੇ ਡਾ. ਜਤਿੰਦਰ ਸਿੰਘ ਏਡੀਓ ਮੋਹਾਲੀ, ਡਾ. ਸਤਨਾਮ ਸਿੰਘ ਏਡੀਓ (ਇਨਫੋਰਸਮੈਂਟ) ਬਰਨਾਲਾ ਆਦਿ ਮੌਜੂਦ ਸਨ।

# ਬਲਾਕ ਕਾਂਗਰਸ ਕਮੇਟੀ ਦੀ ਮੀਟਿੰਗ ਵਿੱਚ ਨਵ ਨਿਯੁਕਤ ਅਹੁਦੇਦਾਰ ਸਨਮਾਨਿਤ

**ਮਾਛੀਵਾੜਾ ਸਾਹਿਬ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀਆਂ ਹਦਾਇਤਾਂ ਅਨੁਸਾਰ ਰੁਪਿੰਦਰ ਸਿੰਘ ਰਾਜਾ ਗਿੱਲ ਹਲਕਾ ਇੰਚਾਰਜ ਸਮਰਾਲਾ ਦੇ ਅਦੇਸ਼ਾਂ ਤੇ ਬਲਾਕ ਕਾਂਗਰਸ ਕਮੇਟੀ ਮਾਛੀਵਾੜਾ ਸਾਹਿਬ ਦੀ ਮਹੀਨਾ ਵਾਰ ਮੀਟਿੰਗ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਦੀ ਪ੍ਰਧਾਨਗੀ ਵਿੱਚ ਹੋਈ। ਪ੍ਰੈਸ ਨੋਟ ਰਾਹੀਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਦੱਸਿਆ ਕਿ ਮੀਟਿੰਗ ਦੌਰਾਨ ਕਾਂਗਰਸ ਪਾਰਟੀ ਦੇ ਨਿੜਧੱਕ ਆਗੂ ਬੇਟ ਖੇਤਰ ਵਿੱਚ ਕਾਂਗਰਸ ਪਾਰਟੀ ਨੂੰ ਉੱਚਾ ਚੁੱਕਣ ਵਾਲੇ ਸਵ.ਪ੍ਰਕਾਸ਼ ਸਿੰਘ ਸਾਬਕਾ ਸਰਪੰਚ ਉਧੋਵਾਲ ਕਲਾਂ ਦੀ ਹੋਈ ਬੇਵਕਤੀ ਮੌਤ ਤੇ ਸਾਰੇ ਮੈਂਬਰਾਂ ਵੱਲੋਂ ਸ਼ਰਧਾਂਜਲੀ ਭੇਟ ਕਰਦਿਆਂ ਦੋ ਮਿੰਟ ਦਾ ਮੌਨ ਰੱਖਿਆ ਗਿਆ। ਉਸ ਤੋਂ ਬਾਅਦ ਕਾਂਗਰਸ ਪਾਰਟੀ ਦੇ ਸਾਰੇ ਹੀ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਵਿਚਾਰ ਵਟਾਂਦਰਾ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਪਾਰਟੀ ਦਾ ਪ੍ਰਚਾਰ ਹੋਰ ਵੀ ਤੇਜ ਕੀਤਾ ਜਾਵੇਗਾ, ਅਤੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਇਆ ਜਾਵੇ। ਮੀਟਿੰਗ ਦੌਰਾਨ ਇਸ ਗੱਲ ਤੇ ਵੀ ਚਰਚਾ ਹੋਈ ਕਿ ਜੋ ਮਾਛੀਵਾੜਾ ਬਲਾਕ ਦੇ ਪਿੰਡ ਬਾਲਿਓ ਵਿਖੇ 250 ਏਕੜ ਜ਼ਮੀਨ ਲੈਂਡ ਪੁਲਿੰਗ ਪਾਲਸੀ ਵਿੱਚ ਆ ਗਈ ਹੈ, ਉਸ ਨੂੰ ਬਚਾਉਣ ਲਈ ਕਿਸਾਨਾਂ ਦਾ ਹਰ ਹੀਲੇ ਸਾਥ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਰਕਬੇ ਵਿੱਚ ਸਮਰਾਲਾ ਹਲਕੇ ਦੇ ਕਾਂਗਰਸ ਪਾਰਟੀ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦਾ ਵੀ ਆਪਣਾ ਘਰ ਸਮਰਾਲਾ ਹਾਉਸ ਇਸ ਦੇ ਵਿੱਚ ਆ ਰਿਹਾ ਹੈ। ਕਾਂਗਰਸ ਪਾਰਟੀ ਨੇ ਇਸ ਦੇ ਵਿਰੋਧ ਵਿੱਚ ਪਹਿਲਾ ਵੀ ਲੁਧਿਆਨਾ ਵਿਖੇ ਗਲਾਡਾ ਦਫਤਰ ਦੇ ਬਾਹਰ ਸਮਰਾਲੇ ਹਲਕੇ ਵਿੱਚੋ ਵੱਡੀ ਗਿਣਤੀ ਵਿੱਚ ਜਾ ਕੇ ਵਿਰੋਧ ਪ੍ਰਦਰਸ਼ਨ ਕੀਤਾ ਸੀ,ਆਉਣ ਵਾਲੇ ਸਮੇਂ ਵਿੱਚ ਵੀ ਬਲਾਕ ਮਾਛੀਵਾੜਾ ਸਾਹਿਬ ਵਿੱਚ ਰਾਜਾ ਗਿੱਲ ਦੀ ਅਗਵਾਈ ਵਿੱਚ ਸਰਕਾਰ ਦੀ ਕਿਸੇ ਵੀ ਲੋਕ ਵਿਰੋਧੀ ਚਾਲ ਨੂੰ ਕਾਂਗਰਸ ਪਾਰਟੀ ਕਾਮਜਾਬ ਨਹੀਂ ਹੋਣ ਦੇਵੇਗੀ।

ਇਸ ਤੋਂ ਇਲਾਵਾ ਮੀਟਿੰਗ ਵਿੱਚ ਬਲਾਕ ਮਾਛੀਵਾੜਾ ਸਾਹਿਬ ਦੇ ਨਵੇਂ ਅਹੁਦੇਦਾਰਾਂ ਦਾ ਸਨਮਾਨ ਕੀਤਾ ਗਿਆ ਜਿਸ ਵਿੱਚ ਕਪਿਲ ਆਨੰਦ ਸ਼ਹਿਰੀ ਪ੍ਰਧਾਨ ਮਾਛੀਵਾੜਾ ਸਾਹਿਬ, ਮਨਜੀਤ ਕੁਮਾਰੀ ਪ੍ਰਧਾਨ ਮਹਿਲਾ ਕਾਂਗਰਸ ਪਾਰਟੀ ਮਾਛੀਵਾੜਾ ਸਾਹਿਬ, ਵਨੀਤ ਕੁਮਾਰ ਝੜੌਦੀ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਬਲਾਕ ਪ੍ਰਧਾਨ ਮਾਛੀਵਾੜਾ ਸਾਹਿਬ ਮੁੱਖ ਤੌਰ ਤੇ ਸ਼ਾਮਿਲ ਹਨ। ਆਗੂਆਂ ਵੱਲੋਂ ਆਉਣ ਵਾਲੇ ਸਮੇਂ ਵਿਚ ਕਾਂਗਰਸ ਪਾਰਟੀ ਲਈ ਵੱਧ ਚੜ੍ਹ ਕੇ ਆਪਣੀਆਂ ਸੇਵਾਵਾਂ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ ।ਬਲਾਕ ਕਾਂਗਰਸ ਕਮੇਟੀ ਨੇ ਅਹੁਦੇਦਾਰਾਂ ਨੂੰ ਸ਼ੁਭਕਾਮਨਾਵਾਂ ਦਿੱਤੀਆ ਅਤੇ ਕਿਹਾ ਕਿ ਪਾਰਟੀ ਵਿੱਚ ਬਣਦਾ ਮਾਨ ਸਤਿਕਾਰ ਹਰ ਆਗੂ ਹਰ ਵਰਕਰ ਨੂੰ ਦਿੱਤਾ ਜਾਵੇਗਾ।

ਅਖੀਰ ਵਿੱਚ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਮੀਟਿੰਗ ਵਿੱਚ ਸ਼ਾਮਿਲ ਸਾਰੇ ਹੀ ਅਹੁਦੇਦਾਰ ਸਾਹਿਬਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਨੰਦ ਕਿਸ਼ੋਰ ਮੰਡਲ ਪ੍ਰਧਾਨ ਮਾਛੀਵਾੜਾ ਸਾਹਿਬ,ਅਮਰਜੀਤ ਕਾਲਾ ਸਾਬਕਾ ਕੌਂਸਲਰ, ਬਲਵਿੰਦਰ ਰਾਏ ਸੋਨੀ ਸਾਬਕਾ ਕੌਂਸਲਰ, ਜਗਤਾਰ ਸਿੰਘ, ਯੁਵਰਾਜ ਜੀਤ ਸਿੰਘ ਰਾਏ, ਸੁਰਿੰਦਰ ਕੁੰਦਰਾ ਸਾਬਕਾ ਪ੍ਰਧਾਨ, ਰਾਕੇਸ਼ ਕੁਮਾਰ ਸ਼ਿੰਦੂ, ਸੁਭਾਸ਼ ਬੀਟਨ, ਕਸ਼ਮੀਰੀ ਲਾਲ ਚੱਕੀ, ਅੰਮ੍ਰਿਤਪਾਲ ਸਿੰਘ ਚੀਮਾ ਯੂਥ ਪ੍ਰਧਾਨ ਸ਼ਹਿਰੀ ਮਾਛੀਵਾੜਾ ਸਾਹਿਬ, ਜਸਪ੍ਰੀਤ ਸਿੰਘ ਸਹਿਜੋ ਮਾਜਰਾ ਯੂਥ ਪ੍ਰਧਾਨ ਦਿਹਾਤੀ ਮਾਛੀਵਾੜਾ ਸਾਹਿਬ, ਸਰਪੰਚ ਜਗਦੇਵ ਸਿੰਘ ਜੱਗੂ, ਵਿਜੇ ਕੁਮਾਰ ਭੋਲਾ,ਸੰਜੀਵ ਕੁਮਾਰ ਧਨੂੰਰ, ਅਮਨਦੀਪ ਸਿੰਘ ਰਾਣਵਾਂ ਬਲਾਕ ਮੁੱਖ ਬੁਲਾਰਾ, ਚੇਤਨ ਕੁਮਾਰ,ਸੁਖਦੀਪ ਸਿੰਘ ਸੁੱਖਾ ਸੀਨੀਅਰ ਮੀਤ ਪ੍ਰਧਾਨ ਮਾਛੀਵਾੜਾ ਸਾਹਿਬ, ਅੰਗਰੇਜ਼ ਸਿੰਘ ਸਤਾਬਗੜ ਆਦਿ ਮੌਜੂਦ ਸਨ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਹਜ਼ਾਰਾਂ ਨੌਜਵਾਨ ਬਰਬਾਦ ਹੋਣੋਂ ਬਚੇ : ਜੱਸੋਵਾਲ



**ਮਾਛੀਵਾੜਾ ਸਾਹਿਬ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪੰਜਾਬ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਸਾਰਥਿਕ ਅਤੇ ਰਿਕਾਰਡ ਤੋੜ ਨਤੀਜੇ ਸਾਹਮਣੇ ਆ ਰਹੇ ਹਨ, ਜਿਸ ਤਹਿਤ ਪੰਜਾਬ ਦੇ ਹਜ਼ਾਰਾਂ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫਸਣ ਤੋਂ ਬਚ ਗਏ ਹਨ ।ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਲੁਧਿਆਣਾ ਤੋਂ ਵਾਇਸ ਪ੍ਰੈਜ਼ੀਡੈਂਟ ਜਗਤਾਰ ਸਿੰਘ ਜੱਸੋਵਾਲ ਅਤੇ ਹਲਕਾ ਸਮਰਾਲਾ ਤੋਂ ਕੋਆਰਡੀਨੇਟਰ ਰਣਜੀਤ ਸਿੰਘ ਜੀਤੀ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਚਾਰੇ ਪਾਸੇ ਖੂਬ ਪ੍ਰਸੰਸਾ ਹੋ ਰਹੀ ਹੈ। ਉਹਨਾਂ ਦੱਸਿਆ ਕਿ ਇਸ ਮੁਹਿੰਮ ਦੇ ਸਾਰਥਕ ਨਤੀਜਿਆਂ ਨੇ ਪੰਜਾਬ ਦੀ ਜਵਾਨੀ ਨੂੰ ਬਰਬਾਦ ਹੋਣੋਂ ਬਚਾ ਲਿਆ। ਉਹਨਾਂ ਦੱਸਿਆ ਕਿ ਇਸ ਸਬੰਧੀ ਬੀਤੇ ਦਿਨੀ ਉਹਨਾਂ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਆਸ਼ੀਸ਼ ਕੁਮਾਰ ਨਾਲ ਸਾਹਨੇਵਾਲ ਵਿਖੇ ਚੇਅਰਮੈਨ ਹੇਮਰਾਜ ਰਾਜੀ ਦੇ ਦਫਤਰ ਵਿੱਚ ਇੱਕ ਮੀਟਿੰਗ ਵੀ ਹੋਈ ਜਿਸ ਵਿੱਚ ਜ਼ਿਲ੍ਹੇ ਦੇ ਅਹੁਦੇਦਾਰਾਂ ਨੇ ਭਾਗ ਲਿਆ। ਮੀਟਿੰਗ ਵਿੱਚ ਸ਼ਾਮਿਲ ਜਿਲ੍ਹੇ ਦੇ ਸਾਰੇ ਅਹੁਦੇਦਾਰਾਂ ਨੇ ਆਪਣੇ ਆਪਣੇ ਹਲਕਿਆਂ ਵਿੱਚ ਨਸ਼ਾ ਮੁਕਤੀ ਮੁਹਿੰਮ ਨੂੰ ਸਫਲ ਬਣਾਉਣ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਵਿਚਾਰ ਚਰਚਾ ਕੀਤੀ।

ਆਗੂਆਂ ਨੇ ਗੱਲਬਾਤ ਦੌਰਾਨ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਪਣਾਈ ਗਈ ਯੁੱਧ ਨਸ਼ਿਆਂ ਵਿਰੁੱਧ ਨੀਤੀ ਤਹਿਤ ਜਿੱਥੇ ਹਜ਼ਾਰਾਂ ਨੌਜਵਾਨਾਂ ਦੀ ਜਵਾਨੀ ਕੁਰਾਹੇ ਪੈਣ ਤੋਂ ਬੱਚ ਗਈ ਹੈ ਉੱਥੇ ਹੀ ਵੱਡੇ ਵੱਡੇ ਤਸਕਰਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ ਹੈ ਤੇ ਉਹਨਾਂ ਦੀਆਂ ਨਜਾਇਜ਼ ਤਰੀਕੇ ਨਾਲ ਬਣਾਈਆਂ ਗਈਆਂ ਜਾਇਦਾਦਾਂ ਨੂੰ ਵੀ ਜ਼ਬਤ ਕੀਤਾ ਗਿਆ ਹੈ। ਭਾਵੇਂ ਕਿ ਯੁੱਧ ਨਸ਼ਿਆਂ ਵਿਰੁੱਧ ਇਮ ਮੁਹਿੰਮ ਨੂੰ ਪੂਰੇ ਜ਼ੋਰੋ ਖਰੋਸ਼ ਨਾਲ ਚਲਦਿਆਂ 100 ਦਿਨ ਤੋਂ ਉੱਪਰ ਹੋ ਗਿਆ ਹੈ ਪਰ ਇਹ ਰੁਕੇਗੀ ਨਹੀਂ,ਇਹ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਪੰਜਾਬ ਨਸ਼ਾ ਮੁਕਤ ਸੂਬਾ ਨਹੀਂ ਬਣ ਜਾਂਦਾ।

# ਯਿਸੂ ਮਸੀਹ ਦੇ ਮੁਢਲੇ ਵਰ੍ਹੇ

**ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।**

*(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿਧ ਪੁਸਤਕ 'ਯੂਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)*

ਪਹਿਲਾਂ ਤਾਂ ਮਾਂ ਮਰੀਅਮ ਹਾਕਮਾਂ ਦੇ ਤਾਨਾਸ਼ਾਹੀ ਹੁਕਮਾਂ ਦੇ ਡਰ ਤੋਂ ਨਿੱਕੇ ਯਿਸੂ ਨੂੰ ਬਿਲਕੁਲ ਵੀ ਘਰੋਂ ਬਾਹਰ ਨਹੀਂ ਜਾਣ ਦਿੰਦੇ ਸਨ। ਜਿਸ ਘਰ ਵਿਚ ਉਹ ਰਹਿ ਰਹੇ ਸਨ, ਉੱਥੇ ਦੋ ਹੋਰ ਬੱਚੇ ਯਿਸੂ ਦੀ ਉਮਰ ਦੇ ਸਨ ਅਤੇ ਗੁਆਂਢ ਵਿਚ ਛੇ ਹੋਰ ਬੱਚੇ ਵੀ ਉਨ੍ਹਾਂ ਦੀ ਉਮਰ ਦੇ ਸਨ ਪਰ ਮਰੀਅਮ ਉਨ੍ਹਾਂ ਨਾਲ ਵੀ ਯਿਸੂ ਨੂੰ ਖੇਡਣ ਨਹੀਂ ਦਿੰਦੇ ਸਨ। ਪਰ ਜਦੋਂ ਯਿਸੂ ਦੇ ਪਿਤਾ ਯੂਸਫ਼ ਨੇ ਉਨ੍ਹਾਂ ਨੂੰ ਸਮਝਾਇਆ ਇੰਝ ਬੱਚਾ ਦੁਨਿਆਵੀ ਗੱਲਾਂ ਨਹੀਂ ਸਿੱਖ ਸਕੇਗਾ, ਤਦ ਉਨ੍ਹਾਂ ਯਿਸੂ ਨੂੰ ਕੇਵਲ ਲਾਗਲੀ ਬਗ਼ੀਚੀ ਤਕ ਜਾਣ ਦੀ ਇਜਾਜ਼ਤ ਦੇ ਦਿੱਤੀ ਸੀ। ਪਰ ਤਦ ਵੀ ਉਹ ਦੂਰੋਂ ਯਿਸੂ ਉੱਤੇ ਨਜ਼ਰ ਜ਼ਰੂਰ ਰੱਖਦੇ ਸਨ (ਯੂਰੈਂਸ਼ੀਆ 123:0. 2)



ਅਲੈਕਸਾਂਦਰੀਆ 'ਚ ਯਿਸੂ ਆਪਣੇ ਮਾਤਾ-ਪਿਤਾ ਨਾਲ ਦੋ ਸਾਲ ਰਹੇ। ਉਨ੍ਹਾਂ ਦੀ ਸਿਹਤ ਵਧੀਆ ਸੀ। ਤਦ ਤਕ ਆਂਢ-ਗੁਆਂਢ ਵਿਚ ਬਹੁਤ ਸਾਰੇ ਲੋਕਾਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਇੱਥੇ ਕੋਈ ਬੱਚਾ ਵੀ ਰਹਿੰਦਾ ਹੈ, ਜੋ ਅੱਗੇ ਚੱਲ ਕੇ ਸੰਪੂਰਨ ਮਾਨਵਤਾ ਨੂੰ ਇਕ ਨਵੀਂ ਦਿਸ਼ਾ ਤੇ ਮੁਕਤੀ ਦਾ ਰਾਹ ਵਿਖਾਉਣ ਵਾਲਾ ਹੈ। ਪਿਤਾ ਯੂਸਫ਼ ਦੇ ਇਕ ਰਿਸ਼ਤੇਦਾਰ ਨੇ ਮਿਸਰ ਦੇ ਮੇਂਫ਼ਿਸ ਵਿਖੇ ਰਹਿਣ ਵਾਲੇ ਆਪਣੇ ਕੁਝ ਦੋਸਤਾਂ ਨੂੰ ਉਸ ਅਦਭੁਤ ਬੱਚੇ ਬਾਰੇ ਦੱਸਿਆ। ਤਾਂ ਉਹ ਸਾਰੇ ਲੋਕ ਬੱਚਿਆਂ ਨੂੰ ਵੇਖਣ ਲਈ ਇੰਨੀ ਦੂਰ ਤੋਂ ਉੱਥੇ ਪੁੱਜੇ। ਉੱਥੇ ਇਕ ਵਿਅਕਤੀ ਨੇ ਯਿਸੂ ਨੂੰ ਹਿਬਰੂ ਭਾਸ਼ਾ ਵਿਚ ਉਸ ਵੇਲੇ ਦੇ ਧਰਮ-ਗ੍ਰੰਥਾਂ ਦੀ ਇਕ ਕਾਪੀ, ਜੋ ਅਸਲ ਵਿਚ ਯੂਨਾਨੀ ਭਾਸ਼ਾ ਵਿਚ ਅਨੁਵਾਦ ਕੀਤੀ ਗਈ ਸੀ, ਭੇਟ ਕੀਤੀ। ਦੂਰੋਂ ਮਿਲਣ ਆਏ ਉਨ੍ਹਾਂ ਲੋਕਾਂ ਦਾ ਮੰਨਣਾ ਸੀ ਕਿ ਯਿਸੂ ਦਾ ਫ਼ਲਸਤੀਨ ਵਿਚ ਨਹੀਂ, ਸਗੋਂ ਅਲੈਕਸਾਂਦਰੀਆ 'ਚ ਰਹਿਣਾ ਠੀਕ ਰਹੇਗਾ। ਇਸੇ ਲਈ ਉਨ੍ਹਾਂ ਨੇ ਯਿਸੂ ਦੇ ਪਰਿਵਾਰ ਨੂੰ ਕਿਹਾ ਕਿ ਉਹ ਮਿਸਰ 'ਚ ਹੀ ਰਹਿਣ ਪਰ ਮਾਂ ਮਰੀਅਮ ਤੇ ਯੂਸਫ਼ ਦੋਵਾਂ ਨੇ ਇਨਕਾਰ ਕਰ ਦਿੱਤਾ। ਇੰਨੇ ਨੂੰ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਰਾਜਾ ਹੈਰੋਦੇਸ ਦਾ ਦੇਹਾਂਤ ਹੋ ਗਿਆ ਹੈ, ਇਸੇ ਲਈ ਹੁਣ ਉਹ ਫ਼ਲਸਤੀਨ ਵਾਪਸ ਜਾਣਾ ਚਾਹੁੰਦੇ ਸਨ ਪਰ ਮੇਂਫ਼ਿਸ ਤੋਂ ਮਿਲਣ ਆਏ ਲੋਕਾਂ ਕਾਰਨ ਉਨ੍ਹਾਂ ਨੂੰ ਚੱਲਣ ਵਿਚ ਕੁਝ ਦਿਨਾਂ ਦੀ ਦੇਰੀ ਹੋ ਗਈ ਸੀ (ਯੂਰੈਂਸ਼ੀਆ 123:0. 3)

ਯੂਸਫ਼ ਅਤੇ ਮਰੀਅਮ ਤਦ 4 ਬੀ. ਸੀ. ਦੇ ਅਗਸਤ ਮਹੀਨੇ ਵਿਚ ਨਿੱਕੇ ਯਿਸੂ ਨੂੰ ਆਪਣੇ ਨਾਲ ਲੈ ਕੇ ਅਲੈਕਸਾਂਦਰੀਆ ਤੋਂ ਰਵਾਨਾ ਹੋਏ। ਪਿਤਾ ਯੂਸਫ਼ ਨੇ ਆਪਣੇ ਇਕ ਦੋਸਤ ਐਜ਼ਰੀਅਨ ਦੀ ਜੋਪਾ (ਇਜ਼ਰਾਈਲ ਦਾ ਇਕ ਪ੍ਰਸਿੱਧ ਬੰਦਰਗਾਹ ਸ਼ਹਿਰ, ਜਿਸ ਨੂੰ ਅੱਜ ਜੈਫ਼ਾ ਜਾਂ ਯੈਫ਼ੋ ਕਹਿੰਦੇ ਹਨ) ਜਾ ਰਹੀ ਵੱਡੀ ਸਾਰੀ ਕਿਸ਼ਤੀ ਵਿਚ ਯਾਤਰਾ ਕਰਨੀ ਪਸੰਦ ਕੀਤੀ। ਉੱਥੋਂ ਉਹ ਸਿੱਧੇ ਬੈਤਲਹੇਮ ਪੁੱਜੇ। ਉੱਥੇ ਉਹ ਆਪਣੇ ਕੁਝ ਜਾਣਕਾਰਾਂ ਕੋਲ ਪੂਰਾ ਸਤੰਬਰ ਮਹੀਨਾ ਰਹੇ ਅਤੇ ਉਨ੍ਹਾਂ ਤੋਂ ਇਹ ਸਲਾਹ ਲੈਂਦੇ ਰਹੇ ਕਿ ਕੀ ਉਨ੍ਹਾਂ ਨੂੰ ਇੱਥੇ ਰਹਿਣਾ ਚਾਹੀਦਾ ਹੈ ਜਾਂ ਨਾਸਰਤ ਪਰਤ ਜਾਣਾ ਚਾਹੀਦਾ ਹੈ (ਯੂਰੈਂਸ਼ੀਆ 123:0.4)

*...ਜਾਰੀ*

ਅਨੁਵਾਦ **-ਮਹਿਤਾਬ-ਉਦ-ਦੀਨ**

## ਉਜੂ



**ਉਜੂ** ਕਹਿੰਦੇ ਹਨ ਵੁਜ਼ੂ ਕਰਨ ਨੂੰ। ਹਜ਼ਰਤ ਬਾਬਾ ਸ਼ੇਖ਼ ਫ਼ਰੀਦ ਦੀ ਬਾਣੀ ਵਿਚ ਵੁਜ਼ੂ ਲਈ ਉਜੂ ਸ਼ਬਦ ਦਾ ਇਸਤੇਮਾਲ ਕੀਤਾ ਗਿਆ ਹੈ। ਆਪ ਦਾ ਕਲਾਮ ਹੈ 'ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ।' ਹਰ ਨਮਾਜ਼ ਪੜ੍ਹਨ ਤੋਂ ਪਹਿਲਾਂ, ਕੁਰਆਨ ਮਜੀਦ ਦੀ ਤਿਲਾਵਤ ਕਰਨ ਤੋਂ ਪਹਿਲਾਂ ਉਜੂ ਜਾਂ ਵੁਜ਼ੂ ਕੀਤਾ ਜਾਂਦਾ ਹੈ।

ਕੁਰਆਨ ਮਜੀਦ ਦੀ ਤਿਲਾਵਤ ਕਰਨ ਤੋਂ ਪਹਿਲਾਂ ਉਜੂ ਜਾਂ ਵੁਜ਼ੂ ਕੀਤਾ ਜਾਂਦਾ ਹੈ। ਪਹਿਲਾਂ ਵੁਜ਼ੂ ਕਰਨ ਦੀ ਨੀਅਤ ਕੀਤੀ ਜਾਂਦੀ ਹੈ। ਸਾਫ਼ ਪਾਣੀ ਲੈ ਕੇ ਕੂਹਣੀਆਂ ਤਕ ਹੱਥ ਧੋਤੇ ਜਾਂਦੇ ਹਨ, ਕੁਰਲੀ ਕੀਤੀ ਜਾਂਦੀ ਹੈ। ਨੱਕ ਸਾਫ਼ ਕੀਤਾ ਜਾਂਦਾ ਹੈ। ਸਿਰ, ਕੰਨਾਂ ਅਤੇ ਗਰਦਨ ਦਾ ਮਸਹਾ ਕੀਤਾ ਜਾਂਦਾ ਹੈ। ਗਿੱਟਿਆਂ ਤਕ ਪੈਰ ਧੋਤੇ ਜਾਂਦੇ ਹਨ। ਉਜੂ ਜਾਂ ਵੁਜ਼ੂ ਤੋਂ ਬਿਨਾਂ ਨਮਾਜ਼ ਅਦਾ ਨਹੀਂ ਕੀਤੀ ਜਾ ਸਕਦੀ। ਕੁਝ ਖ਼ਾਸ ਹਾਲਤਾਂ ਵਿਚ ਉਜੂ ਦੀ ਥਾਂ ਤਯੱਮੁਮ ਕੀਤਾ ਜਾ ਸਕਦਾ ਹੈ।

**• ਪ੍ਰੋ. ਗੁਰਚਰਨ ਸਿੰਘ ਤਲਵਾੜਾ**

# ਭਗਤੀ ਤੇ ਸ਼ਕਤੀ ਦੇ ਪ੍ਰਤੀਕ ਸ਼ਿਵ ਸਵਰੂਪ ਆਤਮਾ

**ਬਰਸੀ 'ਤੇ ਵਿਸ਼ੇਸ਼**

ਪੰਜਾਬ ਦੀ ਧਰਤੀ ਪੀਰਾਂ-ਪੈਗੰਬਰਾਂ, ਸਾਧੂ ਸੰਤਾਂ ਅਤੇ ਗੁਰੂਆਂ ਪੀਰਾਂ ਦੀ ਧਰਤੀ ਹੈ। ਪੰਜਾਬ ਦੇ ਜ਼ਿਲ੍ਹਾ ਮੁਹਾਲੀ ਦੇ ਸ਼ਹਿਰ ਕੁਰਾਲੀ ਦੀ ਧਰਤੀ ਨੂੰ ਇਹ ਗੌਰਵ ਪ੍ਰਾਪਤ ਹੈ ਕਿ ਤਪ-ਤਿਆਗ ਦੇ ਸਵਾਮੀ ਸ਼ਿਵ ਸਵਰੂਪ ਆਤਮਾ ਨਦੀ ਪਾਰ ਕੁਰਾਲੀ ਨੇ ਕੇਰਲ ਪ੍ਰਾਂਤ ਤੋਂ ਆ ਕੇ ਇੱਥੇ ਦੀ ਧਰਤੀ ਨੂੰ ਭਾਗ ਲਾਏ। ਉਨ੍ਹਾਂ ਧਰਮ ਹੰਸ ਯੋਗੀ ਦੇ ਰੂਪ ਵਿਚ ਮਾਨਵ ਕਲਿਆਣ ਹਿੱਤ ਆਪਣੇ ਪਵਿੱਤਰ ਚਰਨਾਂ ਦੀ ਪਾਰਸ ਛੁਹ ਪ੍ਰਦਾਨ ਕਰ ਕੇ ਕੁਰਾਲੀ ਨੂੰ ਤੀਰਥ ਬਣਾ ਦਿੱਤਾ ਹੈ। ਉਹ ਇਥੇ 54 ਸਾਲ ਰਹੇ। 1946 ਤੋਂ ਅਗਸਤ 2000 ਤਕ ਉਨ੍ਹਾਂ ਨੇ ਆਪਣੇ ਨਾਮ ਸਿਮਰਨ ਨਾਲ ਇਸ ਆਸ਼ਰਮ ਨੂੰ ਪਾਵਨ ਕਰ ਦਿੱਤਾ।



ਸੁਆਮੀ ਜੀ ਦੇ ਦੁਆਰੇ 'ਤੇ ਗਿਆਨ ਦੀ ਗੰਗਾ ਨਿਰੰਤਰ ਵਹਿੰਦੀ ਰਹੀ। ਕੁਟੀਆ ਦਾ ਵਾਤਾਵਰਨ ਪ੍ਰਾਚੀਨ ਆਸ਼ਰਮ ਦੀ ਤਰ੍ਹਾਂ ਗੁਰੂ ਤੇ ਸ਼ਿਸ ਵਿਚ ਅਟੁੱਟ ਰਿਸ਼ਤਾ ਜੋੜਨ ਵਾਲਾ ਰਿਹਾ ਹੈ। ਗਿਆਨ ਦੀ ਅੰਮ੍ਰਿਤ ਧਾਰਾ ਵਿਚ ਜਗਿਆਸੂ ਵਾਸਤਵਿਕ ਗਿਆਨ, ਅਧਿਆਤਮ ਅਤੇ ਰੂਹਾਨੀਅਤ ਸਬੰਧੀ ਜਾਣਕਾਰੀ ਅਤੇ ਅਨੁਭਵ ਪ੍ਰਦਾਨ ਕਰਦੇ ਰਹੇ ਹਨ। ਉਨ੍ਹਾਂ ਦਾ ਜੀਵਨ ਤਪ, ਤਿਆਗ ਅਤੇ ਦਿਆਲੂਪੁਣੇ ਦੀ ਪਾਕ ਪਵਿੱਤਰਤਾ ਵਾਲਾ ਹੈ, ਜੋ ਸਾਧੂ ਦੀ ਅਸਲ ਪਰਿਭਾਸ਼ਾ ਕਹੀ ਜਾ ਸਕਦੀ ਹੈ। ਜਿੱਥੇ ਸਾਦਗੀ ਉਨ੍ਹਾਂ ਦੇ ਤੇੜ ਲਪੇਟੀ ਚਾਦਰ, ਹੱਥ ਫੜੀ ਚਿੱਪੀ ਤੇ ਲਾਠੀ ਵਿਚ ਨਜ਼ਰ ਆਉਂਦੀ ਸੀ, ਉੱਥੇ ਕਠਿਨ ਤਪੱਸਿਆ ਦਾ ਰੱਬੀ ਨੂਰ ਵੀ ਉਨ੍ਹਾਂ ਦੇ ਚਿਹਰੇ ਵਿੱਚੋਂ ਡੁੱਲ੍ਹ-ਡੁੱਲ੍ਹ ਪੈਂਦਾ ਸੀ।

ਉਨ੍ਹਾਂ ਦੇ ਆਸ਼ਰਮ ਵਿਚ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਹੀਂ। ਸਮੁੱਚੇ ਭਾਈਚਾਰੇ ਅਤੇ ਸਾਂਝੀਵਾਲਤਾ ਦੀ ਤਸਵੀਰ ਇਸ ਆਸ਼ਰਮ ਵਿਚ ਮਿਲਦੀ ਹੈ। ਜੜ੍ਹੀਆਂ-ਬੂਟੀਆਂ ਬਾਰੇ ਉਨ੍ਹਾਂ ਦਾ ਗਿਆਨ ਇਸ ਕਦਰ ਕਮਾਲ ਦਾ ਸੀ ਕਿ ਉਨ੍ਹਾਂ ਦੇ ਦੱਸੇ ਨੁਸਖੇ ਨਾਲ ਤਿਆਰ ਕੀਤੀਆ ਗਈਆਂ ਦਵਾਈਆਂ ਕਈ ਰੋਗਨਾਸ਼ਕ ਸਨ। ਇਹ ਦਵਾਈਆਂ ਅੱਜ ਵੀ ਕੁਟੀਆ ਵਿਚ ਮੁਫ਼ਤ ਮਿਲਦੀਆਂ ਹਨ।

ਸੁਆਮੀ ਜੀ ਨੇ ਕੁਰਾਲੀ ਵਿਖੇ ਬਹੁਤ ਵੱਡੇ ਪੁਰਾਣੇ, ਗੰਦੇ ਟੋਭੇ ਨੂੰ ਸੰਗਤਾਂ ਰਾਹੀ ਮਿੱਟੀ ਨਾਲ ਭਰਾ ਕੇ ਉੱਥੇ ਸਰਕਾਰੀ ਹਸਪਤਾਲ ਉਸਾਰਨ ਵਿਚ ਯੋਗਦਾਨ ਪਾਇਆ। ਉਨ੍ਹਾਂ ਦੀ ਅਗਵਾਈ ਵਿਚ ਕੁਰਾਲੀ ਨੂੰ ਲਾਗਲੇ 100-150 ਪਿੰਡਾਂ ਨਾਲ ਜੋੜਨ ਵਾਲੇ ਇਕ ਵੱਡੇ ਪੁੱਲ ਦਾ ਨਿਰਮਾਣ ਹੋਇਆ। ਸੁਆਮੀ ਜੀ 5 ਅਗਸਤ 2000 ਨੂੰ ਸਰੀਰਕ ਯਾਤਰਾ ਪੂਰੀ ਕਰ ਗਏ। ਉਨ੍ਹਾਂ ਦੀ ਸੋਲਵੀਂ ਬਰਸੀ 28 ਜੁਲਾਈ ਨੂੰ ਕੈਲਾਸ਼ ਧਾਮ ਨਦੀ ਪਾਰ ਕੁਰਾਲੀ ਵਿਖੇ ਮਨਾਈ ਜਾ ਰਹੀ ਹੈ।

**• ਕਪਿਲ ਮੋਹਨ ਅਗਰਵਾਲ**
**ਮੋਬਾਇਲ** 95655-96231

# ਗੁਰਦੁਆਰਾ ਮਾਲਟੇਕੜੀ ਸਾਹਿਬ

ਗੁਰਦੁਆਰਾ ਮਾਲਟੇਕੜੀ ਸਾਹਿਬ ਨਾਂਦੇੜ ਦੇ ਬ੍ਰਹਮਪੁਰੀ ਮਹੱਲੇ ਵਿਖੇ ਗੋਦਾਵਰੀ ਦੇ ਕਿਨਾਰੇ ਸਥਿਤ ਹੈ। ਇਸ ਦੇ ਸ਼ਬਦੀ ਅਰਥਾਂ ਅਨੁਸਾਰ ਮਾਲ ਤੋਂ ਭਾਵ ਖਜ਼ਾਨਾ ਤੇ ਟੇਕੜੀ ਤੋਂ ਭਾਵ ਉੱਚੀ ਜਗ੍ਹਾ ਤੋਂ ਹੈ। ਇਸ ਪਵਿੱਤਰ ਅਸਥਾਨ 'ਤੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਜਦ ਮੱਕੇ ਮਦੀਨੇ ਨੂੰ ਗਏ ਸਨ, ਇਸ ਜਗ੍ਹਾ 'ਤੇ ਵੀ ਆਏ ਸਨ। ਇਹ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਗੁਪਤ ਖਜ਼ਾਨੇ ਦੀ ਜਗ੍ਹਾ ਦੱਸੀ ਜਾਂਦੀ ਹੈ। ਜਿਸ ਦੀ ਰੱਖਿਆ ਕਰਨ ਲਈ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਕਰਤਾਰਪੁਰ ਤੋਂ ਇਕ ਫ਼ਕੀਰ ਜਿਸ ਦਾ ਨਾਂ ਲੱਕੜਸ਼ਾਹ ਸੀ, ਭੇਜਿਆ। ਇਸ ਫ਼ਕੀਰ ਲੱਕੜਸ਼ਾਹ ਨੇ ਛੇਵੇਂ ਪਾਤਸ਼ਾਹ ਤੋਂ ਲੈ ਕੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੇ ਆਉਣ ਤਕ ਇਸ ਖਜ਼ਾਨੇ ਦੀ ਰਖਵਾਲੀ ਕੀਤੀ।



ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਦੋਂ ਨਾਂਦੇੜ ਸ਼ਹਿਰ ਵਿਚ ਆਏ ਤਾਂ ਉਨ੍ਹਾਂ ਨੇ ਗੁਰਦੁਆਰਾ ਸੰਗਤ ਸਾਹਿਬ ਵਾਲੀ ਥਾਂ ਡੇਰਾ ਲਾਇਆ। ਉਨ੍ਹਾਂ ਨਾਲ ਜੋ ਸਿੱਖ ਫ਼ੌਜਾਂ ਆਈਆਂ ਸਨ, ਜਦ ਉਨ੍ਹਾਂ ਨੇ ਗੁਰੂ ਜੀ ਨੂੰ ਘਰ ਵਾਪਸੀ ਦੀ ਬੇਨਤੀ ਕੀਤੀ ਤਾਂ ਦਸਮੇਸ਼ ਪਿਤਾ ਜੀ ਨੇ ਪੰਜ ਪਿਆਰੇ ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਨੂੰ ਹੁਕਮ ਕੀਤਾ ਕਿ ਗੁਰੂ ਨਾਨਕ ਦੇਵ ਜੀ ਦਾ ਗੁਪਤ ਖਜ਼ਾਨਾ ਮਾਲਟੇਕੜੀ ਦੀ ਜਗ੍ਹਾ ਹੈ, ਲੈ ਕੇ ਆਓ।

ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਸਿੱਖ ਫ਼ੌਜਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਗੁਪਤ ਖਜ਼ਾਨੇ ਨੂੰ ਕੱਢਕੇ, ਖੱਚਰਾਂ, ਬੈਲ ਗੱਡੀਆਂ ਵਿਚ ਭਰਕੇ ਗੁਰਦੁਆਰਾ ਸੰਗਤ ਸਾਹਿਬ ਵਾਲੀ ਥਾਂ 'ਤੇ ਗੁਰੂ ਜੀ ਦੀ ਹਜ਼ੂਰੀ ਵਿਚ ਲੈ ਆਈਆਂ। ਦਸਮੇਸ਼ ਪਿਤਾ ਜੀ ਨੇ ਇਹ ਖਜ਼ਾਨਾ ਢਾਲਾਂ ਭਰ-ਭਰ ਕੇ ਫ਼ੌਜਾਂ ਨੂੰ ਵੰਡਿਆ ਅਤੇ ਬਾਕੀ ਜੋ ਖਜ਼ਾਨਾ ਬਚ ਗਿਆ, ਉਹ ਵਾਪਸ ਗੁਰਦੁਆਰਾ ਮਾਲਟੇਕੜੀ ਵਾਲੀ ਥਾਂ 'ਤੇ ਗੁਪਤ ਰੱਖ ਦਿੱਤਾ। ਸਿੰਘਾਂ ਨੇ ਪੁੱਛਿਆ ਮਹਾਰਾਜ ਇਹ ਬਚਿਆ ਖਜ਼ਾਨਾ ਇਸ ਥਾਂ 'ਤੇ ਗੁਪਤ ਰੱਖਣ ਦਾ ਕੀ ਕਾਰਨ ਹੈ? ਗੁਰੂ ਜੀ ਨੇ ਫਰਮਾਇਆ ਜਦੋਂ ਖ਼ਾਲਸਾ 96 ਕਰੋੜ ਸਜੇਗਾ, ਉਸ ਦਿਨ ਇਸ ਥਾਂ 'ਤੇ ਦੱਬੇ ਗੁਪਤ ਖਜ਼ਾਨੇ ਤੋਂ ਢਾਈ ਦਿਨ ਦਾ ਅਤੁੱਟ ਲੰਗਰ ਵਰਤੇਗਾ।

ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਆਏ ਸ਼ਰਧਾਲੂ ਇਸ ਖ਼ਾਲਸਾਈ ਗੁਪਤ ਖਜ਼ਾਨੇ ਨਾਲ ਸਬੰਧਿਤ ਗੁਰਦੁਆਰਾ ਮਾਲਟੇਕੜੀ ਸਾਹਿਬ ਦੇ ਦਰਸ਼ਨ ਵੀ ਜ਼ਰੂਰ ਕਰਦੇ ਹਨ।

**• ਕੁਲਦੀਪ ਸਿੰਘ ਬੰਗੀ**
**ਮੋਬਾਈਲ**- 94174-07778

**ਡਾ. ਸਤਿੰਦਰ ਪਾਲ ਸਿੰਘ**

***ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਲੱਖਾਂ ਸ਼ਰਧਾਲੂ ਹਰ ਰੋਜ਼ ਸ੍ਵੈ-ਪ੍ਰੇਰਣਾ ਤਹਿਤ ਆਉਂਦੇ ਹਨ। ਉਹ ਲੰਬੀਆਂ ਲਾਈਨਾਂ 'ਚ ਲੱਗ ਕੇ ਮੱਥਾ ਟੇਕਦੇ ਤੇ ਪੰਗਤ 'ਚ ਬੈਠ ਕੇ ਲੰਗਰ ਛਕਦੇ ਹਨ...***

# ਹਰਿਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ



ਸ੍ਰੀ ਹਰਿਮੰਦਰ ਸਾਹਿਬ ਸੰਸਾਰ ਦਾ ਵਿਲੱਖਣ ਪਵਿੱਤਰ ਅਸਥਾਨ ਹੈ ਜਿੱਥੇ ਦਿਨ ਰਾਤ ਪਰਮੇਸ਼ਵਰ ਦੀ ਮਹਿਮਾ ਦਾ ਗਾਇਨ ਹੁੰਦਾ ਰਹਿੰਦਾ ਹੈ। ਇਸ ਦੇ ਦੁਆਰ ਬਿਨਾ ਕਿਸੇ ਭੇਦਭਾਵ ਹਰ ਧਰਮ, ਵਰਣ, ਜਾਤ, ਨਸਲ ਦੇ ਲੋਕਾਂ ਲਈ ਸਦਾ ਖੁੱਲ੍ਹੇ ਰਹਿੰਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ ਦੇ ਠੀਕ ਸਾਮ੍ਹਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਨੇ ਇਸ ਅਸਥਾਨ ਨੂੰ ਰੂਹਾਨੀਅਤ ਦੇ ਸਿਖ਼ਰ 'ਤੇ ਪਹੁੰਚਾ ਦਿੱਤਾ। ਧਰਮ ਆਪਣੇ ਪੂਰਣ ਸਵਰੂਪ 'ਚ ਪਰਗਟ ਹੋਇਆ ਨਜ਼ਰ ਆਇਆ ਜਿਵੇਂ ਪੂਰਨਮਾਸ਼ੀ ਦਾ ਮੁਕੰਮਲ ਚੰਨ। ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਭਾ ਮੰਡਲ ਸਰਬ ਕਲਿਆਣ, ਸਾਂਝੀਵਾਲਤਾ, ਸਿਦਕ ਤੇ ਸੰਜਮ ਦੀਆਂ ਕਿਰਣਾਂ ਨਾਲ ਪੂਰੇ ਬ੍ਰਹਿਮੰਡ ਨੂੰ ਰੋਸ਼ਨ ਕਰਨ ਲੱਗ ਪਿਆ। ਪਾਪ ਤੇ ਸੰਤਾਪ ਨਾਲ ਡੋਲ ਰਹੀ ਕਲਜੁਗੀ ਧਰਤੀ ਤੇ ਵਿਸਮਾਦ ਵਾਪਰਿਆ ਤੇ ਧਰਮ ਤੇ ਨਿਆਂ ਦੇ ਪੱਖ 'ਚ ਸੰਤੁਲਨ ਕਾਇਮ ਹੋ ਗਿਆ। ਧਰਮ ਦਾ ਇਹ ਜਲਾਲ ਹੰਕਾਰੀਆਂ, ਮੂੜ੍ਹ ਤਾਕਤਾਂ ਨੂੰ ਕਿਵੇਂ ਸੁਹਾਉਂਦਾ। ਉਨ੍ਹਾਂ ਨੂੰ ਆਪਣਾ ਝੂਠ ਦੀ ਨੀਂਹ ਤੇ ਬਣਿਆ ਸਿੰਘਾਸਨ ਡੋਲਦਾ ਨਜ਼ਰ ਆਇਆ। ਅਜਿਹੀਆਂ ਸ਼ਕਤੀਆਂ ਕਿਸੇ ਨਾ ਕਿਸੇ ਰੂਪ 'ਚ ਨਿਰੰਤਰ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਕਰਦਿਆਂ ਆਈਆਂ ਹਨ। ਸ੍ਰੀ ਹਰਿਮੰਦਰ ਸਾਹਿਬ ਦੀ ਮਹਾਨਤਾ ਨੂੰ ਸਮਝਣ ਤੇ ਵੇਖ ਪਾਉਣ ਦੀ ਸਮਰਥਾ ਇਨ੍ਹਾਂ ਅੰਦਰ ਸ਼ਾਇਦ ਪਰਮਾਤਮਾ ਨੇ ਹੀ ਨਹੀਂ ਸੀ ਬਖਸ਼ੀ। ਸ੍ਰੀ ਹਰਿਮੰਦਰ ਸਾਹਿਬ ਰੋਸ਼ਨੀ ਦਾ ਘਰ ਬਣ ਕੇ ਸਾਮ੍ਹਣੇ ਆਇਆ। ਜਿਨ੍ਹਾਂ ਅੰਦਰ ਕੂੜ੍ਹ, ਕਪਟ ਤੇ ਕਮਤਰੀ ਹੋਵੇ ਉਨ੍ਹਾਂ ਨੂੰ ਹਨੇਰੇ ਵਿਚ ਰਹਿਣ ਦੀ ਸੁਭਾਵਕ ਆਦਤ ਹੁੰਦੀ ਹੈ। ਰੋਸ਼ਨੀ ਉਨ੍ਹਾਂ ਨੂੰ ਆਪਣੀ ਸਭ ਤੋਂ ਵੱਡੀ ਦੁਸ਼ਮਣ ਲੱਗਦੀ ਹੈ। ਹਨੇਰੇ ਦੇ ਸਿਪਾਹੀ ਸਦਾ ਤੋਂ ਹੀ ਰੋਸ਼ਨੀ ਦੇ ਘਰ ਨੂੰ ਜਿੱਤਣ ਦੀਆਂ ਸਾਜ਼ਿਸ਼ਾਂ ਕਰਦੇ ਆਏ ਹਨ ਪਰ ਉਹ ਆਪ ਹਨੇਰੇ 'ਚ ਗੁੰਮ ਹੋ ਗਏ। ਰੋਸ਼ਨੀ ਦੀ ਰਾਹ ਕੋਈ ਰੋਕ ਨਹੀਂ ਸਕਿਆ।

ਸ੍ਰੀ ਹਰਿਮੰਦਰ ਸਾਹਿਬ ਆਪਣੀ ਉਸਾਰੀ ਦੇ ਦਿਨ ਤੋਂ ਹੀ ਨਿਡਰ ਸੋਚ ਤੇ ਅਟਲ ਸੰਕਲਪ ਦਾ ਪ੍ਰਤੀਕ ਬਣ ਗਿਆ ਸੀ। ਗੁਰੂ ਰਾਮ ਦਾਸ ਜੀ ਨੇ ਪ੍ਰਸਿੱਧ ਮੁਸਲਿਮ ਪੀਰ ਸਾਈਂ ਮੀਆਂ ਮੀਰ ਜੀ ਕੋਲੋਂ ਇਸ ਪਾਵਨ ਅਸਥਾਨ ਦੀ ਨੀਂਹ ਰਖਵਾ ਕੇ ਪੂਰੇ ਸੰਸਾਰ ਨੂੰ ਇਹ ਸੁਨੇਹਾ ਦਿੱਤਾ ਕਿ ਸਿੱਖ ਪੰਥ ਮਨੁੱਖਤਾ ਦਾ ਪੰਥ ਹੈ। ਇੱਥੇ ਪ੍ਰੇਮ, ਭਾਈਚਾਰੇ ਤੇ ਬਰਾਬਰੀ ਦੀ ਕਦਰ ਤੇ ਇਸ ਲਈ ਮਰ ਮਿਟਣ ਦਾ ਜਜ਼ਬਾ ਹੈ। ਸੰਸਾਰ ਅੰਦਰ ਸੱਚ ਦੇ ਮਾਰਗ 'ਤੇ ਚੱਲਣ ਵਾਲਿਆਂ ਦਾ ਸਹਾਈ ਆਪ ਪਰਮਾਤਮਾ ਹੁੰਦਾ ਹੈ। ਜਿਸ ਵੀ ਅਸਥਾਨ 'ਤੇ ਸੱਚ ਦੀ ਚਰਚਾ ਹੋਵੇ ਪਰਮਾਤਮਾ ਆਪ ਉਸ ਦੀ ਸ਼ੋਭਾ ਵਧਾਉਣ ਲਈ ਹਾਜ਼ਰ ਹੁੰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸੱਚ ਦੇ ਪ੍ਰਤੀਕ ਬਣ ਕੇ ਉਭਰੇ ਇਸ 'ਚ ਪਰਮਾਤਮਾ ਦੀ ਰਜਾ ਤੇ ਰਹਿਮਤ ਵਰਤ ਰਹੀ ਸੀ। ਗੁਰੂ ਅਰਜਨ ਸਾਹਿਬ ਨੇ ਗਵਾਹੀ ਦਿੱਤੀ ਕਿ ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ, ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ, ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ।

ਪਰਮਾਤਮਾ ਦੀ ਹਰ ਰਚਨਾ ਪਾਵਨ ਹੈ ਜਿਸ ਨੂੰ ਪਰਮਾਤਮਾ ਨੇ ਗੁਣਾਂ ਨਾਲ ਭਰਪੂਰ ਕੀਤਾ ਹੈ। ਤਨ ਹੋਵੇ ਜਾਂ ਥਾਨ ਜੋ ਰੋਸ਼ਨੀ ਲਈ ਹੈ, ਪਰਮਾਤਮਾ ਉਸ ਲਈ ਹੈ, ਉਸ ਵਿਚ ਹੈ। ਜਿੱਥੇ ਰੋਸ਼ਨੀ ਹੈ ਉੱਥੇ ਅੰਮ੍ਰਿਤ ਬਰਸ ਰਿਹਾ ਹੈ। ਅਜਿਹਾ ਤਨ ਤੇ ਅਸਥਾਨ ਸੁੱਖਾਂ ਦਾ ਸੋਮਾ ਬਣ ਜਾਉਂਦਾ ਹੈ। ਹਨੇਰੇ ਦੇ ਵਾਸੀ ਇਸ ਫ਼ਰਕ ਨੂੰ ਨਹੀਂ ਵੇਖ ਪਾਉਂਦੇ ਤੇ ਹੰਕਾਰ 'ਚ ਚੂਰ ਹੋ ਆਪਣੇ ਆਪ ਨੂੰ ਜਗਤ ਦਾ ਸੁਆਮੀ ਮੰਨਦੇ ਆਏ ਹਨ। ਇਸ ਕਾਰਨ ਹੀ ਅਜਿਹੀਆਂ ਤਾਕਤਾਂ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਮਿਟਾਉਣ ਦੇ ਨਿਰੰਤਰ ਜਤਨ ਕਰਦਿਆਂ ਆਈਆਂ ਹਨ।

ਭਾਈ ਗੁਰਦਾਸ ਜੀ ਬੜੇ ਹੀ ਦੂਰਅੰਦੇਸ਼ ਵਿਦਵਾਨ ਸਨ। ਆਪ ਨੇ ਗੁਰੂ ਅਰਜਨ ਸਾਹਿਬ ਦੇ ਕਾਲ ਵਿਚ ਹੀ ਭਵਿੱਖ ਦੇ ਦਰਸ਼ਨ ਕਰ ਲਏ ਸਨ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਸ਼ੋਭਾ ਦੁਨਿਆਵੀ ਤਾਕਤਾਂ ਨੂੰ ਰਾਸ ਨਹੀਂ ਆਉਣੀ। ਭਾਈ ਸਾਹਿਬ ਨੇ ਰਾਜੇ ਮਹਾਰਾਜਿਆਂ ਨੂੰ ਆਈਨਾ ਦਿਖਾਉਂਦਿਆਂ ਕਿਹਾ ਕਿ ਤੁਸਾਂ ਤਾਂ ਆਪਣਾ ਰਾਜ ਪਾਟ, ਆਪਣੇ ਪੁੱਤਰ ਨੂੰ ਸੌਂਪ ਕੇ ਦੁਨੀਆ ਤੋਂ ਵਿਦਾ ਹੋ ਜਾਣਾ ਹੈ। ਦੁਨੀਆਵਾ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ। ਪਰ ਵਾਹਿਗੁਰੂ ਦਾ ਦਰਬਾਰ ਅਵਿਚਲ ਤੇ ਅਟਲ ਹੈ। ਇਹ ਸੱਚੀ ਦਰਗਾਹ ਸਦਾ ਹੀ ਇੱਕੋ ਅਕਾਲ ਪੁਰਖ ਦੇ ਹੁਕਮ ਵਿਚ ਕਾਇਮ ਰਹਿਣੀ ਹੈ। ਇਕ ਦੋਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ। ਸੰਸਾਰਕ ਤਾਕਤਾਂ ਲਈ ਭਾਈ ਗੁਰਦਾਸ ਜੀ ਨੇ ਕਿਹਾ ਕਿ ਜੋ ਵੀ ਰਾਜ ਸਿੰਹਾਸਨ 'ਤੇ ਬੈਠਦਾ ਹੈ ਆਪਣੀ ਮਨਮਰਜ਼ੀ ਕਰਦਾ ਹੈ ਤੇ ਉਸ ਦੇ ਅਹਿਲਕਾਰ ਵੀ ਉਹੋ ਜਿਹੀ ਰੀਤ ਧਾਰਣ ਕਰ ਲੈਂਦੇ ਹਨ। ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ। ਸਤਿਗੁਰੁ ਦੇ ਦਰਬਾਰ ਦਾ ਅਜਿਹਾ ਢੰਗ ਨਹੀਂ ਹੈ। ਗੁਰੂ ਦਰਬਾਰ ਸਦਾ ਤੋਂ ਹੀ ਸੱਚ ਦੀ ਰਾਹ 'ਤੇ ਚੱਲਦਾ ਆ ਰਿਹਾ ਹੈ ਤੇ ਇਸੇ 'ਤੇ ਹੀ ਚੱਲਦਾ ਰਹਿਣ ਵਾਲਾ ਹੈ। ਬਾਬਾਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ। ਇਹ ਸ੍ਰੀ ਹਰਿਮੰਦਰ ਸਾਹਿਬ ਦੀ ਸਭ ਤੋਂ ਵੱਡੀ ਸ਼ਕਤੀ ਹੈ ਜੋ ਅੱਜ ਵੀ ਕਾਇਮ ਹੈ। ਦਰਬਾਰਨ ਮਹਿ ਤੇਰੋ ਦਰਬਾਰਾ ਸਰਨ ਪਾਲਨ ਟੀਕਾ। ਇਸ ਪਾਵਨ ਅਸਥਾਨ ਦੀਆਂ ਰਾਹਾਂ ਸਦਾ ਹੀ ਸ਼ਰਧਾਲੂ ਤੇ ਸ਼ਰਣਾਗਤ ਨੂੰ ਗਲ ਲਾਉਣ ਲਈ ਤਿਆਰ ਰਹਿੰਦੀਆਂ ਹਨ। ਰਾਖਿ ਲੀਏ ਅਪੇ ਜਨ ਆਪ। ਸ੍ਰੀ ਹਰਿਮੰਦਰ ਸਾਹਿਬ 'ਚ ਆਉਣ ਵਾਲੇ ਹਰ ਜਾਚਕ ਨੂੰ ਰੋਸ਼ਨੀ ਵਿਖਾਈ ਪਈ ਹੈ, ਉਸ ਦੀ ਸ਼ੋਭਾ ਬਣੀ ਹੈ। ਪਰ ਦੋਖੀ ਨੂੰ ਦੰਡ ਵੀ ਭੁਗਤਨਾ ਪਿਆ ਹੈ। ਸ੍ਰੀ ਹਰਿਮੰਦਰ ਸਾਹਿਬ ਦਾ ਵਜੂਦ ਮਿਟਾਉਣ ਦੀਆਂ ਕੋਸ਼ਿਸ਼ਾਂ ਕਰਨ ਵਾਲਿਆਂ ਨੂੰ ਇਤਿਹਾਸ ਨੇ ਹੀ ਮਿਟਾ ਦਿੱਤਾ ਤੇ ਇਸ ਪਾਵਨ ਅਸਥਾਨ ਦੀ ਸ਼ੋਭਾ ਦਿਨੋ ਦਿਨ ਵਧਦੀ ਹੀ ਗਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਕਤੀ ਨੇ ਪੀਰੀ ਨੂੰ ਮੀਰੀ ਨਾਲ ਜੋੜ ਕੇ ਹਨੇਰੇ ਦੀਆਂ ਤਾਕਤਾਂ ਨੂੰ ਸਦਾ ਹੀ ਤਕੜਾ ਜਵਾਬ ਦਿੱਤਾ ਹੈ। ਜਦੋਂ ਹਾਲਾਤ ਨਾ ਸੰਭਲਦੇ ਹੋਣ ਤਾਂ ਤੇਗ ਉਠਾਉਣਾ ਜਾਇਜ਼ ਹੋ ਜਾਂਦਾ ਹੈ।

ਨਿਤਪ੍ਰਤਿ ਆਨ ਦੇਤ ਹਮ ਦੁੱਖ।
ਬਿਨਾ ਲੜੇ ਕਬ ਪਾਈਐ ਸੁੱਖ।
ਜੋ ਬਚ ਰਹੂਗੁ ਸੋ ਦੁਖ ਨ ਪਾਊਗੁ।
ਜੋ ਜੋ ਮਰੂਗੁ ਸੁਰਗ ਸਿਧਾਊਗੁ।

ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਬਚਾਉਣ ਲਈ ਸਿੱਖਾਂ ਦੀਆਂ ਹੋਈਆਂ ਕੁਰਬਾਨੀਆਂ ਦਾ ਸ਼ਾਨਦਾਰ ਇਤਿਹਾਸ ਹੈ। ਗੁਰੂ ਨਾਨਕ ਸਾਹਿਬ ਸਿੱਖੀ ਦੇ ਮਾਰਗ 'ਤੇ ਚੱਲਣ ਲਈ ਸਿਰ ਤਕ ਦੇਣ ਦਾ ਵਚਨ ਪਹਿਲਾਂ ਹੀ ਲੈ ਚੁੱਕੇ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿਰ ਲੈ ਕੇ ਅੰਮ੍ਰਿਤ ਪਾਨ ਕਰਾਇਆ ਤੇ ਸਰਦਾਰੀ ਬਖਸ਼ੀ। ਇਹ ਸਰਦਾਰੀ ਇਕ ਭਾਵਨਾਤਮਕ ਬਲ ਸੀ ਜੋ ਸਹਿਜ ਹੋ ਵੱਡੇ ਤੋਂ ਵੱਡੇ ਦੁੱਖ ਜਰ ਸਕਦਾ ਸੀ ਤੇ ਦੁੱਖਾਂ ਨੂੰ ਜੜੋਂ ਪੁੱਟਣ ਦੀ ਤਾਬ ਵੀ ਰੱਖਦਾ ਸੀ। ਸੰਸਾਰ ਅੰਦਰ ਇਸ ਤੋਂ ਸ੍ਰੇਸ਼ਠ ਅਵਸਥਾ ਹੋਰ ਕੋਈ ਨਹੀਂ ਹੋ ਸਕਦੀ। ਪਰਮਾਤਮਾ ਹਰ ਵਿਪਦਾ, ਹਰ ਔਕੜ 'ਚ ਆਪ ਸਿੱਖਾਂ ਦਾ ਸਹਾਈ ਹੋਇਆ ਹੈ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਦੋਖੀਆਂ ਨੂੰ ਦੰਡ ਮਿਲਿਆ ਹੈ।

ਹਰਿ ਕਾਟੀ ਕੁਟਿਲਤਾ ਕੁਠਾਰਿ॥
ਭ੍ਰਮ ਬਨ ਦਹਨ ਭਏ ਖਿਨ ਭੀਤਰਿ ਰਾਮ ਨਾਮ ਪਰਹਾਰਿ॥ (ਪੰਨਾ 1225)

ਸੰਸਾਰ ਅੰਦਰ ਜਨਮ ਲੈਣ ਵਾਲਾ ਮਨੁੱਖ, ਉਹ ਭਾਵੇਂ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੋਵੇ ਜੇ ਸ੍ਰੀ ਹਰਿਮੰਦਰ ਸਾਹਿਬ ਦੇ ਰੂਪ 'ਚ ਧਰਤੀ ਤੇ ਵਾਪਰੇ ਅਦੁੱਤੀ ਇਨਕਲਾਬ ਨੂੰ ਜਾਣ ਤੇ ਸਮਝ ਨਹੀਂ ਪਾਇਆ ਤਾਂ ਇਸ ਤੋਂ ਵੱਡੀ ਬਦਕਿਸਮਤੀ ਉਸ ਦੀ ਨਹੀਂ ਹੋ ਸਕਦੀ।

**ਮੋਬਾਈਲ.** 94159 60533

**ਪ੍ਰਸਿੱਧ ਕਥਾ ਵਾਚਕ**

# ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲੇ

ਸਿੱਖ ਇਤਿਹਾਸ ਵਿਚ ਕਥਾ ਤੇ ਕਥਾ ਵਾਚਕਾਂ ਦਾ ਬਹੁਤ ਮਹੱਤਵ ਹੈ। ਸਿੱਖ ਇਤਿਹਾਸ ਵਿਚ ਸਭ ਤੋਂ ਪਹਿਲੇ ਵਿਆਖਿਆਕਾਰ ਹੋਣ ਦਾ ਸੁਭਾਗ ਭਾਈ ਗੁਰਦਾਸ ਜੀ ਨੂੰ ਜਾਂਦਾ ਹੈ। ਉਨ੍ਹਾਂ ਨੇ ਆਪਣੀਆਂ ਵਾਰਾਂ ਵਿਚ ਜਿੱਥੇ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਹੈ, ਉੱਥੇ ਗੁਰਬਾਣੀ ਦੇ ਅਰਥ ਵੀ ਕੀਤੇ ਹਨ। ਭਾਈ ਅਮਰੀਕ ਸਿੰਘ ਦਾ ਨਾਂ ਅੱਜ ਦੇ ਕਥਾਵਾਚਕਾਂ ਵਿਚ ਪ੍ਰਮੁੱਖ ਹੈ। ਉਹ ਬੜੇ ਹੀ ਵੈਰਾਗ 'ਚ ਅਤੇ ਡੂੰਘਾਈ ਵਿਚ ਜਾ ਕੇ ਕਥਾ ਕਰਦੇ ਹਨ। ਭਾਵੇਂ ਰਹਿ ਉਹ ਮੋਹਾਲੀ ਰਹੇ ਹਨ ਪਰ ਉਨ੍ਹਾਂ ਨੂੰ ਚੰਡੀਗੜ੍ਹਵਾਲੇ ਕਿਹਾ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਕਈ ਸਾਲ ਚੰਡੀਗੜ੍ਹ ਦੇ ਸੈਕਟਰ 34 ਦੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਕਥਾ ਦੀ ਡਿਊਟੀ ਸੰਭਾਲੀ ਅਤੇ 1996 ਤਕ ਇਹ ਸੇਵਾ ਕਰਦੇ ਰਹੇ।



ਆਪ ਦਾ ਜਨਮ ਪਿੰਡ ਸੋਲਖੀਆਂ (ਰੂਪਨਗਰ) ਵਿਖੇ ਹੋਇਆ। ਦਸਵੀਂ ਤਕ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਗੁਰਮਤਿ ਕਾਲਜ ਚੌਂਤਾ ਰੋਪੜ ਤੋਂ ਦੋ ਸਾਲ ਦਾ ਗੁਰਮਤਿ ਦਾ ਕੋਰਸ ਕੀਤਾ। ਇਸ ਪਿਛੋਂ ਆਪ ਨੇ 1987 ਤੋਂ ਜਲੰਧਰ ਦੇ ਪ੍ਰਮੁੱਖ ਗੁਰੂ ਘਰਾਂ ਵਿਚ ਕਥਾ ਦੀ ਸੇਵਾ ਨਿਭਾਈ ਅਤੇ 1988 ਵਿਚ ਆਪ ਨੂੰ ਆਲ ਇੰਡੀਆ ਰੇਡੀਓ ਜਲੰਧਰ ਤੋਂ ਗੁਰਬਾਣੀ ਵਿਚਾਰ ਪ੍ਰੋਗਰਾਮ ਦੌਰਾਨ ਵਾਰਤਾ ਦੇਣ ਦਾ ਮੌਕਾ ਮਿਲਿਆ। ਇਹ ਪ੍ਰੋਗਰਾਮ ਹਰ ਰੋਜ਼ ਸ਼ਾਮੀਂ 5.30 ਵਜੇ ਤੋਂ ਪ੍ਰਸਾਰਿਤ ਹੁੰਦਾ ਹੈ। ਆਪ ਕਈ ਸਾਲ ਗੁਰਬਾਣੀ ਵਿਚਾਰ ਪ੍ਰੋਗਰਾਮ ਵਿਚ ਕਥਾ ਕਰਦੇ ਰਹੇ।

1989 ਤੋਂ ਆਪ ਚੰਡੀਗੜ੍ਹ ਦੇ ਸੈਕਟਰ 22 ਦੇ ਗੁਰਦੁਆਰਾ ਸਾਹਿਬ ਵਿਖੇ ਆ ਗਏ ਜਿੱਥੇ ਕਿ ਕਥਾ ਦੀ ਸੇਵਾ ਨਿਭਾਉਂਦੇ ਰਹੇ। ਇਸ ਤੋਂ ਬਾਅਦ 1990 ਤੋਂ ਚੰਡੀਗੜ੍ਹ ਦੇ ਸੈਕਟਰ 34 ਦੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਆ ਗਏ। ਇਸੇ ਦੌਰਾਨ ਆਪ ਨੂੰ 1996 ਵਿਚ ਹੀ ਪਹਿਲੀ ਵਾਰੀ ਕੈਨੇਡਾ ਜਾਣ ਦਾ ਮੌਕਾ ਮਿਲਿਆ। ਆਪ ਨੇ ਕੁੱਝ ਮਹੀਨੇ ਕੈਨੇਡਾ ਵਿਖੇ ਧਰਮ ਪ੍ਰਚਾਰ ਕੀਤਾ ਤੇ ਇਸ ਤੋਂ ਮਗਰੋਂ ਦੁਨੀਆ ਦੇ ਹੋਰ ਕਈ ਪ੍ਰਮੁੱਖ ਦੇਸ਼ਾਂ ਦਾ ਦੌਰਾ ਕੀਤਾ। ਆਪ ਨੇ ਆਪਣੀਆਂ ਕਥਾਵਾਂ ਦੇ ਸੰਗ੍ਰਹਿ ਵੀ ਤਿਆਰ ਕੀਤੇ ਅਤੇ ਹੁਣ ਤਕ 10 ਪੁਸਤਕਾਂ ਲਿਖ ਚੁੱਕੇ ਹਨ। ਇਨ੍ਹਾਂ ਦੀਆਂ ਪੁਸਤਕਾਂ ਵਿਚ ਗਿਆਨ ਅੰਜਨ ਗੁਰ ਦੀਆ, ਸੰਸਾਰ ਤੋਂ ਨਿਰੰਕਾਰ ਤਕ, ਵਿਆਹ ਅਤੇ ਨਿਰਬਾਹ, ਜਗਤ ਗੁਰ ਸੁਆਮੀ, ਥਾਲ ਵਿਚਿ ਤਿੰਨਿ ਵਸਤੂ ਪਈਓ, ਖਾਲਸੇ ਦੀ ਵਿਰਾਸਤ, ਗੁਰਮੁਖ ਸੋਈ ਸਹਿਜ ਸਮਾਵੈ, ਗੁਰੂ ਪਿਆਰਿਆਂ ਰਾਹੀਂ ਗੁਰੂ ਦੀਦਾਰੇ, ਗੁਰਮਤਿ ਮੋਤੀ (ਦੋ ਭਾਗਾਂ ਵਿਚ) ਦੇ ਨਾਂ ਸ਼ਾਮਲ ਹਨ। ਇਨ੍ਹਾਂ ਦੀ ਅਗਲੀ ਪੁਸਤਕ 'ਗੁਰਮਤਿ ਮੋਤੀ' ਛਪਾਈ ਅਧੀਨ ਹੈ।

ਭਾਈ ਅਮਰੀਕ ਸਿੰਘ ਦੀ ਕਥਾ ਸ਼ੈਲੀ ਦਾ ਦਿਲਚਸਪ ਪੱਖ ਇਹ ਹੈ ਕਿ ਜਿਹੜਾ ਇਤਿਹਾਸ ਸਾਡੀਆਂ ਨਜ਼ਰਾਂ ਤੋਂ ਦੂਰ ਕੇਵਲ ਕਿਤਾਬਾਂ ਦੀਆਂ ਬੁੱਕਲਾਂ ਵਿਚ ਹੀ ਪਿਆ ਸੀ, ਉਸਦੀ ਕਥਾ ਕਰ ਕੇ ਆਪ ਨੇ ਬਹੁਤ ਹੀ ਸੌਖੇ ਤਰੀਕੇ ਨਾਲ ਸੰਗਤਾਂ ਤਕ ਪਹੁੰਚਾਇਆ। ਆਪ ਨੂੰ ਕਈ ਵਾਰੀ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਕਥਾ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦੀ ਸੋਚ ਹੈ ਕਿ ਮੇਰੇ ਮਰਨ ਤੋਂ ਪਹਿਲਾਂ-ਪਹਿਲਾਂ ਜਾਂ ਮਗਰੋਂ ਗੁਰਮਤਿ ਦਾ ਚਿਰਾਗ ਘਰ-ਘਰ ਵਿਚ ਜਗ ਜਾਵੇ।

**• ਗੁਰਪ੍ਰੀਤ ਕੌਰ**

**ਤਲਵਿੰਦਰ ਸ਼ਾਸਤਰੀ ਨਾਰੀਕੇ**

# ਸਾਉਣ ਦੇ ਨਰਾਤੇ

ਭਗਵਾਨ ਸ੍ਰੀ ਕ੍ਰਿਸ਼ਨ ਜੀ ਸ੍ਰੀਮਦ ਭਗਵਦ ਗੀਤਾ ਦੇ ਸੱਤਵੇਂ ਅਧਿਆਇ ਦੇ ਸ਼ਲੋਕ ਵਿਚ ਉਚਾਰਨ ਕਰਦੇ ਹਨ : ਧਰਤੀ, ਜਲ, ਅਗਨੀ, ਹਵਾ, ਆਕਾਸ਼, ਮਨ, ਬੁੱਧੀ ਤੇ ਅਹੰਕਾਰ 8 ਤਰ੍ਹਾਂ ਦੀ ਵਿਭਾਜਿਤ ਹੋਈ ਮੇਰੀ ਪ੍ਰਕਿਰਤੀ ਹੈ। ਇਹ 8 ਪ੍ਰਕਾਰ ਦੇ ਭੇਦਾਂ ਵਾਲੀ ਤਾਂ ਅਪਰਾ ਅਰਥਾਤ ਮੇਰੀ ਜੜ੍ਹ ਪ੍ਰਕਿਰਤੀ ਹੈ। ਹੇ ਮਹਾਬਾਹੋ! ਇਸ ਤੋਂ ਦੂਸਰੀ ਨੂੰ ਜਿਸ ਨੇ ਸਾਰੇ ਸੰਸਾਰ ਨੂੰ ਧਾਰਣ ਕੀਤਾ ਹੋਇਆ ਹੈ, ਮੇਰੀ ਜੀਵਰੂਪਾ ਅਰਥਾਤ ਚੇਤਨ ਪ੍ਰਕਿਰਤੀ ਸਮਝ। ਇਹ ਨੌਵਾਂ ਤੱਤ ਜੀਵ ਰੂਪੀ ਅਰਥਾਤ ਪ੍ਰਕਿਰਤੀ/ਦੁਰਗਾ ਰੂਪ ਸਮਝ।' ਮਾਂ ਦੁਰਗਾ ਸੁੱਖਾਂ ਨਾਲ ਝੋਲੀ ਭਰਨ ਵਾਲੀ, ਹਰੇਕ ਪ੍ਰਕਾਰ ਦੇ ਦੁੱਖਾਂ ਨੂੰ ਦੂਰ ਕਰਨ ਵਾਲੀ ਹੈ, ਜਿਸ ਦੀ ਜਯੋਤੀ ਨਿਰੰਕਾਰ ਹੈ, ਉਸਦਾ ਉਜਿਆਰਾ ਤਿੰਨ ਲੋਕਾਂ ਵਿਚ ਫੈਲਿਆ ਹੋਇਆ ਹੈ।ਕਿਹਾ ਗਿਐ, "ਨਮੋ ਨਮੋ ਦੁਰਗੇ ਸੁਖ ਕਰਨੀ, ਨਮੋ ਨਮੋ ਅੰਬੇ ਦੁੱਖ ਹਰਨੀ। ਨਿਰੰਕਾਰ ਹੈ ਜਯੋਤੀ ਤੁਮਾਰੀ,ਤਿਹੁੰ ਲੋਕ ਫੈਲੀ ਉਜਿਆਰੀ। ਸਾਵਨ ਮਹੀਨੇ ਦੇ ਸ਼ੁਕਲ ਪੱਖ ਦੀ ਇਸ ਸ਼ੁਭ ਸ਼ੁਰੂਆਤ ਨੂੰ ਛਿੰਨਮਸਤਿਕਾ ਮਾਤਾ ਸ੍ਰੀ ਚਿੰਤਾਪੁਰਨੀ ਜੀ, ਮਾਤਾ ਸ੍ਰੀ ਚਾਮੁੰਡਾ ਦੇਵੀ ਜੀ ਤੇ ਮਾਤਾ ਸ੍ਰੀ ਨੈਣਾ ਦੇਵੀ ਜੀ ਦੀ ਵਿਸ਼ੇਸ਼ ਤੌਰ 'ਤੇ ਪੂਜਾ-ਅਰਾਧਨਾ ਦੇ 9 ਦਿਨਾਂ ਨੂੰ ਮਾਤਾ ਦੇ ਨਰਾਤੇ, ਮਾਤਾ ਦਾ ਚਾਲਾ ਤੇ ਸਾਵਨ ਦਾ ਚਾਲਾ ਸ਼ਬਦਾਂ ਨਾਲ ਪੁਕਾਰਿਆ ਜਾਂਦਾ ਹੈ। ਇਹ ਸਾਵਨ ਦਾ ਚਾਲਾ ਤਿਥ ਏਕਮ ਤੋਂ ਸ਼ੁਰੂ ਹੁੰਦਾ ਹੈ ਤੇ ਅਸ਼ਟਮੀ ਤਿਥ ( ਜਿਸਨੂੰ ਦੁਰਗਾ ਅਸ਼ਟਮੀ ਨਾਂ ਨਾਲ ਵੀ ਜਾਣਿਆ ਜਾਂਦਾ ਹੈ) ਵਾਲੇ ਦਿਨ ਮਾਤਾ ਦੀ ਸ਼ਕਤੀ ਪੀਠ 'ਤੇ ਮਾਤਾ ਦੇ ਭਗਤ ਪੂਜਾ-ਅਰਚਨਾ ਕਰਕੇ ਦੇਸੀ ਘਿਉ ਦੀਆਂ ਕੜਾਹੀਆਂ ਕਰਵਾਕੇ ਵਾਪਸ ਆਪਣੇ ਘਰਾਂ ਨੂੰ ਚਾਲੇ ਪਾਉਂਦੇ ਹਨ। ਮਾਤਾ ਦੇ ਭਵਨਾਂ ਵਿਚ ਨਾ ਜਾ ਸਕਣ ਵਾਲੇ ਲੋਕ ਆਪਣੇ ਘਰਾਂ ਵਿਚ ਹੀ ਕੰਜਕਾਂ ਨੂੰ ਬੁਲਾਉਂਦੇ ਹਨ। ਉਨ੍ਹਾਂ ਦੀ ਦੁਰਗਾ ਦੇ ਰੂਪ ਵਿਚ ਪੂਜਾ ਕੀਤੀ ਜਾਂਦੀ ਹੈ। ਉਨ੍ਹਾਂ ਦੇ ਪੈਰ ਧੋ ਕੇ ਜਲ ਨੂੰ ਚਰਣ+ਅੰਮ੍ਰਿਤ=ਚਰਨਾਮਤ ਦੇ ਰੂਪ ਵਿਚ ਗ੍ਰਹਿਣ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਸ਼ਰਧਾ ਤੇ ਪ੍ਰੇਮ ਨਾਲ ਭੋਜਨ ਖੁਆ ਕੇ ਦਾਨ-ਦਕਸ਼ਣਾ ਦਿੱਤੀ ਜਾਂਦੀ ਹੈ।

ਸਾਡੇ ਧਰਮ-ਸ਼ਾਸਤਰਾਂ ਦਾ ਇਹ ਕਥਨ ਹੈ ਕਿ "ਭਾਰਤ ਦੀ ਪਵਿੱਤਰ ਧਰਤੀ 'ਤੇ ਜਦੋਂ-ਜਦੋਂ ਵੀ ਕਿਸੇ ਯੁੱਗਪੁਰਸ਼ ਨੇ ਪਾਪੀਆਂ ਤੇ ਅਤਿਆਚਾਰੀਆਂ ਖ਼ਿਲਾਫ਼ ਆਪਣੇ ਸ਼ਸਤਰ ਉਠਾਏ, ਉਨ੍ਹਾਂ ਵਿਰੁੱਧ ਯੁੱਧ ਦਾ ਐਲਾਨ ਕੀਤਾ ਤਾਂ ਉਨ੍ਹਾਂ ਵੱਲੋਂ ਸਭ ਤੋਂ ਪਹਿਲਾਂ ਮਾਤਾ ਦੁਰਗਾ ਦੀ ਚੰਡੀ ਦੇ ਰੂਪ ਵਿਚ ਉਪਾਸ਼ਨਾ ਕੀਤੀ। ਇਸ ਮੌਕੇ ਕੀਤੇ ਹਵਨ-ਯੱਗ ਤੋਂ ਪ੍ਰਸੰਨ ਹੋ ਕੇ ਮਾਂ ਦੁਰਗਾ ਨੇ ਵੀ ਪ੍ਰਗਟ ਹੋ ਕੇ ਖੜਗ ਆਪਣੇ ਆਸ਼ੀਰਵਾਦ ਦੇ ਰੂਪ ਵਿਚ ਉਨ੍ਹਾਂ ਨੂੰ ਭੇਟ ਕੀਤੀ।'



ਮਾਤਾ ਸ੍ਰੀ ਨੈਣਾ ਦੇਵੀ ਸ਼ਕਤੀ ਪੀਠ ਸਮੁੰਦਰੀ ਤਲ ਤੋਂ ਲਗਪਗ 1177 ਮੀਟਰ ਦੀ ਉਚਾਈ 'ਤੇ ਜ਼ਿਲ੍ਹਾ ਬਿਲਾਸਪੁਰ (ਹਿਮਾਚਲ ਪ੍ਰਦੇਸ਼)ਵਿਖੇ ਸਥਿਤ ਹੈ।ਇਸ ਆਦਿ ਸ਼ਕਤੀ ਮਾਂ ਦੁਰਗਾ ਸ਼ਕਤੀਪੀਠ ਬਾਰੇ ਪੌਰਾਣਾਂ ਵਿਚ ਇਕ ਕਥਾ ਦਾ ਵਰਣਨ ਕੀਤਾ ਮਿਲਦਾ ਹੈ। ਇਸ ਕਥਾ ਅਨੁਸਾਰ ਜਦੋਂ ਮਾਤਾ ਸਤੀ ਦੇ ਪਿਤਾ ਪਰਵਤ ਰਾਜ ਦਕਸ਼ ਵੱਲੋਂ ਭਗਵਾਨ ਸ਼ਿਵ ਨੂੰ ਬਿਨਾਂ ਨਿਮੰਤ੍ਰਣ ਦਿੱਤਿਆਂ ਹਵਨ ਯੱਗ ਕਰਵਾਇਆ ਗਿਆ। ਉਸ ਯੱਗ ਵਿਚ ਆਪਣੇ ਪਤੀ ਭਗਵਾਨ ਸ਼ਿਵ ਦਾ ਅਪਮਾਨ ਨਾ ਸਹਿੰਦਿਆਂ ਮਾਤਾ ਸਤੀ ਨੇ ਹਵਨ-ਕੁੰਡ ਵਿਚ ਹੀ ਆਪਣੇ ਆਪ ਨੂੰ ਆਹੂਤੀ ਦੇ ਰੂਪ ਵਿਚ ਪ੍ਰਵੇਸ਼ ਕਰ ਦਿੱਤਾ ਸੀ। ਇਸ ਦੁਖਦ ਬਿਰਤਾਂਤ ਨੂੰ ਸੁਣਦਿਆਂ ਹੀ ਭਗਵਾਨ ਸ਼ਿਵ ਨੇ ਕ੍ਰੋਧਿਤ ਹੋ ਕੇ ਸਤੀ ਨੂੰ ਆਪਣੇ ਮੋਢਿਆਂ 'ਤੇ ਉਠਾ ਕੇ ਆਕਾਸ਼ ਵਿਚ ਤਾਂਡਵ-ਨਾਚ ਸ਼ੁਰੂ ਕਰ ਦਿੱਤਾ ਸੀ। ਉਸ ਮੌਕੇ ਦੇਵਤਿਆਂ ਨੇ ਮਿਲਕੇ ਭਗਵਾਨ ਵਿਸ਼ਨੂੰ ਜੀ ਨੂੰ ਸ਼ਿਵ ਜੀ ਦਾ ਕ੍ਰੋਧ ਸ਼ਾਂਤ ਕਰਨ ਦੀ ਬੇਨਤੀ ਕੀਤੀ। ਉਨਾਂ ਕਿਹਾ, ਹੇ ਪ੍ਰਭੂ, ਵਿਸ਼ਨੂੰ ਜੀ! ਜੇ ਇਸ ਮੌਕੇ ਤੁਸੀਂ ਸ਼ਿਵ ਜੀ ਦਾ ਕ੍ਰੋਧ ਸ਼ਾਂਤ ਨਾ ਕੀਤਾ ਤਾਂ ਬ੍ਰਹਿਮੰਡ ਵਿਚ ਪਰਲੋ ਆ ਸਕਦੀ ਹੈ। ਦੇਵਤਾਵਾਂ ਵੱਲੋਂ ਕੀਤੀ ਬੇਨਤੀ ਨੂੰ ਸਵੀਕਾਰ ਕਰਦਿਆਂ ਭਗਵਾਨ ਵਿਸ਼ਨੂੰ ਜੀ ਨੇ ਆਪਣੇ ਸ੍ਰੀ ਚੱਕਰ ਨਾਲ ਮਾਤਾ ਸਤੀ ਦੀ ਦੇਹੀ ਦੇ 51 ਟੁਕੜੇ ਕਰ ਦਿੱਤੇ। ਆਕਾਸ਼ ਮਾਰਗ 'ਤੇ ਚੱਲਦਿਆਂ ਮਾਤਾ ਸਤੀ ਜੀ ਦਾ ਜੋ-ਜੋ ਪਵਿੱਤਰ ਅੰਗ ਜਿੱਥੇ-ਜਿੱਥੇ ਡਿਗਿਆ,ਉੱਥੇ-ਉੱਥੇ ਹੀ ਸ਼ਕਤੀ-ਪੀਠ ਦੀ ਸਥਾਪਨਾ ਹੋਈ।

ਪੌਰਾਣਾਂ ਦਾ ਇਹ ਮੰਨਣਾ ਹੈ ਕਿ ਇਸ ਸਥਾਨ 'ਤੇ ਮਾਤਾ ਸਤੀ ਦੇ ਨੈਣ ਗਿਰੇ ਸਨ। ਇਸ ਲਈ ਇਸ ਸ਼ਕਤੀ ਪੀਠ ਨੂੰ ਮਾਤਾ ਨੈਣਾਂ ਦੇਵੀ ਸ਼ਕਤੀ ਪੀਠ ਨਾਂ ਨਾਲ ਜਾਣਿਆ ਜਾਂਦਾ ਹੈ।

ਦੂਜੀ ਕਥਾ ਮੁਤਾਬਿਕ ਇਕ ਨੈਣਾ ਨਾਂ ਦਾ ਭਗਤ ਇੱਥੇ ਆਪਣੀਆਂ ਗਊਆਂ ਚਰਾਉਣ ਲਈ ਆਉਂਦਾ ਸੀ। ਅਕਸਰ ਇਕ ਗਊ ਦੂਜੀਆਂ ਗਾਵਾਂ ਤੋਂ ਵੱਖ ਹੋ ਕੇ ਜਦੋਂ ਇਸ ਸਥਾਨ 'ਤੇ ਆਉਂਦੀ ਤਾਂ ਉਸ ਦੇ ਥਣਾਂ ਵਿੱਚੋਂ ਦੁੱਧ ਦੀਆਂ ਧਾਰਾਂ ਵਹਿ ਤੁਰਦੀਆਂ। ਨੈਣਾ ਨਾਂ ਦੇ ਭਗਤ ਨੇ ਜਦੋਂ ਇਕ ਦਿਨ ਇਹ ਦ੍ਰਿਸ਼ ਦੇਖਿਆ ਤਾਂ ਉਹ ਹੈਰਾਨ ਹੋ ਗਿਆ। ਨੈਣਾ ਮਾਂ ਦੁਰਗਾ ਦਾ ਭਗਤ ਤਾਂ ਹੈ ਹੀ ਸੀ। ਉਸ ਨੂੰ ਉਸ ਰਾਤ ਸੁਫਨੇ 'ਚ ਮਾਂ ਦੁਰਗਾ ਦੇ ਦਰਸ਼ਨ ਹੋਏ। ਮਾਂ ਦੁਰਗਾ ਨੇ ਉਚਾਰਨ ਕੀਤਾ, ਬੇਟਾ! ਇਸ ਸਥਾਨ 'ਤੇ ਮੈਂ ਪਿੰਡੀ ਰੂਪ 'ਚ ਬਿਰਾਜਮਾਨ ਹਾਂ। ਇਸ ਲਈ ਅੱਜ ਤੋਂ ਬਾਅਦ ਜੋ ਕੋਈ ਭਗਤ ਸੱਚੇ ਹਿਰਦੇ ਨਾਲ ਇੱਥੇ ਵਰਦਾਨ ਮੰਗੇਗਾ ਉਸਦੇ ਮਨ ਦੀ ਇੱਛਾ ਪੂਰਨ ਹੋਵੇਗੀ। ਉਸ ਤੋਂ ਬਾਅਦ ਮਾਂ ਦੁਰਗਾ ਨੇ ਨੈਣਾ ਨਾਂ ਦੇ ਭਗਤ ਨੂੰ ਮੁਕਤੀ-ਪ੍ਰਦਾਨ ਕਰ ਦਿੱਤੀ।

## ਪ੍ਰੇਮ ਦੀ ਸ਼ਰਣ 'ਚ

ਵਿਸ਼ਵ ਦੇ ਹਰੇਕ ਧਰਮ ਦਾ ਸੰਕਲਪ ਤੇ ਸਰੋਕਾਰ ਈਸ਼ਵਰ-ਮਿਲਨ ਹੀ ਤਾਂ ਹੈ। ਹਿੰਦੂ ਧਰਮ ਗ੍ਰੰਥ ਦੱਸਦੇ ਹਨ ਕਿ ਜਿਵੇਂ ਇਕ ਭੌਰ ਖਿੜੇ ਫੁੱਲਾਂ ਨੂੰ ਦੇਖਦੇ ਹੀ ਬਿਹਬਲ ਹੋ ਉੱਠਦਾ ਹੈ, ਇਕ ਚਾਤ੍ਰਿਕ/ਪਪੀਹਾ ਸੁਆਂਤੀ ਬੂੰਦ ਲਈ ਪੀਆ-ਪੀਆ ਦੀ ਰਟ ਲਾਉਂਦਾ ਹੋਇਆ ਥੱਕਦਾ ਨਹੀਂ, ਉੱਝ ਹੀ ਈਸ਼ਵਰ-ਮਿਲਨ ਦੀ ਤਮੰਨਾ ਵਿਚ ਲੱਖਾਂ ਪ੍ਰੇਮ ਦੀ ਸ਼ਰਨ ਵਿਚ ਗਈਆਂ ਰੂਹਾਂ ਆਪਣੀ ਸੁਧ-ਬੁਧ ਖੋਹ ਕੇ ਭਗਤੀ ਦੇ ਰਾਹਾਂ 'ਤੇ ਤੁਰੀਆਂ ਅਤੇ ਤੁਰਦੀਆਂ ਰਹਿਣਗੀਆਂ।।

ਆਤਮਾ ਕੀ ਹੈ? ਪਰਮਾਤਮਾ ਕੀ ਹੈ? ਮੈਂ ਕੀ ਸੀ, ਮੈਂ ਕੀ ਹਾਂ ਅਤੇ ਮੈਂ ਕੀ ਹੋਵਾਂਗਾ? ਹਿੰਦੂ ਸ਼ਾਸਤਰਾਂ ਵਿਚ ਇਨ੍ਹਾਂ ਰਹੱਸਮਈ ਗੁੰਝਲਦਾਰ ਸਵਾਲਾਂ ਦਾ ਜਵਾਬ ਤਾਂ ਵਿਸਥਾਰ ਵਿਚ ਮਿਲਦਾ ਹੀ ਹੈ। ਇਸ ਤੋਂ ਇਲਾਵਾ ਸਵਾਲੀ ਤੇ ਜਗਿਆਸੂ ਦੀ ਇਸ ਉਤਸੁਕਤਾ ਨਾਲ ਲਬਾਲਬ ਰੂਹ ਨੂੰ ਸ਼ਾਂਤ ਵੀ ਕੀਤਾ ਗਿਆ ਕਿ ਆਖ਼ਿਰ ਇਕ ਆਤਮਾ ਰੂਪੀ ਨਦੀ ਕਿਵੇਂ ਸਾਗਰ ਰੂਪੀ ਪਰਮਾਤਮਾ ਨੂੰ ਪਾ ਸਕਦੀ ਹੈ।।ਆਤਮਾ ਅਤੇ ਪਰਮਾਤਮਾ ਦਾ ਕਿਵੇਂ ਮਿਲਨ ਹੋ ਸਕਦੈ? ਸ਼ਾਸਤਰਾਂ ਅਨੁਸਾਰ ਇਸ ਲਈ ਪਹਿਲੀ ਸ਼ਰਤ ਹੈਪ੍ਰੇਮ ਦੀ ਸ਼ਰਣ ਵਿਚ ਜਾ ਕੇ ਤਨ-ਮਨ ਨੂੰ ਭਗਤੀ ਰੰਗ ਵਿਚ ਰੰਗਣਾ।

ਇਹ ਪ੍ਰਕਿਰਤੀ ਖ਼ੁਦ ਇਕ ਸੰਗੀਤਮਈ ਗਤੀ ਤੇ ਲੈਅ ਹੈ। ਪ੍ਰਕਿਰਤੀ ਦੀ ਹਰ ਸ਼ੈਅ ਪ੍ਰਭੂ ਦੀ ਭਗਤੀ ਵਿਚ ਮਦਹੋਸ਼ ਹੋ ਕੇ ਝੂਮ ਰਹੀ ਹੈ। ਜੇ ਕੋਈ ਪ੍ਰਭੂ-ਪ੍ਰੇਮੀ ਸ਼ੁੱਧ ਹਿਰਦੇ ਨਾਲ ਪ੍ਰੇਮਾ ਭਗਤੀ ਨੱਚਕੇ ਕਰਦਾ ਤਾਂ ਇਸ ਵਿਚ ਕੀ ਦੋਸ਼ ਹੈ? ਇਹ ਸਭ ਕੁੱਝ ਤਾਂ ਤੁਹਾਡੀਆਂ ਭਾਵਨਾਵਾਂ 'ਤੇ ਨਿਰਭਰ ਹੈ। ਤੁਹਾਡੀਆਂ ਭਾਵਨਾਵਾਂ ਸ਼ੁੱਧ ਹਨ ਤਾਂ ਸਭ ਕੁੱਝ ਪ੍ਰਭੂ ਨਿਮਿੱਤ ਤੇ ਪ੍ਰਭੂ ਦੀ ਲੀਲ੍ਹਾ ਨਜ਼ਰ ਆਉਂਦਾ ਹੈ। ਜੇ ਤੁਹਾਡੀਆਂ ਭਾਵਨਾਵਾਂ ਵਿਚ ਖੋਟ ਹੈ ਤਾਂ ਤੁਹਾਨੂੰ ਹਰ ਪਵਿੱਤਰ ਵਸਤੂ ਵੀ ਖੋਟੀ ਨਜ਼ਰ ਆਵੇਗੀ।

ਬ੍ਰਹਿਮੰਡ ਅੰਦਰ ਕੋਈ ਟਾਵਾਂ-ਟਾਵਾਂ ਸ਼ੁੱਧ ਹਿਰਦੇ ਵਾਲਾ ਮਹਾਂਪੁਰਖ ਹੁੰਦਾ ਹੈ ਜਿਸ ਉੱਪਰ ਪਰਮੇਸ਼ਵਰ ਦੀ ਕ੍ਰਿਪਾ-ਦ੍ਰਿਸ਼ਟੀ ਹੁੰਦੀ ਹੈ। ਇਸ ਕ੍ਰਿਪਾ-ਦ੍ਰਿਸ਼ਟੀ ਦੀ ਪਵਿੱਤਰ ਅਗਨ ਦੀ ਬਦੌਲਤ ਹੀ ਉਸ ਮਹਾਂਪੁਰਸ਼ ਦੇ ਮਨ-ਚਿਤ ਅੰਦਰ ਅਧਿਆਤਮਵਾਦ ਦੀਆਂ ਅਗਰਬੱਤੀਆਂ ਧੁਖਦੀਆਂ ਹਨ। ਇਨ੍ਹਾਂ ਅਗਰਬੱਤੀਆਂ ਦੀਆਂ ਖ਼ੁਸ਼ਬੋਈਆਂ ਨਾਲ ਗਦ-ਗਦ ਹੋਈ ਆਤਮਾ ਹੀ ਪ੍ਰਭੂ ਦੀਦਾਰ ਦੀਆਂ ਪੰਜੇਬਾਂ ਦੀ ਛਣ-ਛਣ, ਚੂੜੇ ਦੀ ਛੰਮ-ਛੰਮ ਸੁਣਨ ਦੇ ਸਮਰੱਥ ਹੁੰਦੀ ਹੈ। ਅਜਿਹੇ ਮਹਾਂ ਪੁਰਖਾਂ ਦੇ ਪ੍ਰੇਮ ਬੋਲ ਸੁਣਕੇ ਸੁੱਕੇ ਖੁੰਢਾਂ ਵਿੱਚੋਂ ਵੀ ਹਰੀਆਂ ਕਚੂਰ ਟਹਿਣੀਆਂ ਫੁੱਟ ਉੱਠਦੀਆਂ ਹਨ। ਸਤਿਯੁੱਗ, ਤ੍ਰੇਤਾ ਅਤੇ ਦੁਆਪਰ ਯੁੱਗ ਦੀ ਗੱਲ ਕਰੀਏ ਤਾਂ ਇਨ੍ਹਾਂ ਯੁੱਗਾਂ ਵਿਚ ਜਦੋਂ-ਜਦੋਂ ਵੀ ਕਿਸੇ ਆਤਮਾ 'ਤੇ ਪ੍ਰਭੂ-ਪ੍ਰੇਮ ਦੀਆਂ ਭਿੰਨੀਆਂ-ਭਿੰਨੀਆਂ ਮਹਿਕਾਂ ਦੀਆਂ ਬੱਦਲੀਆਂ ਵਰ੍ਹੀਆਂ, ਕੋਈ ਰੂਹ ਪ੍ਰੇਮ ਦੀ ਸ਼ਰਨ ਵਿਚ ਗਈ, ਉਦੋਂ-ਉਦੋਂ ਹੀ ਮੀਰਾਂ ਬਾਈ, ਧਿਆਨੂੰ ਭਗਤ ਦੇ ਰੂਪ ਵਿਚ ਲੋਕ ਲੱਜ਼ਾ ਦੀ ਪਰਵਾਹ ਕੀਤਿਆਂ ਬਗੈਰ ਪੈਰਾਂ ਵਿਚ ਭਗਤੀ ਦੇ ਘੁੰਗਰੂ ਪਾ ਕੇ ਰੂਹਾਂ ਨੱਚ ਉੱਠੀਆਂ। ।ਦੁਨੀਆ ਵੱਲੋਂ ਭੇਜਿਆ ਜ਼ਹਿਰ ਵੀ ਪ੍ਰੇਮ-ਪਿਆਲਾ ਸਮਝਕੇ ਗਟ-ਗਟ ਕਰ ਕੇ ਪੀ ਲਿਆ।।ਭਗਤੀ ਦੇ ਸਾਗਰਾਂ ਵਿਚ ਡੁੱਬਕੀਆਂ ਲਾਉਂਦੀਆਂ ਰੂਹਾਂ ਭੀਲਣੀ ਬਣਕੇ ਪ੍ਰੇਮ ਰਸ ਦੇ ਮਿੱਠੇ-ਮਿੱਠੇ ਬੇਰ ਲੈ ਕੇ ਪ੍ਰਭੂ ਮਿਲਨ ਦੀਆਂ ਘੜੀਆਂ ਦੀਆਂ ਉਡੀਕਾਂ ਕਰਨ ਲੱਗੀਆਂ। ਪ੍ਰਹਿਲਾਦ ਭਗਤ ਵਾਂਗ ਰਿਸ਼ਤਿਆਂ (ਪਿਤਾ ਹਿਰਣਯਕਸ਼ਿਪ ਆਦਿ) ਦੀ ਪਰਵਾਹ ਕੀਤਿਆਂ ਬਗੈਰ ਰਾਮ-ਰਾਮ ਵਿਚ ਰਮ ਗਏ। ਪ੍ਰੇਮ ਦੀ ਸ਼ਰਨ ਵਿਚ ਪਹੁੰਚੇ ਸੂਰਦਾਸ ਵਰਗੇ ਭਗਤ ਅੱਖਾਂ ਤੋਂ ਮੁਨਾਖੇ ਹੋਣ ਦੇ ਬਾਵਜੂਦ ਜਦੋਂ ਨੈਣਾਂ ਵਿਚ ਪ੍ਰੇਮ-ਨੀਰ ਭਰ ਕੇ ਕ੍ਰਿਸ਼ਨ-ਕ੍ਰਿਸ਼ਨ ਪੁਕਾਰਦੇ ਸਨ ਤਾਂ ਭਗਵਾਨ ਦੇ ਨੈਣਾਂ 'ਚੋਂ ਵੀ ਭਗਤ ਪ੍ਰਤੀ ਪ੍ਰੇਮ ਨੀਰ ਵਹਿ ਤੁਰਦਾ ਸੀ। ਸੂਰਦਾਸ ਵਰਗੇ ਭਗਤਾਂ ਦੇ ਹਿੱਸੇ ਹੀ ਆਉਂਦਾ ਹੈ ਕ੍ਰਿਸ਼ਨਮਈ-ਕ੍ਰਿਸ਼ਨਮਈ ਹੋ ਜਾਣਾ। ਇਨ੍ਹਾਂ ਰੂਹਾਂ ਨੇ ਹੀ ਆਖਿਰ ਪ੍ਰਭੂ ਦੇ ਨਾਮ ਦੀ ਓਟ ਲੈ ਕੇ ਲੌਕਿਕ/ਦੁਨਿਆਵੀ ਸਾਰੀਆਂ ਛੇਰੀਆਂ ਛਾਹ ਦਿੱਤੀਆਂ।।

ਇਹ ਪ੍ਰਵਾਨ ਕਰਨਾ ਹੋਵੇਗਾ ਕਿ ਈਸ਼ਵਰ ਦੀ ਕ੍ਰਿਪਾ ਤੋਂ ਬਿਨਾ ਨਾ ਹੀ ਪ੍ਰੇਮ ਪਿਆਲੇ ਪੀਤੇ ਜਾਂਦੇ ਹਨ, ਨਾ ਹੀ ਵਿਹੁ ਭਰੇ ਪਿਆਲੇ ਪ੍ਰੇਮ-ਪਿਆਲੇ ਬਣਦੇ ਹਨ। ਪ੍ਰੇਮ ਦੀ ਸ਼ਰਣ ਜਾਣ ਵਾਲੀਆਂ ਭਾਗਾਂਵਾਲੀਆਂ ਰੂਹਾਂ ਹੀ ਮਰਨ ਤੋਂ ਬਾਅਦ ਵੀ ਜਿਊਂਦੀਆਂ ਹਨ। ਇਹ ਰੂਹਾਂ ਆਖਿਰ ਸਦਾ-ਸਦਾ ਲਈ ਆਪਣੇ ਈਸ਼ਵਰ ਰੂਪੀ ਸਾਗਰ ਵਿਚ ਪ੍ਰੇਮ-ਬੂੰਦਾਂ ਬਣਕੇ ਵਿਲੀਨ ਹੋ ਜਾਂਦੀਆਂ ਨੇ।।ਵਿਲੀਨ ਹੀ ਨਹੀਂ ਹੁੰਦੀਆਂ ਸਦਾ-ਸਦਾ ਲਈ ਅਮਰ ਹੋ ਜਾਂਦੀਆਂ ਹਨ।

**ਮੋਬਾਈਲ** 94643-48258

## ਸੰਪਾਦਕੀ

# ਸਾਵਣ ਦਾ ਮਹੀਨਾ ਵਾਤਾਵਰਨ, ਮਨੁੱਖ ਅਤੇ ਰੁੱਖ

ਚੜ੍ਹਦਾ ਸਾਉਣ ਸਾਡੇ ਮੁਲਕ ਵਿੱਚ ਵਣ ਮਹਾਂ ਉਤਸਵ ਨੂੰ ਸਮਰਪਿਤ ਹੁੰਦਾ ਹੈ। ਰੁੱਖਾਂ ਦੀ ਅਹਿਮੀਅਤ ਨੂੰ ਦੇਖਦਿਆਂ ਮੁਲਕ ਦੇ ਪਹਿਲੇ ਖੇਤੀਬਾੜੀ ਮੰਤਰੀ ਡਾ. ਕੇ.ਐਮ ਮੁਨਸ਼ੀ ਨੇ 1950 ਵਿੱਚ ਇਹ ਉਤਸਵ ਦਿੱਲੀ ਤੋਂ ਸ਼ੁਰੂ ਕੀਤਾ ਸੀ। ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ 20 ਜੁਲਾਈ ਨੂੰ ਪੁਰਾਣਾ ਕਿਲਾ ਦਿਲੀ ਵਿੱਚ ਪੌਦਾ ਲਗਾ ਕੇ ਉਤਸਵ ਦਾ ਅਗਾਜ਼ ਕੀਤਾ। ਇਸ ਮੁਹਿਮ ਪਿੱਛੇ ਦਿੱਲੀ ਦੇ ਤਤਕਾਲੀ ਕਮਿਸ਼ਨਰ ਡਾ. ਮਹਿੰਦਰ ਸਿੰਘ ਰੰਧਾਵਾ ਦੀ ਬਹੁਤ ਵੱਡੀ ਘਾਲਣਾ ਸੀ। ਕਹਿੰਦੇ ਨੇ ਕਿ ਜੇ ਸਾਉਣ ਦੇ ਪਹਿਲੇ ਦਿਨ ਮੀਂਹ ਨਾ ਪਵੇ ਤਾਂ ਸਾਰਾ ਮਹੀਨਾ ਹੀ ਸੁੱਕਾ ਰਹਿੰਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਜੇ ਸਾਉਣ ਵਿੱਚ ਹਰ ਰੋਜ਼ ਸੌ ਮੀਂਹ ਨਾ ਪਵੇ ਤਾਂ ਸਾਉਣ ਕਾਹਦਾ! ਪਿਛਲੇ ਕਈ ਦਹਾਕਿਆਂ ਤੋਂ ਆਲਮੀ ਪੱਧਰ 'ਤੇ ਵਾਤਾਵਰਨ ਅਤੇ ਜਲਵਾਯੂ ਵਿੱਚ ਦੇਖਣ ਨੂੰ ਮਿਲ ਰਹੀਆਂ ਤਬਦੀਲੀਆਂ ਬਹੁਤ ਮਾਰੂ ਸਿੱਧ ਹੋ ਰਹੀਆਂ ਹਨ। ਠੰਢ ਦਾ ਮੌਸਮ ਦਸੰਬਰ ਲੰਘਿਆਂ ਸ਼ੁਰੂ ਹੋਣ ਲੱਗ ਪਿਆ ਅਤੇ ਸਾਉਣ ਮਹੀਨੇ ਸੁੱਕੇ ਬੀਤਣ ਲੱਗ ਪਏ ਹਨ। ਤਪਸ਼ ਵਿੱਚ ਵਾਧਾ, ਗਲੇਸ਼ੀਅਰਾਂ ਦਾ ਪਿਘਲਣਾ, ਤਟਾਂ ਦਾ ਅਕਸਰ ਤੂਫਾਨਾਂ ਨਾਲ ਘਿਰਨਾ ਅਤੇ ਭੂਚਾਲਾਂ ਦੀ ਦਸਤਕ ਨੇ ਸਾਡੇ ਖੌਫ ਵਿੱਚ ਵਾਧਾ ਕੀਤਾ ਹੈ। ਇਸ ਸਬੰਧੀ ਭਾਵੇਂ ਮਾਹਿਰਾਂ ਨੇ ਆਪੋ-ਆਪਣੇ ਸਿੱਟੇ ਕੱਢੇ ਹਨ ਪਰ ਇੱਕ ਗੱਲ ਸਾਂਝੀ ਅਤੇ ਸਵੀਕਾਰੀ ਜਾਂਦੀ ਹੈ ਕਿ ਮਨੁੱਖ ਨੇ ਆਪਣੀ ਆਰਥਿਕ ਭੁੱਖ ਖ਼ਾਤਰ ਕੁਦਰਤ ਨਾਲ ਐਸੀ ਛੇੜਛਾੜ ਕੀਤੀ ਹੈ ਕਿ ਕਿਸੇ ਨਾ ਕਿਸੇ ਰੂਪ ਵਿੱਚ ਇਸ ਦਾ ਕਹਿਰ ਦਿਖਾਈ ਦਿੰਦਾ ਰਹਿੰਦਾ ਹੈ। ਮੁਲਕ, ਖਾਸ ਤੌਰ 'ਤੇ ਪੰਜਾਬ ਵਿੱਚ ਦਰੱਖਤਾਂ ਜਾਂ ਜੰਗਲਾਂ ਥੱਲੇ ਰਕਬਾ ਨਾ-ਮਾਤਰ ਰਹਿ ਗਿਆ ਹੈ। ਮਨੁੱਖੀ ਲੋੜਾਂ ਦੀ ਪੂਰਤੀ ਲਈ ਹਰ ਮੁਲਕ ਵਿੱਚ ਵਣਾਂ ਥਲੇ ਘੱਟੋ-ਘੱਟ ਰਕਬਾ 33% ਚਾਹੀਦਾ ਹੈ। ਭਾਰਤ ਵਿੱਚ ਕੇਵਲ 17% ਰਕਬਾ ਜੰਗਲਾਂ ਅਧੀਨ ਹੈ। ਪੰਜਾਬ ਵਿੱਚ ਤਾਂ ਕੇਵਲ 5% ਧਰਤੀ ਰੁੱਖਾਂ ਥੱਲੇ ਹੈ। ਇਸ ਵਿੱਚ ਉਹ ਸਾਰੇ ਦਰੱਖਤ ਸ਼ੁਮਾਰ ਹਨ ਜਿਹੜੇ ਸੜਕਾਂ ਅਤੇ ਨਹਿਰਾਂ ਦੇ ਕੰਢਿਆਂ 'ਤੇ ਨਜ਼ਰ ਆ ਰਹੇ ਹਨ। ਕੋਈ ਸਮਾਂ ਸੀ, ਇਨ੍ਹਾਂ ਥਾਵਾਂ 'ਤੇ ਸਾਡੇ ਆਪਣੇ ਰਵਾਇਤੀ ਦਰੱਖਤ ਜਿਵੇਂ ਟਾਹਲੀ, ਤੂਤ, ਪਿੱਪਲ, ਬੋਹੜ ਤੇ ਖਾਸ ਜਗ੍ਹਾ 'ਤੇ ਫਲਾਂ ਵਾਲੇ ਦਰੱਖਤ ਜਿਵੇਂ ਅੰਬ, ਜਾਮਣ ਆਦਿ ਸੰਘਣੇ ਰੂਪ ਵਿੱਚ ਨਜ਼ਰ ਆਉਂਦੇ ਸਨ। ਹੁਣ ਸੜਕਾਂ ਜਾਂ ਨਹਿਰਾਂ ਕਿਨਾਰੇ ਮੁੱਖ ਰੂਪ ਵਿੱਚ ਸਫੈਦੇ ਜਾਂ ਵਿਦੇਸ਼ੀ ਨਸਲ ਦੇ ਦਰੱਖਤ ਮਿਲਦੇ ਹਨ। ਸਾਡੇ ਸੱਭਿਆਚਾਰ ਨਾਲ ਜੁੜੇ ਦਰੱਖਤ ਸਾਡੇ ਮੌਸਮ ਅਤੇ ਜਲਵਾਯੂ ਨਾਲ ਢੁਕਵੇਂ ਹੀ ਨਹੀਂ ਸਨ ਸਗੋਂ ਅਨੇਕਾਂ ਆਮ ਲੋਕਾਂ ਲਈ ਫਲ ਵੀ ਦਿੰਦੇ ਸਨ। ਖੁਸ਼ਕ ਇਲਾਕੇ ਵਿੱਚ ਬੇਰੀਆਂ, ਕਿੱਕਰਾਂ, ਕਰੀਰ, ਜੰਡ ਅਤੇ ਡੇਲਿਆਂ ਦੇ ਦਰੱਖਤ ਸਾਡੇ ਲਈ ਖਾਣ ਪੀਣ ਦੀਆਂ ਵਸਤਾਂ ਦਾ ਸਾਧਨ ਸਨ। ਨਵੀਂ ਕਿਸਮ ਦੇ ਦਰੱਖਤ ਸਾਡੇ ਅਤੇ ਜਾਨਵਰਾਂ ਲਈ ਦੋਸਤੀ ਵਾਲਾ ਸਹਿਚਾਰ ਨਹੀਂ ਰੱਖਦੇ। ਸਿੱਟੇ ਵਜੋਂ ਅਨੇਕ ਜਾਨਵਰ, ਜਿਹੜੇ ਇਨ੍ਹਾਂ ਦਰੱਖ਼ਤਾਂ 'ਤੇ ਆਪਣੇ ਆਲ੍ਹਣੇ ਬਣਾ ਕੇ ਰਹਿੰਦੇ ਸਨ, ਲੋਪ ਹੋ ਗਏ ਜਾਪਦੇ ਹਨ। ਸਾਡਾ ਸੱਭਿਆਚਾਰ ਮੁੱਖ ਰੂਪ ਵਿੱਚ ਜੰਗਲਾਂ ਅਤੇ ਬਨਸਪਤੀ ਨਾਲ ਜੁੜਿਆ ਹੋਇਆ ਹੈ। ਭਾਰਤੀ ਸਮਾਜ ਵਿੱਚ ਉਨ੍ਹਾਂ ਦਰੱਖ਼ਤਾਂ ਦੀ ਪੂਜਾ ਹੁੰਦੀ ਹੈ ਜਿਹੜੇ ਮਨੁੱਖ ਲਈ ਪ੍ਰੁੱਜ ਕੇ ਲਾਭਦਾਇਕ ਹਨ; ਪਿੱਪਲ, ਨਿੰਮ ਅਤੇ ਬੋਹੜ ਦੀ ਤ੍ਰਿਵੇਣੀ ਨੂੰ ਅਸੀਂ ਹੁਣ ਵੀ ਪਵਿੱਤਰ ਮੰਨਦੇ ਹਾਂ। ਇਹ ਸਾਡੇ ਲੋਕ ਗੀਤਾਂ ਦਾ ਹਿੱਸਾ ਹੀ ਨਹੀਂ ਸਗੋਂ ਰੂਹ ਹਨ। ਇਨ੍ਹਾਂ ਰਵਾਇਤੀ ਦਰੱਖ਼ਤਾਂ ਨੇ ਸਾਡੇ ਸੱਭਿਆਚਾਰ ਦੀ ਸਿਰਜਣਾ ਕੀਤੀ। ਸਾਫ ਵਾਤਾਵਰਨ ਪੈਦਾ ਕਰਨ ਵਿੱਚ ਇਨ੍ਹਾਂ ਦੀ ਮੁੱਖ ਭੂਮਿਕਾ ਹੈ। ਪੱਛਮੀ ਦੇਸ਼ਾਂ ਦੇ ਵਾਤਾਵਰਨ ਵਿਗਿਆਨੀ ਕਹਿੰਦੇ ਹਨ ਕਿ ਜਿਸ ਦੇਸ਼ ਵਿੱਚ ਨਿੰਮ ਵਰਗਾ ਐਂਟੀ ਦਰੱਖ਼ਤ ਹੈ, ਉੱਥੇ ਲੋਕ ਬਿਮਾਰ ਕਿਉਂ ਹੁੰਦੇ ਹਨ। ਨਿੰਮ ਦੇ ਪੱਤਿਆਂ ਤੋਂ ਲੈ ਕੇ ਨਮੋਲੀਆਂ ਤੱਕ ਇਹ ਸਾਡੇ ਲਈ ਲਾਭਕਾਰੀ ਹੈ। ਪਿਛਲੇ ਪੰਜਾਹ ਸਾਲਾਂ ਵਿੱਚ ਰੁੱਖਾਂ ਨਾਲ ਘੋਰ ਅਨਿਆਂ ਹੋਇਆ ਹੈ। ਬਹੁਤ ਰਕਬੇ ਨੂੰ ਖੇਤੀ ਥੱਲੇ ਲਿਆਉਣ ਦੀ ਮਨਸ਼ਾ ਨਾਲ ਅਸੀਂ ਬੇਕਿਰਕ ਹੋ ਕੇ ਦਰੱਖ਼ਤ ਵੱਢੇ। ਅਸੀਂ ਇਹ ਭੁੱਲ ਗਏ ਕਿ ਇਹ ਉਹੀ ਰੁੱਖ ਹਨ ਜਿਨ੍ਹਾਂ ਦਾ ਜ਼ਿਕਰ ਸੰਤਾਂ, ਪੀਰਾਂ ਨੇ ਆਪਣੀ ਬਾਣੀ ਵਿੱਚ ਨਿਮਰਤਾ ਅਤੇ ਸਬਰ ਦੇ ਚਿੰਨ੍ਹ ਵਜੋਂ ਕੀਤਾ ਹੈ ਅਤੇ ਸਾਨੂੰ ਨਸੀਹਤ ਵੀ ਦਿੱਤੀ ਕਿ ਜੇ ਰੋੜੇ-ਵੱਟੇ ਮਾਰਨ 'ਤੇ ਵੀ ਰੁੱਖ ਸਾਨੂੰ ਫਲ ਦਿੰਦੇ ਹਨ ਤਾਂ ਮਨੁੱਖ ਨੂੰ ਆਪਣੇ ਸਬਰ ਤੇ ਸ਼ਾਂਤੀ ਲਈ ਇਨ੍ਹਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਆਰਥਿਕ ਤਰੱਕੀ ਦੇ ਨਾਂ 'ਤੇ ਵੱਡੇ ਪੱਧਰ 'ਤੇ ਜੰਗਲਾਂ ਦੀ ਕਟਾਈ ਕਾਰਨ ਪੰਜਾਬ ਦੇ ਪਿੰਡ ਅਤੇ ਖੇਤ ਤਾਂ ਰੁੱਖਾਂ ਤੋਂ ਹੀ ਨਜ਼ਰ ਆਉਂਦੇ ਹਨ। ਪਹਿਲਾਂ ਵੱਡੀ ਗਿਣਤੀ 'ਚ ਰੁੱਖ ਮੁਰੱਬੇਬੰਦੀ ਦੀ ਭੇਟ ਚੜ੍ਹ ਗਏ; ਬਾਅਦ ਵਿੱਚ ਹਰੀ ਕ੍ਰਾਂਤੀ ਦੌਰਾਨ ਹਰ ਅਨਾਜ ਪੈਦਾ ਕਰਨ ਦੀ ਹੋੜ ਨੇ ਸਾਡੇ ਟਿੱਬੇ-ਟਿੱਲੇ ਐਨੇ ਪੱਧਰ ਕਰ ਦਿੱਤੇ ਕਿ ਬੇਰੀਆਂ, ਕਿੱਕਰਾਂ ਅਤੇ ਜੰਡ-ਕਰੀਰ ਇਤਿਹਾਸ ਦਾ ਹਿੱਸਾ ਬਣ ਗਏ। ਅਸੀਂ ਇਨ੍ਹਾਂ ਦਰੱਖ਼ਤਾਂ ਤੋਂ ਮਿਲਣ ਵਾਲੇ ਫਲਾਂ ਤੋਂ ਵੀ ਵਾਂਝੇ ਹੋ ਗਏ ਅਤੇ ਇਨਾਂ ਦਰਮਿਆਨ ਵਾਸ ਕਰਨ ਵਾਲੇ ਜਾਨਵਰ ਦੇਖਣ ਲਈ ਤਰਸ ਗਏ। ਹੁਣ ਅਸੀਂ ਬਿਜੜੇ ਦੇ ਖੂਬਸੂਰਤ ਲਮਕਦੇ ਘਰ ਕਿੱਥੇ ਦੇਖਾਂਗੇ? ਛੋਟੀਆਂ ਭੂਰੀਆਂ ਚਿੜੀਆਂ, ਘੁੱਗੀਆਂ ਜਿਹੜੀਆਂ ਸਥਾਈ ਰੂਪ ਵਿੱਚ ਬੇਰੀਆਂ ਉਤੇ ਆਲ੍ਹਣੇ ਬਣਾ ਕੇ ਰਹਿੰਦੀਆਂ ਸਨ, ਨੂੰ ਕਦੋਂ ਦੇਖ ਸਕਾਂਗੇ? ਵੀਰ-ਵਹੁਟੀਆਂ, ਘੋਗੇ, ਜਿਹੜੇ ਮੁੱਖ ਰੂਪ ਵਿੱਚ ਖੁਸ਼ਕ ਥਾਵਾਂ 'ਤੇ ਘੁਰਨੇ ਬਣਾ ਕੇ ਰਹਿੰਦੇ ਸਨ ਅਤੇ ਸਾਉਣ ਮਹੀਨੇ ਮੀਂਹਾਂ ਤੋਂ ਬਾਅਦ ਕੱਕੇ ਰੇਤੇ 'ਤੇ ਆਪਣੀ ਤੋਰ ਤੁਰਦੇ ਸਨ, ਸਭ ਖ਼ਤਮ ਹੋ ਗਏ। ਮਾਲਵੇ ਦੇ ਪਿੰਡਾਂ ਵਿੱਚ ਰੇਤਾ ਖੰਡ ਦੇ ਭਾਅ ਵਿਕ ਰਿਹੈ। ਧੁਰ ਬਠਿੰਡੇ ਦੀਆਂ ਜੜ੍ਹਾਂ ਤਕ ਝੋਨਾ ਲਗਾ ਕੇ ਅਸੀਂ ਜ਼ਮੀਨ ਨੂੰ ਹੁੰਮਸ ਅਤੇ ਗਰਮੀ ਦਾ ਸਰੋਤ ਬਣਾ ਦਿੱਤਾ। ਪੰਜਾਬ ਦੇ ਬਹੁਤੇ ਦਰੱਖ਼ਤ ਖੁਸ਼ਕ ਜਲਵਾਯੂ ਨਾਲ ਜੁੜੇ ਹੋਏ ਸਨ। ਸਾਰੇ ਖੇਤਾਂ ਅਤੇ ਵੱਟਾਂ ਦੁਆਲੇ ਖੜ੍ਹੇ ਪਾਣੀ ਨੇ ਰੁੱਖਾਂ ਦਾ ਲੱਗਣਾ ਹੀ ਮੁਹਾਲ ਕਰ ਦਿੱਤਾ ਹੈ। ਸਿਆਣੇ ਕਹਿੰਦੇ ਨੇ ਕਿ ਰੁੱਖ ਸਾਡੇ ਜਨਮ ਤੋਂ ਲੈ ਕੇ ਮਰਨ ਤਕ ਦਾ ਪਰਦਾ ਢਕਦੇ ਹਨ। ਜ਼ਿੰਦਗੀ ਦੇ ਹਰ ਪੱਧਰ 'ਤੇ ਇਨ੍ਹਾਂ ਦੀਆਂ ਬਹੁ-ਮੁੱਲੀਆਂ ਨਿਆਮਤਾਂ ਸਾਡੇ ਲਈ ਖੁਸ਼ੀਆਂ ਦਾ ਮਾਹੌਲ ਸਿਰਜਦੀਆਂ ਹਨ। ਕੁਝ ਸਮਾਂ ਪਹਿਲਾਂ ਪਿੰਡਾਂ ਵਿੱਚ ਆਮ ਘਰਾਂ ਦੇ ਖੇਤੀਬਾੜੀ ਵਾਲੇ ਹਿੱਸੇ ਵਿੱਚ ਲੱਕੜਾਂ ਦੇ ਢੇਰ ਪਏ ਮਿਲਦੇ ਸਨ। ਜਨਮ-ਮਰਨ ਦੇ ਕਾਰਜਾਂ ਲਈ ਤੁਰੰਤ ਮਿਲਦੇ ਸਾਧਨ ਵਜੋਂ ਇਨ੍ਹਾਂ ਦੀ ਵਰਤੋਂ ਹੁੰਦੀ ਸੀ। ਹੁਣ ਇਨ੍ਹਾਂ ਘਰਾਂ ਵਿੱਚ ਲੋੜ ਪੈਣ 'ਤੇ ਲੱਕੜ ਲੱਭਿਆਂ ਵੀ ਨਹੀਂ ਲੱਭਦੀ। ਖੇਤੀ ਪ੍ਰਧਾਨ ਸੂਬੇ ਵਿੱਚ ਬਨਸਪਤੀ ਅਤੇ ਦਰੱਖ਼ਤਾਂ ਦਾ ਇਹ ਹਾਲ ਹੈ ਤਾਂ ਸ਼ਹਿਰਾਂ ਦੀ ਹਾਲਤ ਦਾ ਅੰਦਾਜ਼ਾ ਸੌਖਿਆਂ ਲਾਇਆ ਜਾ ਸਕਦਾ ਹੈ। ਅਚੰਭਾ ਹੋਇਆ ਜਦ ਪਿੰਡ ਵਾਲਿਆਂ ਇਹ ਦੱਸਿਆ ਕਿ ਮਨੁੱਖਾਂ ਦੀ ਅੰਤਮ ਰਸਮ ਲਈ ਸਸਕਾਰ ਵੇਲੇ ਗੈਸੀ ਭੱਠੀਆਂ ਲਾਈਆਂ ਜਾ ਰਹੀਆਂ ਹਨ।ਖੇਤੀ ਦੀ ਵਧੇਰੇ ਉਪਜ ਲਈ ਵਣਾਂ ਦਾ ਜਿਹੜਾ ਹਾਲ ਹੋਇਆ, ਸਾਡੇ ਸਾਹਮਣੇ ਹੈ ਪਰ ਝੋਨੇ ਦੀ ਬਿਜਾਈ ਨੇ ਅੰਮ੍ਰਿਤ ਵਰਗਾ ਪਾਣੀ ਵੀ ਡੂੰਘਾ ਧਰਾਤਲ ਵਿੱਚ ਪਹੁੰਚਾ ਦਿੱਤਾ ਹੈ। ਮੱਛੀ ਮੋਟਰਾਂ ਵੀ ਪਾਣੀ ਕੱਢਣ ਤੋਂ ਹੁਣ ਅਸਮਰੱਥ ਜਾਪਦੀਆਂ ਹਨ। ਅਜਿਹੀ ਮੁਸ਼ੱਕਤ ਨਾਲ ਪੈਦਾ ਕੀਤੇ ਝੋਨੇ ਨੇ ਭਾਵੇਂ ਦੇਸ਼ ਦੇ ਅੰਨ ਭੰਡਾਰ ਵਿੱਚ ਯੋਗਦਾਨ ਪਾਇਆ ਪਰ ਇਸ ਦੀ ਕੀਮਤ ਬਹੁਤ ਵੱਡੀ ਤਾਰਨੀ ਪਈ ਹੈ। ਪਾਣੀ ਅਤੇ ਹਵਾ ਗੰਧਲੀ ਕਰ ਕੇ ਅਸੀਂ ਸਮੁੱਚੇ ਵਾਤਾਵਰਨ ਨੂੰ ਮਨੁੱਖ ਲਈ ਬੇੜੀਆਂ ਦੇ ਨਿਆਈਂ ਬਣਾ ਦਿੱਤਾ ਹੈ। ਪੁਰਾਤਨ ਫਸਲਾਂ ਖਤਮ ਕਰ ਕੇ ਅਸੀਂ ਉਹ ਜਿਣਸ ਪੈਦਾ ਕਰਨ 'ਤੇ ਜ਼ੋਰ ਲਾ ਦਿੱਤਾ ਜਿਹੜੀ ਨਾ ਸਾਡੀ ਖੁਰਾਕ ਦਾ ਹਿੱਸਾ ਹੈ ਅਤੇ ਨਾ ਹੀ ਸਾਡੇ ਪਸ਼ੂਆਂ ਦਾ ਖਾਜਾ। ਇਸ ਫਸਲ ਦਾ ਝਾੜ-ਫੂਸ ਵੀ ਕਿਸੇ ਕੰਮ ਨਹੀਂ ਆਉਂਦਾ। ਝੋਨਾ ਸਾਡੇ ਲੋਕ ਗੀਤਾਂ ਦਾ ਹਿੱਸਾ ਨਹੀਂ ਕਿਉਂਕਿ ਇਹ ਸਾਡੇ ਸਭਿਆਚਾਰ ਦਾ ਅੰਗ ਨਹੀਂ। ਕਣਕ, ਮੱਕੀ, ਸਰੋਂ, ਜੁਆਰ, ਬਾਜਰਾ, ਛੋਲੇ ਸਾਡੇ ਲੋਕ ਗੀਤਾਂ ਦਾ ਇਸੇ ਕਰ ਕੇ ਹਿੱਸਾ ਹਨ ਕਿਉਂਕਿ ਇਹ ਸਾਡੇ ਜਿਊਣ ਲਈ ਢੁਕਵੇਂ ਹਨ। ਤਿੰਨ ਦਹਾਕੇ ਪਹਿਲਾਂ ਸਮਾਜ ਸੇਵਕ ਸੁੰਦਰ ਲਾਲ ਬਹੁਗੁਣਾ ਨੇ ਟੀਹਰੀ ਗੜ੍ਹਵਾਲ ਦੇ ਇਲਾਕੇ ਵਿੱਚ ਦਰੱਖ਼ਤਾਂ ਨੂੰ ਨਾ ਵੱਢਣ ਦੇਣ ਲਈ ਚਿਪਕੋ ਅੰਦੋਲਨ ਚਲਾਇਆ ਸੀ। ਵੱਡੀ ਗਿਣਤੀ ਲੋਕ ਰੁੱਖਾਂ ਦੇ ਬਚਾਅ ਲਈ ਇਸ ਵਿੱਚ ਸ਼ਾਮਲ ਹੋਏ। ਲੋਕ ਅੰਦੋਲਨ ਦਾ ਅਜਿਹਾ ਅਸਰ ਹੋਇਆ ਕਿ ਵੱਡੇ ਡੈਮ ਦੀ ਉਸਾਰੀ ਦੀ ਜਗ੍ਹਾ ਤਬਦੀਲ ਕਰਨੀ ਪਈ। ਬਹੁਗੁਣਾ ਨੇ ਝੋਨੇ ਵਿਰੁੱਧ ਵੀ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਖੁਦ ਆਪਣੀ ਖੁਰਾਕ ਵਿੱਚੋਂ ਚੌਲ ਮਨਫੀ ਕਰ ਦਿੱਤੇ ਸਨ। ਇਸ ਦਾ ਕਾਰਨ ਇਹ ਹੈ ਕਿ ਬੇਹਿਸਾਬਾ ਪਾਣੀ ਖਪਤ ਕਰ ਕੇ ਇਹ ਫਸਲ ਪੈਦਾ ਕੀਤੀ ਜਾਂਦੀ ਹੈ। ਪੰਜਾਬ ਵਿੱਚ ਅਸੀਂ ਰੁੱਖਾਂ ਦੇ ਬਚਾਓ ਅਤੇ ਵਣਾਂ ਦੇ ਫੈਲਾਓ ਨਾਲ ਵਾਤਾਵਰਨ ਦੀ ਸੰਭਾਲ ਲਈ ਕੋਈ ਮਿਆਰੀ ਵਾਲੀ ਮੁਹਿਮ ਨਹੀਂ ਸ਼ੁਰੂ ਕਰ ਸਕੇ। ਲੱਖਾਂ ਕਰੋੜਾਂ ਦਰੱਖ਼ਤ ਸਾਡੀ ਸ਼ਹਿਰੀਕਰਨ ਦੀ ਨੀਤੀ ਅਧੀਨ ਖੇਤਾਂ ਵਿੱਚੋਂ ਖ਼ਤਮ ਹੋ ਰਹੇ ਹਨ। ਨੈਸ਼ਨਲ ਗ੍ਰੀਨ ਟ੍ਰਿਬਿਊਨਲ, ਜਿਹੜੀ ਵਾਤਾਵਰਨ ਦੀ ਸਥਿਤੀਆਂ 'ਤੇ ਕਾਂ ਅੱਖ ਰੱਖਦੀ ਹੈ, ਨੇ ਪੰਜਾਬ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ ਸੂਬੇ ਵਿੱਚ ਪਿਛਲੇ 18 ਸਾਲਾਂ ਦੌਰਾਨ ਦਰੱਖ਼ਤਾਂ ਹੇਠ ਰਕਬੇ ਵਿੱਚ 19% ਗਿਰਾਵਟ ਆਈ ਹੈ।

# ਸ਼ਹਿਰ ਦੀ ਬਿਹਤਰੀ ਲਈ ਮੋਹਤਬਰ ਵਿਅਕਤੀਆਂ ਨੇ ਕੀਤਾ ਪਟਿਆਲਾ ਪ੍ਰੋਗਰੈਸਿਵ ਫਰੰਟ ਦਾ ਗਠਨ

## ➢ ਅਕਾਸ਼ ਬੋਕਸਰ ਬਣੇ ਸਰਬ ਸੰਮਤੀ ਨਾਲ ਪ੍ਰਧਾਨ ➢ ਫਰੰਟ ਦੀ 101 ਮੈਂਬਰੀ ਟੀਮ ਨਾਲ ਪਟਿਆਲਾ ਸ਼ਹਿਰ ਦੇ ਲੋਕਾਂ ਦੀ ਸੇਵਾ ਵਿਚ ਦਿਨ ਰਾਤ ਹਾਜ਼ਰ ਰਹਾਂਗਾ: ਪ੍ਰਧਾਨ ਅਕਾਸ਼ ਬੋਕਸਰ

**ਪਟਿਆਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਹਿਰ ਦੀ ਬਿਹਤਰੀ ਅਤੇ ਸਮਾਜ ਸੇਵਾ ਲਈ ਸ਼ਹਿਰ ਦੇ ਮੋਹਤਬਰ ਵਿਅਕਤੀਆਂ ਵੱਲੋਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਪ੍ਰਧਾਨ ਅਤੇ ਸੀਨੀਅਰ ਐਡਵੋਕੇਟ ਸਤੀਸ਼ ਕਰਕਰਾ ਦੀ ਅਗਵਾਈ ਹੇਠ ਇੱਕ ਮੀਟਿੰਗ ਕਰਕੇ ÷ਪਟਿਆਲਾ ਪ੍ਰੋਗਰੈਸਿਵ ਫਰੰਟ÷ ਨਾਂਅ ਦੀ ਸੰਸਥਾ ਬਣਾਈ ਹੈ। ਇਸ ਦਾ ਪਹਿਲਾ ਅਤੇ ਬਾਨੀ ਪ੍ਰਧਾਨ ਸਰਬਸੰਮਤੀ ਨਾਲ ਅਕਾਸ਼ ਬੋਕਸਰ ਨੂੰ ਚੁਣਿਆ ਗਿਆ। ਜਦੋਂਕਿ ਐਡਵੋਕੇਟ ਸਤੀਸ਼ ਕਰਕਰਾ ਨੂੰ ਸਰਪ੍ਰਸਤ ਬਣਾਇਆ ਗਿਆ ਹੈ। ਪਹਿਲੇ ਦਿਨ 101 ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਗਿਆ, ਜਿਸ ਵਿਚ ਸ਼ਹਿਰ ਦੇ ਹਰ ਵਰਗ ਅਤੇ ਹਰ ਕਿੱਤੇ ਵਿਚ ਵਿਅਕਤੀਆਂ ਨੂੰ ਸ਼ਾਮਲ ਕੀਤਾ ਗਿਆ। ਇਸ ਸੰਸਥਾ ਦਾ ਉਦੇਸ਼ ਸ਼ਹਿਰ ਦੀ ਬਿਹਤਰੀ ਅਤੇ ਸਮਾਜ ਸੇਵਾ ਦੇ ਕੰਮ ਕਰਨਾ ਹੋਵੇਗਾ। ਇਸ ਮੌਕੇ ਪ੍ਰਧਾਨ ਅਕਾਸ਼ ਬੋਕਸਰ ਨੇ ਸਭ ਤੋਂ ਪਹਿਲਾਂ ਸਾਰੇ ਮੈਂਬਰਾਂ ਅਤੇ ਸਮੁੱਚੇ ਸ਼ਹਿਰ ਨਿਵਾਸੀਆਂ ਦਾ ਵਿਸ਼ਵਾਸ਼ ਜਤਾਉਣ 'ਤੇ ਤਹਿ ਦਿਲ ਤੋਂ ਧੰਨਵਾਦ ਕੀਤਾ ਅਤੇ ਕਿਹਾ ਕਿ 101 ਮੈਂਬਰੀ ਟੀਮ ਨਾਲ ਸ਼ਹਿਰ ਦੇ ਲੋਕਾਂ ਦੀ ਸੇਵਾ ਵਿਚ ਦਿਨ ਰਾਤ ਹਾਜ਼ਰ ਰਹਾਂਗਾ। ਉਨ੍ਹਾਂ ਕਿਹਾ ਕਿ ਪਟਿਆਲਾ ਸ਼ਹਿਰ ਉਨ੍ਹਾਂ ਦਾ ਆਪਣਾ ਪਰਿਵਾਰ ਹੈ ਅਤੇ ਉਹ ਪਹਿਲਾਂ ਵੀ ਅਤੇ ਭਵਿੱਖ ਵਿੱਚ ਵੀ ਲੋਕ ਸੇਵਾ ਵਿਚ ਹਾਜ਼ਰ ਰਹਿਣਗੇ। ਉਨ੍ਹਾਂ ਸ਼ਹਿਰ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਸੰਸਥਾ ਨਾਲ ਜੁੜਣ। ਉਨ੍ਹਾਂ ਐਲਾਨ ਕੀਤਾ ਜਲਦ ਹੀ ਇਸ ਸੰਸਥਾ ਦੇ ਵੱਖ ਵੱਖ ਵਿੰਗਾਂ ਦਾ ਗਠਨ ਕੀਤਾ ਜਾਵੇਗਾ। ਇਸ ਦੌਰਾਨ ਸਰਪ੍ਰਸਤ ਐਡਵੋਕੇਟ ਸਤੀਸ਼ ਕਰਕਰਾ ਨੇ ਕਿਹਾ ਕਿ ਅਕਾਸ਼ ਬੋਕਸਰ ਅਗਾਂਹਵਧੂ ਨੌਜਵਾਨ ਹੈ ਅਤੇ ਦਿੱਤੀ ਗਈ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ। ਪਟਿਆਲਾ ਪ੍ਰੋਗਰੈਸਿਵ ਫਰੰਟ ਦੀ 101 ਮੈਂਬਰੀ ਵਿਚ ਟੀਮ ਵਿਚ ਅਰਵਿੰਦਰ ਸ਼ਰਮਾ ਬਿੱਟਾ, ਰਾਜਨ ਪਰਾਸ਼ਰ, ਸੁਖਬੀਰ ਸਿੰਘ ਸਨੋਰ, ਜਤਵਿੰਦਰ ਗਰੇਵਾਲ, ਪਰਮਿੰਦਰ ਪਹਿਲਵਾਨ, ਹਰਜੀਤ ਸਿੰਘ ਜੀਤੀ, ਰਾਮ ਕੁਮਾਰ ਟੰਡਨ, ਭਗਵੰਤ ਸਿੰਘ ਆਰੇਵਾਲੇ, ਧਰਮਿੰਦਰ ਆਸ਼ੂ ਕੰਬੋਜ, ਜਸਪਾਲ ਮਹਿਰਾ, ਰੋਹਿਤ ਕੁਮਾਰ ਗੁਪਤਾ, ਸਚਿਨ ਸਿੰਗਲਾ, ਰਾਕੇਸ਼ ਗਰਗ ਕਾਕਾ, ਰਾਜੇਸ਼ ਗਰਗ ਬਿੰਟਾ, ਓਮ ਪ੍ਰਕਾਸ਼ ਗਰਗ, ਮਹੰਤ ਵਿਸ਼ਨੂੰ ਨੰਦ ਗਿਰੀ, ਰਾਕੇਸ਼ ਸ਼ਰਮਾ, ਸੰਜੇ ਵੋਹਰਾ ਕਾਰ ਬਜ਼ਾਰ, ਪੁਨੀਤ ਗੁਪਤਾ ਗੋਪੀ, ਦਲਬੀਰ ਸਿੰਘ ਰਾਜੂ ਕੰਬੋਜ, ਗੁਰਮੀਤ ਸਿੰਘ ਨਿੱਕਾ, ਮਨਦੀਪ ਕੁਮਾਰ, ਪ੍ਰਵੀਨ ਸ਼ਰਮਾ, ਸਰਬਜੀਤ ਸਿੰਘ ਗੈਰੀਸਨ, ਕਰਨੈਲ ਸਿੰਘ ਚਲੈਲਾ, ਵਿਜੇ ਮੋਹਨ ਵਰਮਾ, ਮਨਜੀਤ ਸਿੰਘ, ਰਾਕੇਸ਼ ਖੰਨਾ ਗੁੱਲਾ, ਅਨਿਲ ਸ਼ਰਮਾ ਆਦਰਸ਼ ਬੁੱਕ ਡਿਪੂ, ਅਨੁਜ ਕੁਮਾਰ ਅਰਾਈ ਮਾਜਰਾ, ਸੁਸ਼ੀਲ ਸ਼ਰਮਾ, ਗੁਰਵਿੰਦਰ ਕੁਮਾਰ ਗੋਲੂ, ਸਪਨ ਕੋਹਲੀ, ਅਮਿਤ ਸ਼ਰਮਾ, ਭੁਪਿੰਦਰ ਕੁਮਾਰ ਭੋਲੂ, ਰਾਜੀਵ ਵਰਮਾ, ਅਨਿਲ ਸ਼ਰਮਾ, ਸੰਜੀਵ ਸ਼ਰਮਾ ਡਿੰਪੀ, ਸੁਨੀਲ ਬਘੇਰੀਆ, ਸੰਜੀਵ ਕੁਮਾਰ ਮਾਣਾ, ਰਵਿੰਦਰ ਸਿੰਘ ਖਾਲਸਾ, ਅਮਨ ਸ਼ਰਮਾ, ਜਸਪ੍ਰੀਤ ਸਿੰਘ ਲੱਕੀ, ਯੋਗੇਸ਼ ਕੁਮਾਰ, ਸੋਹਨ ਲਾਲ ਸੋਨੂੰ, ਅਨੂੰ ਰਾਜਵੀਰ, ਕਰਨ ਸ਼ਰਮਾ ਸੰਟੀ, ਮੋਹਿਤ ਬੰਟੀ, ਮਨੀ ਵਰਮਾ, ਸੰਜੀਵ ਖੋਸਲਾ, ਨਰਿੰਦਰ ਸਿੰਘ, ਪਿ ?ਰੰਸ ਸ਼ਰਮਾ, ਸੁਰੇਸ਼ ਸ਼ਰਮਾ, ਨਰੇਸ਼ ਸ਼ਰਮਾ ਚੁੱਘਾ, ਲਕਸ਼ਮਣ ਗੋਇਲ, ਰਮਨ ਕੁਮਾਰ, ਸੰਜੀਵ ਕੁਮਾਰ ਸੱਪ, ਰਾਜੇਸ਼ ਵਰਮਾ, ਜਗਦੀਸ਼ ਸ਼ਰਮਾ, ਦੀਪ ਸ਼ਰਮਾ, ਰਾਹੁਲ ਸ਼ਰਮਾ, ਅਨੁਰਾਗ ਦੇਵਗਨ ਮੋਨੂੰ, ਅਮਰਨਾਥ ਧੀਮਾਨ ਸਤਵਿੰਦਰ ਸਿੰਘ, ਲਲਿਤ ਕੁਮਾਰ, ਰਾ ਕੁਮਾਰ ਗੌਤਮ, ਅਮਿਤ ਕੁਮਾਰ, ਪੰਕ ਸ਼ਰਮਾ, ਡਾ. ਕੁਮੇਸ਼ ਸਿੰਗਲਾ, ਮੁਨੀ ਸ਼ਰਮਾ, ਦਿਨੇਸ਼ ਭਟਨਾਗਰ, ਜਗਤਾ ਸਿੰਘ ਜੱਗਾ, ਲਖਵਿੰਦਰ ਸਿੰਘ ਲੱਖ ਦਰਸ਼ਨ ਕਾਲਾ, ਰਾਕੇਸ਼ ਕੁਮਾਰ ਲੱਡੂ ਮੁਕੇਸ਼ ਕੁਮਾਰ ਵਿੱਕੀ, ਮਹਿੰਦਰ ਸ਼ਰਮ ਬਲਵਿੰਦਰ ਵਿੱਕੀ, ਗੁਰਚਰਨ ਸਿੰ ਗੋਲਡੀ, ਡਾ. ਬੀਰਦਵਿੰਦਰ ਸਿੰਘ ਰਾਜਨ ਸ਼ਰਮਾ ਕਾਲਾ, ਘਣਸਿਆ ਕੁਮਾਰ, ਮੁਕੇਸ਼ ਕੁਮਾਰ, ਤਪਿਸ਼ ਸ਼ਰਮ ਅਮਰੀਸ਼ ਗਰਗ, ਰਜਤ ਗੁਪਤਾ ਹਰਿੰਦਰ ਸਿੰਘ ਮਿੱਠੂ, ਸੰਤੋਸ਼ ਗੁਪਤ ਕਮਲ ਘੋਨਾ, ਸਨੀ ਵਰਮਾ, ਸੋ ਰੋਕਸੀ, ਯੋਗਰਾਜ ਸ਼ੋਰੀ, ਸਨੀ ਕੁਮਾਰ ਕਨਵ ਸ਼ਰਮਾ, ਸੁਭਾਸ਼ ਕੁਮਾਰ, ਅਕਾ ਸ਼ਰਮਾ ਟੀਨੂੰ, ਮਯੰਕ ਕੁਮਾਰ, ਰਾਣ ਪ੍ਰਤਾਪ ਸਿੰਘ, ਰੋਹਿਤ ਗਰਗ, ਵਿਸ਼ਾ ਕੁਮਾਰ, ਦਵਿੰਦਰ ਸਿੰਘ ਸੋਨੂੰ ਮਿੱਤ ਸ਼ਾਮਲ ਹਨ।

# ਹਲਕਾ ਸਮਰਾਲਾ ਵਿੱਚ ਕਾਂਗਰਸ ਹੋਈ ਮਜ਼ਬੂਤੇ ਅਨੇਕਾਂ ਪਰਿਵਾਰ ਕਾਂਗਰਸ ਪਾਰਟੀ ਵਿੱਚ ਹੋਏ ਸ਼ਾਮਲ

**ਮਾਛੀਵਾੜਾ ਸਾਹਿਬ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਮਰਾਲਾ ਵਿੱਚ ਕਾਂਗਰਸ ਪਾਰਟੀ ਨੂੰ ਉਸ ਵੇਲੇ ਵੱਡੀ ਮਜ਼ਬੂਤੀ ਮਿਲੀ ਜਦੋਂ ਪਿੰਡ ਬਹਿਲੋਲਪੁਰ ਦੇ ਅਨੇਕਾਂ ਪਰਿਵਾਰ ਵੱਖ ਵੱਖ ਪਾਰਟੀਆਂ ਨੂੰ ਅਲਵਿਦਾ ਆਖ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ। ਸਮਰਾਲਾ ਦੇ ਪਿੰਡ ਬਹਿਲੋਲਪੁਰ ਵਿਖੇ ਕਈ ਪਰਿਵਾਰਾਂ ਦਾ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ ਵਿੱਚ ਸ਼ਾਮਿਲ ਹੋ ਜਾਣਾ ਅਕਾਲੀ ਦਲ ਨੂੰ ਵੱਡਾ ਝਟਕਾ ਹੈ। ਵੱਡੇ ਇਕੱਠ ਨਾਲ ਸ਼ਾਮਿਲ ਹੋਏ ਵਰਕਰਾਂ ਦਾ ਵਿਸ਼ੇਸ਼ ਤੌਰ ਤੇ ਪਹੁੰਚੇ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ, ਜ਼ਿਲ੍ਹਾ ਪ੍ਰਧਾਨ ਲਖਬੀਰ ਸਿੰਘ ਲੱਖਾ ਅਤੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਭਰਵਾਂ ਸਵਾਗਤ ਕੀਤਾ ਅਤੇ ਵਿਸ਼ਵਾਸ ਦਵਾਇਆ ਕਿ ਕਾਂਗਰਸ ਪਾਰਟੀ ਹਮੇਸ਼ਾ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਆਗੂਆਂ ਨੇ ਕਿਹਾ ਕਿ ਕਾਂਗਰਸ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਨੂੰ ਦੇਖਦੇ ਹੋਏ ਕਾਂਗਰਸ ਪਾਰਟੀ ਦਾ ਪਰਿਵਾਰ ਦਿਨੋ ਦਿਨ ਵੱਡਾ ਹੁੰਦਾ ਜਾ ਰਿਹਾ ਹੈ, ਲੋਕ ਕਾਂਗਰਸ ਪਾਰਟੀ ਨਾਲ ਆਪ ਮੁਹਾਰੇ ਜੁੜ ਰਹੇ ਹਨ। ਉਹਨਾਂ ਨੇ ਕਿਹਾ ਕਿ ਪੰਜਾਬ ਵਿੱਚ ਅਕਾਲੀ ਦਲ ਦੇ ਡਿੱਗਦੇ ਗਰਾਫ ਨੂੰ ਦੇਖਦੇ ਹੋਏ ਲੋਕ ਕਾਂਗਰਸ ਪਾਰਟੀ ਦਾ ਪੱਲਾ ਫੜ ਰਹੇ ਹਨ। ਲੋਕਾਂ ਨੂੰ ਹੁਣ ਪਤਾ ਲੱਗ ਚੁੱਕਾ ਹੈ ਕਿ ਕਾਂਗਰਸ ਪਾਰਟੀ ਹੀ ਇਕ ਇਹੋ ਜਿਹੀ ਪਾਰਟੀ ਹੈ ਜੋ ਪੰਜਾਬ ਦੇ ਹੱਕਾਂ ਦੀ ਗੱਲ ਕਰਦੀ ਹੈ। ਮੌਜੂਦਾ ਸਰਕਾਰ ਤੇ ਵੀ ਤੰਜ ਕਸਦਿਆਂ ਕਿਹਾ ਕਿ ਇਹ ਸਰਕਾਰ ਹੁਣ ਕੁਝ ਦਿਨ ਦੀ ਪਰੌਹਣੀ ਹੈ। ਇਹਨਾਂ ਦੀ ਕਹਿਣੀ ਅਤੇ ਕਰਨੀ ਵਿੱਚ ਬਹੁਤ ਜਿਆਦਾ ਅੰਤਰ ਹੈ। ਲੋਕਾਂ ਦਾ ਮੌਜੂਦਾ ਸਰਕਾਰ ਤੋਂ ਮੋਹ ਭੰਗ ਹੋ ਚੁੱਕਾ ਹੈ। ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਦਾ ਸਿਲਸਿਲਾ ਦਿਨੋ ਦਿਨ ਵਰਕਰਾਂ ਨੂੰ ਹਮੇਸ਼ਾ ਹੀ ਕਾਂਗਰਸ ਪਾਰਟੀ ਵੱਲੋਂ ਮਾਣ ਸਤਿਕਾਰ ਅਤੇ ਆਹੁਦੇ ਦਿੱਤੇ ਜਾ ਰਹੇ ਹਨ।

ਇਸ ਮੌਕੇ ਬਲਾਕ ਆਬਜ਼ਰਵਰ ਰਜਿੰਦਰ ਸਿੰਘ ਲੱਖਾ ਰੌਣੀ,ਕਾਂਗਰਸ ਬਲੂ ਪ੍ਰਧਾਨ ਪਰਮਿੰਦਰ ਤਿਵਾੜੀ,ਅਜਮੇਰ ਸਿੰਘ ਪੂਰਬਾ,ਜਸਪ੍ਰੀਤ ਸਿੰਘ ਕਲਾਲ ਮਾਜਰਾ,ਜਤਿੰਦਰ ਸਿੰਘ ਜੋਗਾ ਬਲਾਲਾ, ਵਿਕਾਸ ਮਹਿਤਾ,ਅਮਰੀਸ਼ ਕਾਲੀਆ, ਯੂਥ ਆਗੂ ਪਰਮਿੰਦਰ ਸਿੰਘ ਗੋਲਡੀ,ਜਸਪ੍ਰੀਤ ਸਿੰਘ ਸਹਿਜੋ ਮਾਜਰਾ, ਮੰਡਲ ਪ੍ਰਧਾਨ ਨੰਦ ਕਿਸ਼ੋਰ, ਵਿੱਕੀ ਢੰਡੇ ,ਯੁਵਰਾਜਜੀਤ ਸਿੰਘ ਰਾਏ ਅਤੇ ਰਕੇਸ਼ ਕੁਮਾਰ ਸ਼ਿੰਦੂ ਵੀ ਮੌਜੂਦ ਸਨ। ਦੂਸਰੀਆਂ ਪਾਰਟੀਆਂ ਨੂੰ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਚ ਰਮਨਦੀਪ ਸਿੰਘ ਮਨਜੀਤ ਸਿੰਘ, ਲਖਬੀਰ ਸਿੰਘ, ਦਾਸ ਰਾਮ,ਪ੍ਰਗਟ ਸਿੰਘ ਰਾਏ, ਗੁਰਦੀਪ ਸਿੰਘ ਰਾਏ,ਗੁਰਪ੍ਰੀਤ ਸਿੰਘ, ਰਣਘੀਰ ਸਿੰਘ, ਹਰਪਾਲ ਸਿੰਘ, ਬੂਟਾ ਸਿੰਘ, ਸੋਹਣ ਸਿੰਘ, ਦਲੇਰ ਸਿੰਘ, ਮਾਸਟਰ ਗੁਰਮੇਲ ਸਿੰਘ, ਊਧਮ ਸਿੰਘ, ਪ੍ਰਧਾਨ ਰਾਮਲੀਲਾ ਕਮੇਟੀ ਅਸ਼ੋਕ ਕੁਮਾਰ, ਪਵਨ ਕੁਮਾਰ ਨਿਰਮਲ ਸਿੰਘ ਸੈਣੀ, ਰਾਜਵੀਰ ਸਿੰਘ ਸਾਬਕਾ ਸਰਪੰਚ ਧਰਮਪਾਲ, ਸੰਜੀਵੀ ਕੁਮਾਰ ਬੋਬੀ, ਦਰਸ਼ਨ ਸਿੰਘ,ਸੈਮੀ ਸਿੰਘ, ਹਨੀ ਸਿੰਘ, ਗੁਰਦੀਪ ਸਿੰਘ ਹੈਪੀ ਸਿੰਘ, ਭੋਲਾ ਸਿੰਘ, ਬੱਬੂ ਸਿੰਘ, ਕਮਲ ਰਮੇਸ਼ ਭਾਟੀਆ ਦੇ ਨਾਮ ਮੌਜੂਦ ਹਨ।

# ਅਨਮੋਲ ਗਗਨ ਦਾ ਇਸਤੀਫ਼ਾ ਖਰੜ ਦੀ ਜਨਤਾ ਦੇ ਜਨਾਦੇਸ਼ ਨਾਲ ਧੋਖਾ: ਜੋਸ਼ੀ

**ਖਰੜ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਅਨਮੋਲ ਗਗਨ ਮਾਨ ਦਾ ਖਰੜ ਵਿਧਾਨਸਭਾ ਤੋਂ ਵਿਧਾਇਕ ਦੇ ਤੌਰ 'ਤੇ ਇਸਤੀਫ਼ਾ, ਖਰੜ ਦੀ ਜਨਤਾ ਵੱਲੋਂ ਪੰਜ ਸਾਲ ਲਈ ਦਿੱਤੇ ਗਏ ਜਨਾਦੇਸ਼ ਨਾਲ ਧੋਖਾ ਅਤੇ ਗ਼ਦਾਰੀ ਹੈ। ਇਹ ਕਹਿਣਾ ਹੈ ਪੰਜਾਬ ਭਾਜਪਾ ਦੇ ਸੀਨੀਅਰ ਨੇਤਾ ਵਿਨੀਤ ਜੋਸ਼ੀ ਦਾ, ਜੋ ਪਿਛਲੇ ਚਾਰ ਸਾਲਾਂ ਤੋਂ ਖਰੜ ਦੀ ਜਨਤਾ ਦੀ ਸੇਵਾ ਵਿੱਚ ਲੱਗੇ ਹੋਏ ਹਨ।

ਅਨਮੋਲ ਤੋਂ ਪਹਿਲਾਂ ਬਣੇ ਵਿਧਾਇਕ ਕੰਵਰ ਸੰਧੂ ਚਾਰ ਸਾਲ ਲੋਗਾਂ ਵਿੱਚ ਨਹੀਂ ਆਏ, ਅਤੇ ਹੁਣ ਤਿੰਨ ਸਾਲ ਵਿੱਚ ਮੌਜੂਦਾ ਵਿਧਾਇਕ ਅਨਮੋਲ ਦਾ ਇਸਤੀਫ਼ਾ ਸਾਫ਼ ਦੱਸਦਾ ਹੈ ਕਿ ਆਪ ਪਾਰਟੀ ਖਰੜ ਨਾਲ ਬਾਰ-ਬਾਰ ਗਲਤ ਉਮੀਦਵਾਰ ਦੇ ਕੇ ਧੋਖਾ ਕਰ ਰਹੀ ਹੈ।

ਜੋਸ਼ੀ ਨੇ ਅੱਗੇ ਕਿਹਾ ਕਿ ਅਨਮੋਲ ਗਗਨ ਮਾਨ ਦੇ ਪਿਛਲੇ ਤਿੰਨ ਸਾਲ ਚਾਰ ਮਹੀਨੇ ਖਰੜ ਵਿਧਾਨਸਭਾ ਲਈ ਇੱਕ ਬੁਰੇ ਸੁਪਨੇ ਤੋਂ ਘਟ ਨਹੀਂ ਸੀ।

ਖਰੜ ਸ਼ਹਿਰ, ਕੁਰਾਲੀ, ਨਿਊ ਚੰਡੀਗੜ੍ਹ, ਨਯਾਗਾਂਵ ਮਿਊਂਸੀਪਲ ਕਮੇਟੀ ਅਤੇ ਜ਼ਿਆਦਾਤਰ ਪਿੰਡਾਂ ਦੇ ਲੋਕ ਆਪਣੀ ਵਿਧਾਇਕ (ਜੋ ਕੁਝ ਸਮਾਂ ਮੰਤਰੀ ਵੀ ਰਹੀ) ਦਾ ਚੇਹਰਾ ਵੇਖਣ ਲਈ ਤਰਸ ਗਏ ਸਨ। ਜਿਸ ਦਿਨ ਉਹ ਨਿਕਲਦੀ ਸੀ, ਉਸ ਦਿਨ ਉਸ ਦੇ ਨਾਲ ਜੇਸੀਬੀ/ ਪੀਲਾ ਪੰਜਾ ਹੁੰਦਾ ਸੀ ਅਤੇ ਲੋਕਾਂ ਦੀਆਂ ਦੁਕਾਨਾਂ ਤੇ ਘਰ ਤੋੜੇ ਜਾਂਦੇ ਸਨ।

ਜਦੋਂ ਝੰਝੇੜੀ ਦੇ ਕਿਸਾਨਾਂ ਦੀ ਜ਼ਮੀਨ 'ਤੇ ਪੰਜਾਬ ਸਰਕਾਰ ਨੇ ਗੈਰ-ਕਾਨੂੰਨੀ ਤਰੀਕੇ ਨਾਲ ਜ਼ਬਰਦਸਤੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ, ਉਦੋਂ ਅਨਮੋਲ ਗਗਨ ਮਾਨ ਗਾਇਬ ਸੀ।

ਇਸੇ ਤਰ੍ਹਾਂ ਨਯਾਗਾਂਵ ਮਿਊਂਸੀਪੈਲਿਟੀ ਵਿੱਚ ਜਦੋਂ ਈਕੋ ਸੈਨਸਿਟਿਵ ਜ਼ੋਨ ਦਾ ਦਾਇਰਾ 100 ਮੀਟਰ ਤੋਂ ਵਧਾ ਕੇ ਤਿੰਨ ਕਿਲੋਮੀਟਰ ਕਰਨ ਕਾਰਨ ਹਜ਼ਾਰਾਂ ਘਰ ਟੁੱਟਣ ਵਾਲੇ ਸਨ, ਉਦੋਂ ਵੀ ਅਨਮੋਲ ਸ਼ੁਰੂ ਵਿੱਚ ਚੁੱਪ ਰਹੀ।

ਖਰੜ, ਕੁਰਾਲੀ, ਨਯਾਗਾਂਵ ਵਿੱਚ ਗਰਮੀਆਂ ਦੇ ਦਿਨਾਂ ਵਿੱਚ ਬਿਜਲੀ ਕੱਟ ਹੋਵੇ ਜਾਂ ਮੌਸਮੀ ਬਰਸਾਤ ਦੇ ਦਿਨਾਂ ਵਿੱਚ ਭਿਆਨਕ ਪਾਣੀ ਭਰੇ, ਜਦੋਂ-ਜਦੋਂ ਖਰੜ ਵਿਧਾਨਸਭਾ ਦੇ ਲੋਕਾਂ 'ਤੇ ਮੁਸੀਬਤ ਆਈ, ਅਨਮੋਲ ਗਗਨ ਮਾਨ ਗਾਇਬ ਰਹੀ।

ਜੋਸ਼ੀ ਨੇ ਤੰਜ ਕਸਦੇ ਹੋਏ ਕਿਹਾ: ਜੇ ਸਿਆਸਤ ਛੱਡਣੀ ਹੀ ਸੀ, ਤਾਂ ਜੋਇਨ ਕਿਉਂ ਕਿਤੀ ਸੀ ?ਜੋਸ਼ੀ ਨੇ ਆਖ਼ਰ ਚ ਕਿਹਾ ਕਿ ÷ਆਪ ਪਾਰਟੀ ਵੱਲੋਂ ਖਰੜ ਨਾਲ ਦੂਜੀ ਵਾਰ ਲਗਾਤਾਰ ਧੋਖਾ ਕੀਤਾ ਗਿਆ ਹੈ; ਹੁਣ ਤੀਸਰੀ ਵਾਰ ਧੋਖਾ ਨਹੀਂ ਖਾਇਆ ਜਾਵੇਗਾ।

# ਇੰਡੋ ਕੈਨੇਡੀਅਨ ਸੀਨੀਅਰ ਸੋਸਾਇਟੀ ਸਰੀ ਡੈਲਟਾ ਵਿਖੇ ਸੀਨੀਅਰ ਸਿਟੀਜਨ ਨੂੰ ਮਿਲਣ ਲਈ ਪਹੁੰਚੇ ਬਾਵਾ

**ਲੁਧਿਆਣਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ÷ ਪੁਸਤਕ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ (ਕੈਨੇਡਾ) ਵਿਖੇ ਰਿਲੀਜ ਕਰਨ ਦੀ ਰਸਮ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਨੂੰ ਪੁਸਤਕ ਭੇਂਟ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਬਾਬਾ ਬੰਦਾ ਸਿੰਘ ਬਹਾਦਰ ਚੈਰੀਟੇਬਲ ਟਰਸਟ ਦੇ ਟਰਸਟੀ ਹਰਬੰਤ ਸਿੰਘ ਦਿਓਲ (ਹੈਪੀ), ਬਿੰਦਰ ਗਰੇਵਾਲ (ਬੀਹਲਾ), ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਜਨਰਲ ਸਕੱਤਰ ਪ੍ਰੀਤਮ ਸਿੰਘ ਗਰੇਵਾਲ, ਸਮਾਜਸੇਵੀ ਗੁਰਮੇਲ ਸਿੰਘ ਢੁੱਡੀਕੇ, ਸ਼ਿੰਦੀ ਹਸਨਪੁਰ ਅਤੇ ਸੰਦੀਪ ਸਿੰਘ ਡੋਡ ਨੇ ਨਿਭਾਈ।

ਇਸ ਸਮੇਂ ਸ਼੍ਰੀ ਬਾਵਾ ਨੇ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਐੱਸ.ਪੀ ਸਿੰਘ ਉਬਰਾਏ ਵੱਲੋਂ ÷ਸ਼ਬਦ ਪ੍ਰਕਾਸ਼ ਅਜਾਇਬ ਘਰ÷ ਲਈ ਤਿਆਰ ਕਰਵਾਈ ਬਿਲਡਿੰਗ ਜਿਸ ਵਿੱਚ 6 ਗੁਰੂ, 15 ਭਗਤ, 11 ਭੱਟ ਅਤੇ 4 ਗੁਰਸਿੱਖਾਂ ਦੇ ਚਿੱਤਰ ਗੁਰਬਾਣੀ ਸਮੇਤ ਸੁਸ਼ੋਭਿਤ ਹਨ। ਉਸ 'ਤੇ ਆਧਾਰਿਤ ਹੀ ਉਪਰੋਕਤ ਪੁਸਤਕ ÷ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ÷ ਤਿਆਰ ਕੀਤੀ ਗਈ ਹੈ ਜੋ ਪਹਿਲਾਂ 2024 ਵਿੱਚ ਅਮਰੀਕਾ ਦੇ 11 ਗੁਰਦੁਆਰਾ ਸਾਹਿਬ ਵਿਖੇ ਰਿਲੀਜ਼ ਕੀਤੀ ਗਈ ਜੋ ਹਿੰਦੀ, ਪੰਜਾਬੀ, ਅੰਗਰੇਜ਼ੀ ਵਿੱਚ ਸੀ ਅਤੇ ਅੱਜ ਨਵੀਂ ਤਿਆਰ ਕੀਤੀ ਪੁਸਤਕ ਪੰਜਾਬੀ ਵਿੱਚ ਰਿਲੀਜ਼ ਕੀਤੀ ਗਈ, ਜਿਸ ਦੇ ਲੇਖਕ ਉੱਘੇ ਸਿੱਖ ਵਿਦਵਾਨ ਅਨੁਰਾਗ ਸਿੰਘ ਹਨ ਜਦਕਿ ਫੋਟੋ ਚਿਤਰਕਾਰੀ ਪ੍ਰਸਿੱਧ ਆਰਟਿਸਟ ਆਰ.ਐਮ ਸਿੰਘ ਨੇ ਕੀਤੀ ਹੈ।ਇਸ ਤੋਂ ਬਾਅਦ ਬਾਵਾ ਇੰਡੋ-ਕੈਨੇਡੀਅਨ ਸੀਨੀਅਰ ਸੋਸਾਇਟੀ ਸਰੀ ਡੈਲਟਾ ਪਹੁੰਚੇ ਜਿੱਥੇ ਸੀਨੀਅਰ ਸਿਟੀਜਨ ਨਾਲ ਵਿਚਾਰਾਂ ਕੀਤੀਆਂ ਤੇ ਉਪਰੋਕਤ ਪੁਸਤਕ ਭੇਂਟ ਕੀਤੀ।

ਇਸ ਸਮੇਂ ਬਾਵਾ ਨੇ ਕਿਹਾ ਕਿ ਸੀਨੀਅਰ ਸਿਟੀਜਨ ਸਮਾਜ ਦਾ ਸਨਮਾਨਯੋਗ ਅੰਗ ਹਨ। ਉਹਨਾਂ ਦੀ ਜ਼ਿੰਦਗੀ ਦੇ ਤਜਰਬੇ ਦਾ ਫਾਇਦੇ ਸਮਾਜ ਅਤੇ ਪਰਿਵਾਰਾਂ ਨੂੰ ਉਠਾਉਣੇ ਚਾਹੀਦੇ ਹਨ ਕਿਉਂਕਿ ਹਰ ਮਾਂ ਬਾਪ ਆਪਣੀ ਜ਼ਿੰਦਗੀ ਦਾ ਹਰ ਪਲ ਆਪਣੀ ਔਲਾਦ ਦੀ ਬੇਹਤਰੀ ਤਰੱਕੀ (ਚੜ੍ਹਦੀ ਕਲਾ) ਲਈ ਲਗਾਉਂਦਾ ਹੈ। ਇਸ ਸਮੇਂ ਮਾਸਟਰ ਗੁਰਦਿਆਲ ਸਿੰਘ ਮੰਡਿਆਣੀ ਨੇ ਵੀ ਵਿਚਾਰ ਪੇਸ਼ ਕੀਤੇ।

# ਯੁਗਾਂਡਾ(ਅਫਰੀਕਾ) ਵਿੱਚ ਵੱਸਦੇ ਪੰਜਾਬੀ ਉਥੇ ਪੰਜਾਬੀ ਸਾਹਿੱਤ, ਸੱਭਿਆਚਾਰ ਤੇ ਸੇਵਾ ਦਾ ਝੰਡਾ ਕਰ ਰਹੇ ਹਨ ਬੁਲੰਦ : ਬਾਜਵਾ

**ਲੁਧਿਆਣਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਯੁਗਾਂਡਾ ਵੱਸਦੇ ਪੰਜਾਬੀ ਗੀਤਕਾਰ ਤੇ ਉੱਘੇ ਸਮਾਜ ਸੇਵੀ ਨ ਸ ਬਾਜਵਾ ਨੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨਾਲ ਵਿਚਾਰ ਵਟਾਂਦਰਾ ਕਰਦਿਆਂ ਕਿਹਾ ਹੈ ਕਿ ਯੁਗਾਂਡਾ ਵਿੱਚ ਵੱਸਦੇ ਪੰਜਾਬੀ ਲੋਕ ਬੜੇ ਸਮਰੱਥ ਹਨ ਅਤੇ ਕੁਝ ਸੱਜਣ ਪੰਜਾਬੀ ਸਾਹਿੱਤ ਤੇ ਸੱਭਿਆਚਾਰ ਨਾਲ ਨਵੀਂ ਪੀੜ੍ਹੀ ਨੂੰ ਜੋੜਨ ਲਈ ਲਗਾਤਾਰ ਸੇਵਾ ਕਰ ਰਹੇ ਹਨ। ਇਸ ਕੰਮ ਵਿੱਚ ਗੁਰੂ ਘਰਾਂ ਦਾ ਯੋਗਦਾਨ ਬਹੁਤ ਵੱਡਾ ਹੈ।

ਸ. ਬਾਜਵਾ ਨੇ ਕਿਹਾ ਕਿ ਉਨ੍ਹਾਂ ਦੇ ਵੱਡੇ ਵਡੇਰੇ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਸਦਕਾ ਨਾਰੋਵਾਲ ਤੋਂ 1946ਵਿੱਚ ਹੀ ਰਾਣੀਆਂ( ਸਿਰਸਾ) ਆਣ ਵੱਸੇ ਸਨ। ਉਨ੍ਹਾਂ ਦੱਸਿਆ ਕਿ ਦੇਸ਼ ਰਹਿੰਦਿਆਂ ਉਹ ਦੂਰਦਰਸ਼ਨ ਪ੍ਰੋਗ਼ਾਮ "ਪੰਜਾਬ ਦੇ ਮੇਲੇ"ਅਤੇ "ਸ਼ਾਮ ਸੁਨਹਿਰੀ"ਪ੍ਰੋਗਰਾਮ ਰੀਕਾਰਡ ਕਰਕੇ ਪੇਸ਼ ਕਰਦੇ ਰਹੇ ਹਨ। ਇੱਥੇ ਉਹ ਬੀ ਐੱਮ ਸੀ ਰੀਕਾਰਡਿੰਗ ਕੰਪਨੀ ਵੀ ਚਲਾਉਂਦੇ ਰਹੇ ਹਨ। ਉਨ੍ਹਾਂ ਦੀ ਇਸ ਫੇਰੀ ਦਾ ਮਨੋਰਥ ਵੀਹਵੀਂ ਸਦੀ ਦੇ ਇੱਕ ਮਹਾਨ ਤੇ ਸੁਰੀਲੇ ਕਵੀ ਬਾਰੇ ਜਸਵਿੰਦਰ ਸਿੰਘ "ਭੱਟੀ ਭੜੀ ਵਾਲਾ ਨਾਲ ਰਲ ? ਕੇ ਫਿਲਮ ਬਣਾਉਣਾ ਹੈ। ਇਸ ਸਬੰਧੀ ਵਿਚਾਰ ਚਰਚਾ ਕਰਨ ਲਈ ਹੀ ਉਹ ਭੱਟੀ ਭੜੀ ਵਾਲਾ ਸਮੇਤ ਪ੍ਰੋ. ਗਿੱਲ ਨੂੰ ਮਿਲਣ ਆਏ ਸਨ।

ਇਸ ਮੌਕੇ ਵਿਚਾਰਾਂ ਕਰਦਿਆਂ ਭੱਟੀ ਭੜੀ ਵਾਲਾ ਨੇ ਕਿਹਾ ਕਿ ਪੰਜਾਬੀ ਫ਼ ?ਲਮਾਂ ਨੇ ਹੁਣ ਤੀਕ ਸਾਹਿੱਤ ਦੇ ਨਾਇਕ ਪੇਸ਼ ਨਹੀਂ ਕੀਤੇ ਜਿਸ ਕਾਰਨ ਸਾਨੂੰ ਇਹ ਘਾਟ ਰੜਕਦੀ ਸੀ। ਫ਼ ?ਲਮ ਦਾ ਲਿਖਤੀ ਕੰਮ ਪੂਰਾ ਕਰਕੇ ਉਹ ਸ਼ਾਇਰ ਦੇ ਪਰਿਵਾਰ ਦਾ ਆਸ਼ੀਰਵਾਦ ਲੈ ਕੇ ਇਹ ਫ਼ ?ਲਮ ਤਿਆਰ ਕਰਨਗੇ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਯੁਗਾਂਡਾ ਵਿੱਚ ਵੱਸਦੇ ਪੰਜਾਬੀ ਭਰਾ ਸਾਡੇ ਸੱਭਿਆਚਾਰਕ ਰਾਜਦੂਤ ਹਨ। ਵੱਡੀ ਗੱਲ ਇਹ ਹੈ ਕਿ 1972 ਵਿੱਚ ਉੱਥੋਂ ਦੇ ਰਾਸ਼ਟਰਪਤੀ ਈਦੀ ਅਮੀਨ ਵੱਲੋਂ ਸਾਰੇ ਭਾਰਤੀਆਂ ਨੂੰ ਕੱਢ ਦਿੱਤੇ ਜਾਣ ਦੇ ਬਾਵਜੂਦ ਉੱਥੇ ਵੱਸਦੇ ਪੰਜਾਬੀ ਯੁਗਾਂਡਾ ਦੇ ਵਿਕਾਸ ਵਿੱਚ ਵਡਮੁੱਲਾ ਹਿੱਸਾ ਪਾਉਣ ਦੇ ਨਾਲ ਨਾਲ ਪੰਜਾਬੀ ਸਾਹਿੱਤ ਤੇ ਸੱਭਿਆਚਾਰ ਦੇ ਖੇਤਰ ਵਿੱਚ ਵੀ ਕਹਿਣ ਸੁਣਨ ਯੋਗ ਹਿੱਸਾ ਪਾ ਰਹੇ ਹਨ।

ਉਨ੍ਹਾਂ ਵੀਹਵੀਂ ਸਦੀ ਦੇ ਮਹਾਨ ਕਵੀ ਦੀ ਯਾਦ ਵਿੱਚ ਫਿਲਮ ਬਣਾਉਣ ਦੀ ਵੀ ਸ਼ਲਾਘਾ ਕੀਤੀ ਅਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਦੋਹਾਂ ਗੀਤਕਾਰਾਂ ਨੂੰ ਪ੍ਰੋ. ਗਿੱਲ ਨੇ ਪਿਛਲੇ 50 ਸਾਲਾਂ ਦੌਰਾਨ ਲਿਖੀਆਂ ਗ਼ਜ਼ਲਾਂ ਦਾ ਵੱਡ ਆਕਾਰੀ ਸੰਗ੍ਰਹਿ "ਅੱਖਰ ਅੱਖਰ" ਭੇਂਟ ਕੀਤਾ।

# ਰਿਸ਼ੂ ਸਿੰਗਲਾ ਕਾਂਗਰਸ ਬਲਾਕ ਸਮਾਣਾ ਦੇ ਪ੍ਰਧਾਨ ਬਣੇ



**ਸਮਾਣਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਤੋਂ ਕਾਂਗਰਸ ਪਾਰਟੀ ਦੇ ਬਹੁਤ ਹੀ ਮਿਹਨਤੀ ਅਤੇ ਜੁਝਾਰੂ ਆਗੂ ਰਿਸ਼ੂ ਸਿੰਗਲਾ ਕਰਹਾਲੀ ਨੂੰ ਕਾਂਗਰਸ ਹਾਈਕਮਾਂਡ ਵੱਲੋਂ ਬਲਾਕ ਕਾਂਗਰਸ ਸਮਾਣਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ । ਸਾਬਕਾ ਵਿਧਾਇਕ ਰਜਿੰਦਰ ਸਿੰਘ ਵੱਲੋਂ ਰਿਸ਼ ਸਿੰਗਲਾ ਨੂੰ ਇਹ ਨਿਯੁਕਤੀ ਪੱਤਰ ਸੌਂਪਿਆ ਗਿਆ ਅਤੇ ਮੂੰਹ ਮਿੱਠਾ ਕਰਵਾ ਕੇ ਮੁਬਾਰਕਬਾਦ ਦਿੱਤੀ ਗਈ ਅਤੇ ਉਮੀਦ ਜਤਾਈ ਕਿ ਰਿਸ਼ ਸਿੰਗਲਾ ਨੌਜਵਾਨਾਂ ਦੀ ਆਵਾਜ਼ ਨੂੰ ਅੱਗੇ ਲੈ ਕੇ ਜਾਣਗੇ ਤੇ ਸਮਾਣਾ ਖੇਤਰ ਵਿੱਚ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤ ਕਰਨਗੇ।

ਇਸ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਰਿਸ਼ੁ ਸਿੰਗਲਾ ਨੇ ਸ ਰਜਿੰਦਰ ਸਿੰਘ, ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਆਦਿ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਆਪਣੀ ਪੂਰੀ ਮਿਹਨਤ ਅਤੇ ਤਨਦੇਹੀ ਨਾਲ ਪਾਰਟੀ ਦੀ ਸੇਵਾ ਕਰਨਗੇ ਅਤੇ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਹਾਜ਼ਰ ਰਹਿਣਗੇ। ਇਸ ਮੌਕੇ ਸ਼ਿਵ ਕੁਮਾਰ ਘੱਗਾ,ਯਤਿਨ ਵਰਮਾ ਕੌਂਸਲਰ, ਸੁਮਿਤ ਸੈਂਟੀ, ਦਰਸ਼ਨ ਮਿੱਤਲ ਕੌਂਸਲਰ, ਸੈਲ ਸੰਦੜ, ਰਜਿੰਦਰ ਬੱਲੀ, ਵਿਸ਼ਾਲ ਵਰਮਾ, ਜੱਸ ਬੱਬੂ ਕੌਂਸਲਰ, ਜੀਵਨ ਗਰਗ, ਅਸ਼ਵਨੀ ਦਿਆਲਗੜੀਆ, ਕੁਲਦੀਪ ਦੀਪਾ, ਅਭਿਸ਼ੇਕ ਮਿੱਤਲ, ਪਵਨ ਖੁਰਾਨਾ, ਮਦਨ, ਹਰੀਚੰਦ ਵਰਮਾ, ਭਗਵਾਨ ਦਾਸ, ਗਗਨ ਸਿੰਗਲਾ ਅਤੇ ਨੋਨੂ ਸ਼ਰਮਾ ਆਦਿ ਵੀ ਮੌਜੂਦ ਰਹੇ।

# 189 ਕਰੋੜ ਰੁਪਏ ਦੇ ਕਸਟਮ ਚੋਰੀ ਮਾਮਲੇ ਦਾ ਮਾਸਟਰਮਾਈਂਡ ਗ੍ਰਿਫ਼ਤਾਰ

## ➢ਜਾਅਲੀ ਫਰਮਾਂ ਰਾਹੀਂ ਜਾਅਲੀ ਅਤੇ ਨਕਲੀ ਵਸਤੂਆਂ ਦਾ ਨਿਰਯਾਤ ਕਰਨ ਦੀ ਕੋਸ਼ਿਸ਼ ➢ ਅਦਾਲਤ ਨੇ ਡੀਆਰਆਈ ਹਿਰਾਸਤ ਨੂੰ ਦਿੱਤੀ ਮਨਜ਼ੂਰੀ

**ਲੁਧਿਆਣਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ੇਸ਼ ਖੁਫੀਆ ਜਾਣਕਾਰੀ ਦੇ ਅਧਾਰ 'ਤੇ, ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ (ਡੀਆਰਆਈ), ਜ਼ੋਨਲ ਯੂਨਿਟ ਲੁਧਿਆਣਾ ਨੇ 189 ਕਰੋੜ ਰੁਪਏ ਦੇ ਕਸਟਮ ਚੋਰੀ ਮਾਮਲੇ ਦੇ ਮਾਸਟਰਮਾਈਂਡ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਸ਼ੀ ਨੂੰ ਲੁਧਿਆਣਾ ਦੇ ਫਸਟ ਕਲਾਸ ਜੁਡੀਸ਼ੀਅਲ ਮੈਜਿਸਟਰੇਟ, ਦੇ ਸਾਹਮਣੇ ਪੇਸ਼ ਕੀਤਾ ਗਿਆ, ਜਿਨ੍ਹਾਂ ਨੇ 20.07.2025 ਨੂੰ ਅੱਗੇ ਦੀ ਪੁੱਛਗਿੱਛ ਲਈ ਉਸ ਨੂੰ ਡੀਆਰਆਈ ਦੀ ਹਿਰਾਸਤ ਵਿੱਚ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ। ਦੋਸ਼ੀ ਪਿਛਲੇ ਇੱਕ ਸਾਲ ਤੋਂ ਫਰਾਰ ਸੀ।

ਜਾਂਚ ਤੋਂ ਪਤਾ ਲੱਗਾ ਕਿ ਦੋਸ਼ੀ ਤਿੰਨ ਫਰਮਾਂ ਦੇ ਜਾਅਲੀ ਮਾਲਕਾਂ ਰਾਹੀਂ ਕਸਟਮਜ਼ ਬਾਂਡਡ ਵੇਅਰਹਾਊਸਾਂ ਤੋਂ ਡਿਊਟੀ-ਮੁਕਤ ਆਯਾਤ ਵਸਤੂਆਂ ਦੀ ਘਰੇਲੂ ਬਜ਼ਾਰ ਵਿੱਚ ਗੈਰ-ਕਾਨੂੰਨੀ ਸਪਲਾਈ ਕਰ ਰਿਹਾ ਸੀ। ਜ਼ਿਕਰਯੋਗ ਹੈ ਕਿ ਬਾਂਡਡ ਵੇਅਰਹਾਊਸ ਲਾਇਸੈਂਸ ਦੀਆਂ ਸ਼ਰਤਾਂ ਦੇ ਅਨੁਸਾਰ, ਇਨ੍ਹਾਂ ਵਸਤੂਆਂ ਦਾ ਉਪਯੋਗ ਸਿਰਫ਼ ਨਿਰਯਾਤ ਲਈ ਉਤਪਾਦਾਂ ਦੇ ਨਿਰਮਾਣ ਵਿੱਚ ਕੱਚੇ ਮਾਲ ਵਜੋਂ ਹੀ ਵਰਤਿਆ ਜਾਣਾ ਸੀ।

ਇਸ ਸਾਰੀ ਧੋਖਾਧੜੀ ਦਾ ਉਦੇਸ਼ ਆਯਾਤ ਵਸਤੂਆਂ 'ਤੇ ਭੁਗਤਾਨਯੋਗ ਡਿਊਟੀ ਤੋਂ ਬਚਣਾ ਸੀ, ਜਿਸ ਨੂੰ ਘਰੇਲੂ ਬਜ਼ਾਰ ਵਿੱਚ ਡਿਊਟੀ ਦਾ ਭੁਗਤਾਨ ਕੀਤੇ ਬਿਨਾਂ ਵੇਚਿਆ ਗਿਆ ਸੀ। ਇਨ੍ਹਾਂ ਵਸਤੂਆਂ 'ਤੇ ਭੁਗਤਾਨਯੋਗ ਕਸਟਮ ਡਿਊਟੀ ਵਸਤੂ ਦੇ ਮੁੱਲ ਦਾ ਲਗਭਗ 100% ਹੁੰਦਾ ਹੈ। ਕੁੱਲ ਮਿਲਾ ਕੇ, 189 ਕਰੋੜ ਦੀ ਕਸਟਮ ਡਿਊਟੀ ਚੋਰੀ ਕੀਤੀ ਗਈ। ਨਿਰਯਾਤ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ, ਦੋਸ਼ੀਆਂ ਨੇ ਜਾਅਲੀ ਫਰਮਾਂ ਰਾਹੀਂ ਡਿਊਟੀ-ਮੁਕਤ ਵਸਤੂਆਂ ਦੀ ਬਜਾਏ ਹੋਰ ਬਾਹਰੀ ਸਮੱਗਰੀ ਤੋਂ ਬਣੇ ਜਾਅਲੀ ਅਤੇ ਨਕਲੀ ਵਸਤੂਆਂ ਦਾ ਨਿਰਯਾਤ ਕਰਨ ਦੀ ਕੋਸ਼ਿਸ਼ ਕੀਤੀ।

# ਅਮਰ ਸੰਘੇੜਾ ਨੂੰ ਜਿਲ੍ਹਾ ਯੂਥ ਪ੍ਰਧਾਨ ਬਣਨ ਤੇ ਪੰਜਾਬ ਸਿੰਘ ਖੁੱਡਾ ਵੱਲੋ ਵਿਸ਼ੇਸ ਸਨਮਾਨ

**ਸਨੌਰ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਲਕਾ ਸਨੌਰ ਦੇ ਸੀਨੀਅਰ ਆਪ ਆਗੂ ਅਮਰਦੀਪ ਸਿੰਘ ਸੰਘੇੜਾ ਜੋ ਕਿ ਪਿਛਲੇ ਕਾਫੀ ਸਮੇਂ ਤੋਂ ਇਮਾਨਦਾਰੀ ਨਾਲ ਸਨੌਰ ਚ ਲੋਕਾਂ ਦੀ ਸੇਵਾ ਨਿਭਾ ਰਹੇ ਹਨ ਉਹਨਾਂ ਦੇ ਲੋਕਾਂ ਪ੍ਰਤੀ ਕੰਮਾ ਨੂੰ ਦੇਖਦੇ ਹੋਏ ਕੁੱਝ ਦਿਨ ਪਹਿਲਾਂ 'ਆਪ' ਦੀ ਲੀਡਰਸ਼ਿਪ ਅਤੇ ਹਲਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਸਿਫਾਰਿਸ਼ ਉਤੇ ਅਮਰਦੀਪ ਸਿੰਘ ਸੰਘੇੜਾ ਨੂੰ ਜ਼ਿਲ੍ਹਾ ਪਟਿਆਲਾ ਦਾ ਯੂਥ ਵਿੰਗ ਦੇ ਪ੍ਰਧਾਨ ਬਣਾਇਆ ਗਿਆ ਸੀ। ਜਿਸਦੇ ਸਬੰਧ ਚ ਅੱਜ ਸਨੌਰ ਦੇ ਪਿੰਡ ਜਲਾਲਪੁਰ ਚ ਅਮਰ ਸੰਘੇੜਾ ਦਾ ਸਨਮਾਨ ਸੀਨੀਅਰ ਆਪ ਆਗੂ ਪੰਜਾਬ ਸਿੰਘ ਖੁੱਡਾ ਦੀ ਰਹਿਮਈ ਹੇਠ ਕੀਤਾ ਗਿਆ। ਇਸ ਮੌਕੇ ਪੰਜਾਬ ਸਿੰਘ ਖੁੱਡਾ ਨੇ ਕਿਹਾ ਕਿ ਅਮਰ ਸੰਘੇੜਾ ਇਕ ਇਮਾਨਦਾਰ ਵਿਅਕਤੀ ਹਨ ਜੋ ਕਿ ਉਹਨਾਂ ਨੂੰ ਪਾਰਟੀ ਵਲੋਂ ਦਿੱਤੀ ਜਿੰਮੇਵਾਰੀ ਨੂੰ ਤਨਦੇਖੀ ਨਾਲ ਨਿਭਾਉਣਗੇ।

ਇਸ ਮੌਕੇ ਅਮਰ ਸੰਘੇੜਾ ਨੇ ਚੋਣਵੇਂ ਪਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਪਿਛਲੇ ਲੰਮੇ ਸਮੇ ਤੋਂ ਹਲਕੇ ਦੇ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਦਾ ਹੱਲ ਕਰਨ ਦੇ ਯਤਨ ਕਰ ਰਿਹਾ ਹਾਂ ਅਤੇ ਲੋਕਾਂ ਦੇ ਵਿਕਾਸ ਕਾਰਜਾਂ ਦੇ ਕੰਮ ਹੋਰ ਵੀ ਵਧੀਆ ਤਰੀਕੇ ਨਾਲ ਕਰਨ ਲਈ ਵਿਆਉਂਤਬੰਦੀ ਬਣਾਈ ਜਾ ਰਹੀ। ਇਸ ਮੌਕੇ ਸੁਖਦੇਵ ਸਿੰਘ ਵਿਰਕ, ਦਲਜੀਤ ਸਿੰਘ ਦਿਓਲ, ਰਾਜੂ ਜਲਾਲਪੁਰ, ਬਿੱਟੂ ਜਲਾਲਪੁਰ ਤੇ ਹੋਰ ਕਈ ਆਪ ਆਗੂ ਮੌਜੂਦ ਹਨ

# ਬਾਲ ਭਿੱਖਿਆ ਵਿਰੁੱਧ ਮੁਹਿੰਮ: 31 ਛਾਪਿਆਂ ਦੌਰਾਨ 47 ਬੱਚੇ ਰੈਸਕਿਉ : ਡਾ. ਬਲਜੀਤ ਕੌਰ



**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਸੂਬੇ ਵਿੱਚ ਬਾਲ ਭਿੱਖਿਆ ਨੂੰ ਜੜ ਤੋਂ ਖ਼ਤਮ ਕਰਨ ਲਈ ਠੋਸ ਅਤੇ ਜਮੀਨੀ ਪੱਧਰ ਦੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਤਹਿਤ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਅੱਜ ਸੂਬੇ ਭਰ ਵਿੱਚ ਚਲਾਈ ਗਈ ਵਿਸ਼ੇਸ਼ ਮੁਹਿੰਮ ਦੌਰਾਨ 47 ਭੀਖ ਮੰਗਣ ਲਈ ਮਜ਼ਬੂਰ ਕੀਤੇ ਗਏ ਬੱਚਿਆਂ ਨੂੰ ਰੈਸਕਿਉ ਕੀਤਾ ਗਿਆ। ਇਹ ਜਾਣਕਾਰੀ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਦੱਸਿਆ ਕਿ ਜੀਵਨਜੋਤ ਮੁਹਿੰਮ ਤਹਿਤ ਵਿਭਾਗ ਦੀਆਂ ਜ਼ਿਲ੍ਹਾ ਬਾਲ ਸੁਰੱਖਿਆ ਟੀਮਾਂ ਵੱਲੋਂ 31 ਛਾਪੇ ਮਾਰੇ ਗਏ। ਇਹਨਾਂ ਛਾਪਿਆਂ ਦੌਰਾਨ ਜ਼ਿਲ੍ਹਾ ਅੰਮ੍ਰਿਤਸਰ ਵਿੱਚ 1, ਬਰਨਾਲਾ 2, ਬਠਿੰਡਾ 4, ਫਿਰੋਜ਼ਪੁਰ 3, ਫਤਹਿਗੜ੍ਹ ਸਾਹਿਬ 2, ਗੁਰਦਾਸਪੁਰ 9, ਫਾਜ਼ਿਲਕਾ 1, ਹੁਸ਼ਿਆਰਪੁਰ 5, ਮਲੇਰਕੋਟਲਾ 2, ਪਟਿਆਲਾ 9, ਰੂਪਨਗਰ 2 ਅਤੇ ਸ੍ਰੀ ਮੁਕਤਸਰ ਸਾਹਿਬ ਵਿਖੇ 7 ਮਜਬੂਰ ਬੱਚਿਆਂ ਨੂੰ ਰੈਸਕਿਉ ਕੀਤਾ ਗਿਆ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਰੈਸਕਿਉ ਕੀਤੇ 30 ਬੱਚਿਆਂ ਦੀ ਦਸਤਾਵੇਜ਼ੀ ਜਾਂਚ ਉਪਰੰਤ ਉਨ੍ਹਾਂ ਨੂੰ ਉਨ੍ਹਾਂ ਦੇ ਮਾਪਿਆਂ ਦੇ ਸਪੁਰਦ ਕੀਤਾ ਗਿਆ, ਜਦਕਿ 17 ਬੱਚੇ, ਜਿਨ੍ਹਾਂ ਦੇ ਮਾਪਿਆਂ ਦੀ ਪਛਾਣ ਨਹੀਂ ਹੋ ਸਕੀ, ਉਨ੍ਹਾਂ ਨੂੰ ਚਾਈਲਡ ਕੇਅਰ ਇੰਸਟੀਟਿਊਸ਼ਨਾਂ ਵਿੱਚ ਭੇਜਿਆ ਗਿਆ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਜੇਕਰ ਕਿਸੇ ਰੈਸਕਿਉ ਕੀਤੇ ਗਏ ਬੱਚੇ ਦੇ ਮਾਮਲੇ ਵਿੱਚ ਸੰਦਰਭਿਤ ਬਾਲ ਭਲਾਈ ਕਮੇਟੀ ਨੂੰ ਇਹ ਸ਼ੱਕ ਜਾਂ ਸੰਭਾਵਨਾ ਹੋਵੇ ਕਿ ਮਾਮਲਾ ਗੰਭੀਰ ਹੈ ਅਤੇ ਇਸ ਵਿੱਚ ਕਾਨੂੰਨੀ ਜਾਂਚ ਜ਼ਰੂਰੀ ਹੈ, ਤਾਂ ਐਫ.ਆਈ.ਆਰ. ਦਰਜ ਕਰਨ ਜਾਂ ਡੀ.ਐਨ.ਏ. ਟੈਸਟ ਕਰਵਾਉਣ ਵਰਗੀਆਂ ਕਾਰਵਾਈਆਂ ਵੀ ਸਬੰਧਤ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਹੇਠ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਪੜਾਅ ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਕਿ ਕਿਸੇ ਵੀ ਬੱਚੇ ਨਾਲ ਹੋ ਰਹੀ ਉਲੰਘਣਾ ਜਾਂ ਸ਼ੱਕ ਦੇ ਅਧੀਨ ਹਾਲਾਤ ਨੂੰ ਗੰਭੀਰਤਾ ਨਾਲ ਲੈ ਕੇ ਕਾਨੂੰਨੀ ਅਤੇ ਵਿਗਿਆਨਕ ਪੱਧਰ 'ਤੇ ਨਿਪਟਿਆ ਜਾਵੇ।

ਉਨ੍ਹਾਂ ਸਖ਼ਤ ਸ਼ਬਦਾਂ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਵਾਰ ਵਾਰ ਸਮਝਾਉਣ ਦੇ ਬਾਵਜੂਦ ਵੀ ਜੇਕਰ ਮਾਪੇ ਆਪਣੇ ਬੱਚਿਆਂ ਨੂੰ ਭੀਖ ਮੰਗਣ ਲਈ ਮਜ਼ਬੂਰ ਕਰਦੇ ਹਨ, ਤਾਂ ਉਨ੍ਹਾਂ ਨੂੰ ਅਣਫਿਟ ਗਾਰਡੀਅਨ ਘੋਸ਼ਿਤ ਕਰਕੇ ਕਾਨੂੰਨੀ ਤੌਰ 'ਤੇ ਸਖ਼ਤ ਸਜ਼ਾਵਾਂ ਦੇਣ ਲਈ ਕਾਰਵਾਈ ਉਲੀਕੀ ਜਾਵੇਗੀ । ਜੇਕਰ ਇਹ ਸਾਬਤ ਹੁੰਦਾ ਹੈ ਕਿ ਕਿਸੇ ਤਸਕਰੀ ਜਾਂ ਅਪਰਾਧਿਕ ਗਤਿਵਿਧੀ ਨਾਲ ਇਹ ਭਿੱਖ ਮੰਗਵਾਈ ਜਾ ਰਹੀ ਸੀ ਤਾਂ ਐਸੀਆਂ ਸਰਗਰਮੀਆਂ ਵਿੱਚ ਲੱਗੇ ਤੱਤਾਂ ਖਿਲਾਫ਼ ਕਠੋਰ ਕਾਰਵਾਈ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਜੀਵਨਜੋਤ ਪ੍ਰਾਜੈਕਟ 2.0 ਸਿਰਫ਼ ਰੈਸਕਿਉ ਕਾਰਵਾਈ ਹੀ ਨਹੀਂ, ਸਗੋਂ ਬੱਚਿਆਂ ਦੀ ਸੁਰੱਖਿਆ, ਪੁਨਰਵਾਸ ਅਤੇ ਸਰਬਪੱਖੀ ਵਿਕਾਸ ਵੱਲ ਇਕ ਪੂਰਾ ਮਾਡਲ ਹੈ। ਇਹ ਮੁਹਿੰਮ ÷ਰੰਗਲਾ ਪੰਜਾਬ÷ ਬਣਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਸਾਬਤ ਹੋਵੇਗੀ।

ਡਾ. ਬਲਜੀਤ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਭੀਖ ਮੰਗਦੇ ਬੱਚਿਆਂ ਨੂੰ ਭੀਖ ਨਾ ਦਿੱਤੀ ਜਾਵੇ ਅਤੇ ਜੇਕਰ ਅਜਿਹਾ ਕੋਈ ਮਾਮਲਾ ਵੇਖਣ ਨੂੰ ਮਿਲੇ ਤਾਂ ਚਾਈਲਡ ਹੈਲਪ ਲਾਈਨ ਨੰਬਰ 1098 'ਤੇ ਤੁਰੰਤ ਜਾਣਕਾਰੀ ਦਿੱਤੀ ਜਾਵੇ।

# ਸ੍ਰੀ ਨੈਣਾਂ ਦੇਵੀ ਪੈਦਲ ਯਾਤਰਾ ਦਲ ਸਮਾਣਾ ਵੱਲੋਂ ਮਾਤਾ ਨੈਣਾਂ ਦੇਵੀ ਦੇ ਦਰਸ਼ਨਾਂ ਲਈ ਪੈਦਲ ਯਾਤਰਾ ਰਵਾਨਾ



**ਸਮਾਣਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਨੈਣਾ ਦੇਵੀ ਪੈਦਲ ਯਾਤਰਾ ਦਲ ਵੱਲੋਂ ਸੰਸਥਾ ਦੇ ਪ੍ਰਧਾਨ ਵਿਜੇ ਮਿੱਤਲ ਬੰਟੀ ਦੀ ਅਗਵਾਈ 'ਚ 200 ਵਿਅਕਤੀਆਂ ਦਾ ਦਲ ਸ੍ਰੀ ਨੈਣਾ ਦੇਵੀ ਦੇ ਦਰਸ਼ਨਾਂ ਲਈ ਰਵਾਨਾ ਹੋਇਆ। ਇਹ ਯਾਤਰਾ ਸਰਾਂ ਪੱਤੀ ਚੌਂਕ ਤੋਂ ਮਾਤਾ ਰਾਣੀ ਦੇ ਸਰੂਪ ਨੂੰ ਹਿੰਡੋਲੇ ਵਿਚ ਸਜਾ ਕੇ ਜੋਤ ਜਗਾ ਕੇ ਸ਼ੁਰੂ ਕੀਤੀ ਇਹ ਚਾਰ ਦਿਨਾਂ ਵਿਚ ਪਹੁੰਚਣ ਵਾਲੀ ਇਹ ਦਲ ਦੀ 37ਵੀਂ ਯਾਤਰਾ ਹੈ। ਬੀਤੀ ਰਾਤ ਮਾਤਾ ਨੈਣਾਂ ਆਰੀਆ ਧਰਮਸ਼ਾਲਾ ਵਿਚ ਮਹਾਂਮਾਈ ਦੀ ਮਹਿਮਾ ਦਾ ਵਿਸ਼ਾਲ ਗੁਣ ਗਾਇਨ ਸਮਾਗਮ ਕੀਤਾ ਗਿਆ ਜਿਸ ਵਿਚ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਦੇ ਪ੍ਰਧਾਨ ਬੀਬਾ ਗੁਰਸ਼ਰਨ ਕੌਰ ਰੰਧਾਵਾ, ਸਾਬਕਾ ਵਿਧਾਇਕ ਰਜਿੰਦਰ ਸਿੰਘ ਦੀ ਧਰਮਪਤਨੀ ਬੀਬੀ ਰਵਿੰਦਰ ਕੌਰ, ਕਾਂਗਰਸੀ ਆਗੂ ਸੰਦੀਪ ਸਿੰਗਲਾ, ਰਛਪਾਲ ਸਿੰਘ ਜੌੜਾਮਾਜਰਾ, ਉਦਯੋਗਪਤੀ ਰਮੇਸ਼ ਗਰਗ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਕਪੂਰ ਚੰਦ ਬਾਂਸਲ, ਠੇਕੇਦਾਰ ਪ੍ਰਮੋਦ ਸਿੰਗਲਾ, ਪ੍ਰਧਾਨ ਜੀਵਨ ਗਰਗ, ਟੋਨੀ ਆਲਮਪੁਰ, ਡਾ. ਧਰਮਪਾਲ ਗਰਗ, ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਕਿੱਟੀ ਗਰਗ, ਸਚਿਨਕੰਬੋਜ, ਗੋਪਾਲ ਕ੍ਰਿਸ਼ਨ ਗਰਗ ਅਤੇ ਸਨੈਨਾ ਮਾਤਾ ਨੈਣਾ ਆਰੀਆ ਧਰਮਸ਼ਾਲਾ ਸਮਾਣਾ ਵਿਖੇ ਸ੍ਰੀ ਨੈਣਾ ਦੇਵੀ ਪੈਦਲ ਯਾਤਰਾ ਦਲ ਦੇ ਪ੍ਰਧਾਨ ਵਿਜੇ ਮਿੱਤਲ ਬੰਟੀ ਸਣੇ ਦਲ ਦੇ ਅਹੁਦੇਦਾਰ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦਾ ਸਨਮਾਨ ਕਰਦੇ ਹੋਏ। ਮਿੱਤਲ ਸਮੇਤ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਨੇ ਸ਼ਿਰਕਤ ਕੀਤੀ। ਮਹਿਮਾਨਾਂ ਦਾ ਪ੍ਰਧਾਨ ਵਿਜੇ ਮਿੱਤਲ ਬੰਟੀ, ਪ੍ਰੈੱਸ ਸਕੱਤਰ ਵਿਜੇ ਗਰਗ, ਨਿਸ਼ਾਂਤ ਸਿੰਗਲਾ, ਸੰਜੀਵ ਸੰਜੂ, ਰਜਿੰਦਰ ਕੁਮਾਰ, ਟੀਨੂ ਜੈਨ, ਹੇਮੰਤ ਮੰਨ, ਗੁਰਪ੍ਰੀਤ ਵਿੱਕੀ ਅਤੇ ਗਗਨਦੀਪ ਸਿੰਘ ਨਾਗੀ ਨੇ ਸਨਮਾਨ ਕੀਤਾ। ਇਸ ਮੌਕੇ ਜਰਨਲਿਸਟ ਪ੍ਰੈਸ ਕੱਲਬ ਦੇ ਪ੍ਰਧਾਨ ਪ੍ਰੀਤਮ ਸਿੰਘ ਨਾਗੀ, ਜਰਨਲ ਸਕੱਤਰ ਇਕਬਾਲ ਸਿੰਘ, ਹਰਜਿੰਦਰ ਸਿੰਘ ਜਵੰਧਾ,ਦੀਵਾਨ ਥਰੇਜਾ, ਰਜਿੰਦਰ ਸਿੰਘ ਫਤਿਹਪੁਰ, ਹਰਵਿੰਦਰ ਸਿੰਘ ਟੋਨੀ ਨਾਗੀ, ਸਮੇਤ ਇਕ ਦਰਜਨ ਪੱਤਰਕਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।।

ਵਿਧਾਇਕ ਜੌੜਾਮਾਜਰਾ ਨੇ ਸ੍ਰੀ ਨੈਣਾ ਦੇਵੀ ਪੈਦਲ ਯਾਤਰਾ ਦਲ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਦੇਵੀ-ਦੇਵਤੇ ਪੂਜਣਯੋਗ ਹਨ ਜਿਨ੍ਹਾਂ ਨੇ ਮਨੁੱਖਤਾ ਨੂੰ ਸਾਰਥਿਕ ਜ਼ਿੰਦਗੀ ਦਾ ਰਾਹ ਵਿਖਾਇਆ ਹੈ।

# ਜਵੱਦੀ ਟਕਸਾਲ ਵਿਖੇ ਬਾਲਾ ਪ੍ਰੀਤਮ ਸ਼ਰੀ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ

**ਲੁਧਿਆਣਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਗੁਰਬਾਣੀ ਪ੍ਰਚਾਰ ਪਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੀ ਬਹਾਲੀ ਲਈ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਵਿਖੇ ਬਾਲਾ ਪ੍ਰੀਤਮ ਸ਼ ?ਗੀ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹਫਤਾਵਾਰੀ ਨਾਮ ਸਿਮਰਨ ਸਮਾਗਮ ਕਰਵਾਇਆ ਗਿਆ। ਸੰਤ ਗਿਆਨੀ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਨੇ ਬਾਲਾ ਪ੍ਰੀਤਮ ਸ਼ ?ਗੀ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ ਦੇ ਜੀਵਨ, ਸਮਾਜ ਲਈ ਨਿਭਾਈਆਂ ਸੇਵਾਵਾਂ ਅਤੇ ਅਜੋਕੇ ਵਕਤ ਦੇ ਹਾਲਾਤਾਂ ਦੇ ਮੱਦੇ ਨਜ਼ਰ ਗੁਰਬਾਣੀ ਦੀ ਰੋਸ਼ਨੀ ਵਿੱਚ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਫਰਮਾਇਆ ਕਿ ਗੁਰਬਾਣੀ ਪਰਾਈ ਭਾਵ ਜੀਵਨ ਲਈ ਅਯੋਗ ਪਦਾਰਥਾਂ ਦੀ ਖਿੱਚ ਸਿਰੇ ਤੋਂ ਮੇਟਣ ਵਾਲੀ ਹੈ।

ਗੁਰਬਾਣੀ ਦਾ ਗਿਆਨ ਸਾਰੇ ਭਰਮ ਤੇ ਸ਼ੰਕਾਵਾਂ ਦੂਰ ਕਰਨ ਵਾਲਾ ਹੈ ਤੇ ਪਰਮਾਤਮਾ ਦੀ ਵਡਿਆਈ ਨਾਲ ਜੋੜਨ ਵਾਲਾ ਹੈ। ਮਾਇਆ ਵਿੱਚ ਰਮੇ ਹੋਏ ਤੇ ਵਿਕਾਰਾਂ 'ਚ ਫਸੇ ਹੋਏ ਮਨ ਨੂੰ ਸਮਝਾਉਣਾ ਭਾਵੇਂ ਅਤਿ ਕਠਨ ਹੈ। ਪਰ ਗੁਰਬਾਣੀ ਦੀ ਕਰਾਮਾਤ ਮਨ ਨੂੰ ਨਾਮ ਨਾਲ ਜੋੜਨ ਤੇ ਨਾਮ ਜਪਣ ਲਈ ਪ੍ਰੇਰਨਾ ਨਾਲ ਵਰਤਦੀ ਹੈ।

ਨਾਮ ਸਿਮਰਨ ਮਨ ਨੂੰ ਮਾਇਆ ਮੋਹ ਤੇ ਵਿਕਾਰ ਤੋਂ ਮੁਕਤ ਕਰਨ ਦੀ ਵਿਧੀ ਹੈ। ਉਨ੍ਹਾਂ ਅਜੋਕੇ ਹਾਲਤਾਂ ਵੱਲ ਇਸ਼ਾਰਾ ਕਰਦਿਆਂ ਫ਼ਰਮਾਇਆ ਕਿ ਨਸ਼ੇ ਵਿਕਾਰਾਂ ਤੋਂ ਜਨਮੇ ਪਾਪ ਹਨ। ਗੁਰਬਾਣੀ ਨਾਮ ਦੀ ਦਾਤ ਵਿਕਾਰਾਂ ਨੂੰ ਵੱਸ 'ਚ ਕਰਨ ਵਾਲੀ ਹੈ। ਨਸ਼ੇ ਦੀ ਲੱਤ ਬੇਬਸੀ ਬਣ ਜਾਂਦੀ ਹੈ, ਇਸ ਬੇਵਸੀ ਨੂੰ ਤੋੜਨ ਲਈ ਇਸ ਦੀਆਂ ਜੜ੍ਹਾਂ ਭਾਵ ਵਿਕਾਰਾਂ ਤੇ ਵਾਰ ਨਾਮ ਸਿਮਰਨ ਹੀ ਕਰਦਾ ਹੈ।

ਨਾਮ ਜਪਣਾ ਇਕ ਸੁਚੱਜਾ ਜੀਵਨ ਨੇਮ ਬਣਾਉਂਦਾ ਹੈ। ਉਨ੍ਹਾਂ ਭਰਮ ਤੇ ਵਿਕਾਰਾਂ 'ਚ ਪਏ ਲੋਕਾਂ ਨੂੰ ਸਤਸੰਗਤ ਕਰਨ ਤੇ ਗੁਰੂ ਸ਼ਬਦ ਰਾਹੀਂ ਦੁਬਿਧਾਵਾਂ ਦੂਰ ਕਰਨ ਲਈ ਪ੍ਰੇਰਿਆ। ਬਾਬਾ ਜੀ ਨੇ ਜੋਰ ਦਿੰਦਿਆ ਸਮਝਾਇਆ ਕਿ ਗੁਰਬਾਣੀ ਨਾਮ ਸਿਮਰਨ ਨਾਲ ਹੀ ਮਨ ਦੀ ਲਿਵ ਪਰਮਾਤਮਾ ਨਾਲ ਜੁੜਦੀ ਹੈ ਤੇ ਸੱਚੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰੂ ਦੇ ਮਾਰਗ ਤੇ ਚੱਲਣ ਵਾਲੇ ਪਹਿਰ ਰਾਤ ਰਹਿੰਦਿਆਂ ਹੀ ਉੱਠ ਜਾਂਦੇ ਹਨ, ਰਾਤੀ ਉਠ ਬਹਿੰਦੇ ਇਸ਼ਨਾਨ ਆਦਿ ਕਰਕੇ ਇਕਾਗਰ ਮਨ ਨਾਲ ਨਾਮ ਜਪਦੇ ਹਨ, ਸਾਧ ਸੰਗਤ ਕਰਦੇ ਹਨ, ਗੁਰਬਾਣੀ ਗਾਉਂਦੇ ਹਨ, ਸੁਣਦੇ ਹਨ ਤੇ ਸਦਾ ਹੀ ਪਰਮਾਤਮਾ ਵਿੱਚ ਰਮੇ ਰਹਿੰਦੇ ਹਨ। ਇਸ ਤੋਂ ਪਹਿਲਾਂ ਟਕਸਾਲ ਦੇ ਹੋਣਹਾਰ ਵਿਦਿਆਰਥੀਆਂ ਨੇ ਗੁਰਬਾਣੀ ਸ਼ਬਦ ਕੀਰਤਨ ਕੀਤੇ। ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਪ੍ਰੋ. ਅਸ਼ੀਮ ਕੁਮਾਰ ਘੋਸ਼ ਨੇ ਹਰਿਆਣਾ ਦੇ ਰਾਜਪਾਲ ਦੇ ਅਹੁਦੇ ਦੀ ਸੁੰਹ ਚੁੱਕੀ

**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਨਵੇਂ ਨਿਯੁਕਤ ਰਾਜਪਾਲ ਪ੍ਰੋ. ਅਸ਼ੀਮ ਕੁਮਾਰ ਘੋਸ਼ ਨੇ ਸੋਮਵਾਰ ਨੂੰ ਸੂਬੇ ਦੇ 19ਵੇਂ ਰਾਜਪਾਲ ਵਜੋਂ ਸੁੰਹ ਚੁੱਕੀ। ਹਰਿਆਣਾ ਰਾਜਭਵਨ ਵਿੱਚ ਆਯੋਜਿਤ ਸਮਾਰੋਹ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਸ੍ਰੀ ਸ਼ੀਲ ਨਾਗੂ ਨੇ ਪ੍ਰੋ. ਅਸ਼ੀਮ ਕੁਮਾਰ ਘੋਸ਼ ਨੂੰ ਅਹੁਦਾ ਅਤੇ ਵਫ਼ਾਦਾਰੀ ਦੀ ਸੁੰਹ ਚੁਕਾਈ।

ਰਾਜਪਾਲ ਪ੍ਰੋ. ਅਸ਼ੀਮ ਕੁਮਾਰ ਘੋਸ਼, ਇੱਕ ਪ੍ਰਸਿੱਧ ਸਿਖਿਆ ਸ਼ਾਸਤਰੀ ਅਤੇ ਤਜ਼ਰਬੇਕਾਰ ਸਿਆਸਤਦਾਨ ਹਨ, ਜੋ ਲਗਭਗ ਚਾਰ ਦਿਹਾਕਿਆਂ ਤੱਕ ਕੋਲਕਾਤਾ ਦੇ ਇੱਕ ਮੰਨੇ-ਪ੍ਰਮੰਨੇ ਕਾਲਜ ਵਿੱਚ ਰਾਜਨੀਤੀ ਸ਼ਾਸਤਰ ਵਿਭਾਗ ਦੇ ਚੇਅਰਮੈਨ ਰਹੇ। ਉਨ੍ਹਾਂ ਨੇ ਅਕਾਦਮਿਕ ਖੋਜ ਅਤੇ ਰਾਜਨੀਤਿਕ ਵਿਚਾਰ-ਵਟਾਂਦਰਾਂ ਵਿੱਚ ਸਰਗਰਮ ਯੋਗਦਾਨ ਸਮੇਤ ਯੂ.ਜੀ.ਸੀ. ਅਤੇ ਆਈ.ਸੀ.ਐਸ.ਐਸ.ਆਰ. ਪਰਿਯੋਜਨਾਵਾਂ 'ਤੇ ਵੀ ਕੰਮ ਕੀਤਾ ਹੈ ਅਤੇ ਉਨ੍ਹਾਂ ਦੇ ਕਈ ਲੇਖ ਪ੍ਰਮੁੱਖ ਪ੍ਰਕਾਸ਼ਨਾਂ ਵਿੱਚ ਪ੍ਰਕਾਸ਼ਿਤ ਹੋਏ ਹਨ।

ਸੁੰਹ ਚੁੱਕ ਸਮਾਰੋਹ ਵਿੱਚ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰਿਆ, ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਮੌਜੂਦ ਰਹੇ। ਇੰਨ੍ਹਾਂ ਤੋਂ ਇਲਾਵਾ, ਰਾਜਪਾਲ ਦੀ ਧਰਮ ਪਤਨੀ ਸ੍ਰੀਮਤੀ ਮਿਤਰਾ ਘੋਸ਼, ਮੁੱਖ ਮੰਤਰੀ ਦੀ ਧਰਮ ਪਤਨੀ ਸ੍ਰੀਮਤੀ ਸੁਮਨ ਸੈਣੀ ਸਮੇਤ ਰਾਜਪਾਲ ਦੇ ਪਰਿਵਾਰ ਦੇ ਮੈਂਬਰ ਵੀ ਮੌਜੂਦ ਰਹੇ।ਸਮਾਰੋਹ ਵਿੱਚ ਹਰਿਆਣਾ ਵਿਧਾਨਸਭਾ ਦੇ ਸਪੀਕਰ ਸ੍ਰੀ ਹਰਵਿੰਦਰ ਕਲਿਆਣ, ਕੈਬੀਨੇਟੇ ਮੰਤਰੀ ਸ੍ਰੀ ਕ੍ਰਿਸ਼ਣ ਲਾਲ ਪੰਵਾਰ, ਸ੍ਰੀ ਮਹੀਪਾਲ ਢਾਂਡਾ, ਡਾ. ਅਰਵਿੰਦ ਸ਼ਰਮਾ, ਸ੍ਰੀ ਸ਼ਿਆਮ ਸਿੰਘ ਰਾਣਾ, ਸ੍ਰੀ ਰਣਬੀਰ ਗੰਗਵਾ, ਸ੍ਰੀ ਕ੍ਰਿਸ਼ਣ ਕੁਮਾਰ ਬੇਦੀ, ਸ੍ਰੀਮਤੀ ਸ਼ਰੂਤੀ ਚੌਧਰੀ, ਰਾਜ ਮੰਤਰੀ ਸ੍ਰੀ ਰਾਜੇਸ਼ ਨਾਗਰ ਅਤੇ ਸ੍ਰੀ ਗੌਰਵ ਗੌਤਮ, ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ, ਰਾਜਪਾਲ ਦੇ ਸਕੱਤਰ ਸ੍ਰੀ ਅਤੁਲ ਦਿਵੇਦੀ, ਵਿਧਾਇਕ ਅਤੇ ਯੂਨੀਵਰਸਿਟੀਆਂ ਦੇ ਵਾਇਸ ਚਾਂਸਲਰ ਅਤੇ ਸੀਨੀਅਰ ਅਧਿਕਾਰੀ ਮੌਜੂਦ ਰਹੇ।ਰਾਜਪਾਲ ਪ੍ਰੋ. ਅਸ਼ੀਮ ਕੁਮਾਰ ਘੋਸ਼ ਨੇ ਸੁੰਹ ਚੁੱਕ ਸਮਾਰੋਹ ਵਿੱਚ ਆਏ ਮਾਣਯੋਗ ਲੋਕਾਂ ਨਾਲ ਨਿਜੀ ਰੂਪ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਵਧਾਈ ਸਵੀਕਾਰ ਕੀਤੀ। ਇਸ ਦੌਰਾਨ ਹਰਿਆਣਾ ਆਰਮਡ ਪੁਲਿਸ ਦੀ ਸਪੈਸ਼ਲ ਟੁੱਕੜੀ ਨੇ ਰਾਜਪਾਲ ਨੂੰ ਗਾਰਡ ਆਫ ਆਨਰ ਦਿੱਤਾ।

# ਸੀ.ਟੀ. ਯੂਨੀਵਰਸਿਟੀ ਦਾ ਰਾਸ਼ਟਰੀ ਪੱਧਰ 'ਤੇ ਚਮਕਦਾ ਨਾਮ : ਡੀਨ ਅਕੈਡਮਿਕਸ ਡਾ. ਸਿਮਰਨਜੀਤ ਕੌਰ ਗਿੱਲ ਨੂੰ "ਬੈਸਟ ਪ੍ਰਿੰਸੀਪਲ ਅਵਾਰਡ"ਨਾਲ ਕੀਤਾ ਗਿਆ

**ਲੁਧਿਆਣਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸੀ.ਟੀ. ਯੂਨੀਵਰਸਿਟੀ ਨੂੰ ਇਹ ਐਲਾਨ ਕਰਦਿਆਂ ਬੇਹੱਦ ਮਾਣ ਮਹਿਸੂਸ ਹੋ ਰਿਹਾ ਹੈ ਕਿ ਡੀਨ ਅਕੈਡਮਿਕਸ ਡਾ. ਸਿਮਰਨਜੀਤ ਕੌਰ ਗਿੱਲ ਨੂੰ "ਬੈਸਟ ਪ੍ਰਿੰਸੀਪਲ ਅਵਾਰਡ"ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਪ੍ਰਸਿੱਧ ਇਨਾਮ ਨੇਸ਼ਨਲ ਏਜੂਟ ?ਰੱਸਟ ਆਫ ਇੰਡੀਆ ਵੱਲੋਂ ਦਿੱਤਾ ਗਿਆ ਜੋ ਕਿ ਭਾਰਤ ਸਰਕਾਰ ਦੇ ਐਮ.ਐੱਸ.ਐੱਮ.ਈ. ਮੰਤਰਾਲੇ ਹੇਠ ਰਜਿਸਟਰਡ ਸੰਸਥਾ ਹੈ। ਇਹ ਸਨਮਾਨ ਚਿਤਕਾਰਾ ਯੂਨੀਵਰਸਿਟੀ, ਪੰਜਾਬ ਵਿਖੇ ਹੋਏ ਸਸਤੇਨੀਬਿਲਟੀ ਐਕਸੀਲੈਂਸ ਅਵਾਰਡਸ ਸਮਾਰੋਹ ਦੌਰਾਨ ਦਿੱਤਾ ਗਿਆ, ਜਿੱਥੇ 13 ਪ੍ਰਿੰਸੀਪਲਾਂ ਅਤੇ 6 ਨੋਡਲ ਅਧਿਕਾਰੀਆਂ ਨੂੰ ਸਿੱਖਿਆ ਵਿੱਚ ਨਵੀਂ ਸੋਚ ਅਤੇ ਵਾਤਾਵਰਣਕ ਲੀਡਰਸ਼ਿਪ ਲਈ ਸਨਮਾਨਿਤ ਕੀਤਾ ਗਿਆ।

ਸਮਾਰੋਹ ਦੇ ਮੁੱਖ ਮਹਿਮਾਨ ਸਨ ਜਿਤ ਕੁਮਾਰ ਗੁਪਤਾ, ਜੋ ਕਿ ਸਸਤੇਨੀਬਲ ਵਿਕਾਸ, ਸਮਾਰਟ ਸਿਟੀ ਅਤੇ ਗ੍ਰੀਨ ਇੰਫਰਾਸਟਰਕਚਰ ਦੇ ਖੇਤਰ ਵਿੱਚ 55 ਸਾਲਾਂ ਦਾ ਤਜਰਬਾ ਰੱਖਦੇ ਹਨ।

430 ਤੋਂ ਵੱਧ ਉਮੀਦਵਾਰਾਂ ਵਿਚੋਂ ਡਾ. ਗਿੱਲ ਨੂੰ ਉਨ੍ਹਾਂ ਦੀ ਅਗੇਵਧ ਅਕੈਡਮਿਕ ਲੀਡਰਸ਼ਿਪ, ਸਸਤੇਨੀਬਿਲਟੀ ਪ੍ਰਤੀ ਸਮਰਪਣ, ਅਤੇ ਉੱਚ ਸਿੱਖਿਆ ਵਿੱਚ ਬਦਲਾਅ ਲਿਆਂਦਾ ਕੰਮ ਕਰਨ ਲਈ ਚੁਣਿਆ ਗਿਆ। ਇਹ ਸਨਮਾਨ ਸੀ.ਟੀ. ਯੂਨੀਵਰਸਿਟੀ ਦੀ ਉਹ ਦ੍ਰਿੜ ? ਨੀਤੀ ਨੂੰ ਦਰਸਾਉਂਦਾ ਹੈ ਜਿਸ ਅਧੀਨ ਉਹ ਸਮਾਜਿਕ ਅਤੇ ਵਾਤਾਵਰਣਕ ਜ਼ਿੰਮੇਵਾਰੀ ਵਾਲੇ ਭਵਿੱਖ ਦੇ ਲੀਡਰ ਤਿਆਰ ਕਰ ਰਹੀ ਹੈ। ਨੇਸ਼ਨਲ ਏਜੂਟ ?ਰੱਸਟ ਆਫ ਇੰਡੀਆ ਦੇ ਸੀ.ਈ.ਓ. ਸਮਰਥ ਸ਼ਰਮਾ ਨੇ ਸਾਰੇ ਜੇਤੂਆਂ ਨੂੰ ਵਧਾਈ ਦਿੰਦੇ ਹੋਏ ਕਿਹਾ :

"ਇਹ ਅਵਾਰਡ ਉਹਨਾਂ ਸਿੱਖਿਆਕਾਰਾਂ ਨੂੰ ਦਿੱਤਾ ਗਿਆ ਹੈ ਜੋ ਅਸਲ ਵਿੱਚ ਪ੍ਰਗਟਿਸ਼ੀਲ ਸਿੱਖਿਆ ਦੀ ਰੂਹ ਨੂੰ ਅੱਗੇ ਵਧਾ ਰਹੇ ਹਨ। ਉਹ ਸਿਰਫ਼ ਸੰਸਥਾਵਾਂ ਨੂੰ ਨਹੀਂ, ਸਗੋਂ ਪੂਰੇ ਸਮਾਜ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਸ਼ਕਤ ਕਰ ਰਹੇ ਹਨ।

ਸੀ.ਟੀ. ਯੂਨੀਵਰਸਿਟੀ ਦੇ ਚਾਂਸਲਰ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਖੁਸ਼ੀ ਜਤਾਂਦੇ ਹੋਏ ਕਿਹਾ: "ਇਹ ਪ੍ਰਾਪਤੀ ਸਿਰਫ ਡਾ. ਗਿੱਲ ਦੀ ਨਿੱਜੀ ਸਫਲਤਾ ਨਹੀਂ, ਸਗੋਂ ਸਾਡੀ ਯੂਨੀਵਰਸਿਟੀ ਦੀ ਅਕੈਡਮਿਕ ਸੋਚ ਦਾ ਪਰਚਾ ਹੈ। ਅਸੀਂ ਐਸੇ ਲੀਡਰ ਤਿਆਰ ਕਰਦੇ ਹਾਂ ਜੋ ਲੋਕਾਂ ਦੀ ਜ਼ਿੰਦਗੀ 'ਚ ਬਦਲਾਅ ਲਿਆਉਣ - ਅਤੇ ਅੱਜ ਦਾ ਇਹ ਸਨਮਾਨ ਇਹੀ ਸਾਬਤ ਕਰਦਾ ਹੈ। ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ ਨੇ ਵੀ ਆਪਣੀਆਂ ਸ਼ੁਭਕਾਮਨਾਵਾਂ ਪ੍ਰਗਟਾਉਂਦਿਆਂ ਕਿਹਾ:

"ਸਾਨੂੰ ਡਾ. ਸਿਮਰਨਜੀਤ ਕੌਰ ਗਿੱਲ ਤੇ ਬੇਹੱਦ ਮਾਣ ਹੈ।

ਉਨ੍ਹਾਂ ਦੀ ਗੁਣਵੱਤਾ ਵਾਲੀ ਸਿੱਖਿਆ ਅਤੇ ਸਸਤੇਨੀਬਿਲਟੀ ਪ੍ਰਤੀ ਭਾਵਨਾ, ਸਾਡੀ ਯੂਨੀਵਰਸਿਟੀ ਦੀ ਨਵੀਨਤਾ ਤੇ ਗਲੋਬਲ ਜ਼ਿੰਮੇਵਾਰੀ ਵਾਲੀ ਸੋਚ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ। ਉਹ ਟਰਾਂਸਫਾਰਮੇਟਿਵ ਲੀਡਰਸ਼ਿਪ ਦੀ ਅਸਲ ਮਿਸਾਲ ਹਨ।

ਸੀ.ਟੀ. ਯੂਨੀਵਰਸਿਟੀ ਸਿੱਖਿਆ, ਵਾਤਾਵਰਣਕ ਸੋਚ ਅਤੇ ਪ੍ਰਭਾਵਸ਼ਾਲੀ ਲੀਡਰਸ਼ਿਪ ਦੇ ਖੇਤਰ ਵਿੱਚ ਲਗਾਤਾਰ ਨਵੇਂ ਮਾਪਦੰਡ ਸਥਾਪਤ ਕਰ ਰਹੀ ਹੈ। ਇਹ ਰਾਸ਼ਟਰੀ ਪੱਧਰ ਦਾ ਸਨਮਾਨ ਯੂਨੀਵਰਸਿਟੀ ਦੀ ਨਵੀਨਤਾ, ਸਮਾਜ ਸੇਵਾ ਅਤੇ ਉਤਕ੍ਰਿਸ਼ਟਤਾ ਪ੍ਰਤੀ ਲਗਨ ਨੂੰ ਦਰਸਾਉਂਦਾ ਹੈ।

# ਦੁਰਗਾ ਸ਼ਕਤੀ ਸੇਵਾ ਮੰਡਲ ਵੱਲੋਂ ਦੂਜੀ ਪੈਦਲ ਯਾਤਰਾ



**ਨਾਭਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦੁਰਗਾ ਸ਼ਕਤੀ ਸੇਵਾ ਮੰਡਲ ਵੱਲੋਂ ਦੂਜੀ ਪੈਦਲ ਯਾਤਰਾ 21 ਜੁਲਾਈ ਨੂੰ 150 ਭਗਤਾਂ ਦੇ ਜੱਥੇ ਨਾਲ ਰਵਾਨਾ ਹੋਵੇਗੀ ਇਸ ਯਾਤਰਾ ਬਾਰੇ ਜਾਣਕਾਰੀ ਦਿੰਦਿਆਂ ਪੁਨੀਤ ਸਿੰਗਲਾ ਵੱਲੋਂ ਦੱਸਿਆ ਗਿਆ ਕਿ ਇਹ ਯਾਤਰਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਹੁਤ ਸ਼ਰਧਾ ਵਿੱਚ ਭਾਵਨਾ ਨਾਲ ਜਾ ਰਹੀ ਹੈ ਸਾਰੇ ਭਗਤਾਂ ਵਿਚ ਬਹੁਤ ਖੁਸ਼ੀ ਦੀ ਲਹਿਰ ਅਤੇ ਜੋਸ਼ ਹੈ ਤੇ ਇਹ ਯਾਤਰਾ ਦੇਵੀ ਦਿਆਲਾ ਚੌਕ ਮਾਤਾ ਨੈਣਾ ਦੇਵੀ ਜੀ ਮੰਦਿਰ ਤੋਂ ਸਵੇਰੇ 8 ਵਜੇ ਰਵਾਨਾ ਹੋਵੇਗੀ ਇਸ ਮੌਕੇ ਤੇ ਮੋਹਿਤ ਅਰੋੜਾ ਚੇਅਰਮੈਨ, ਪੁਨੀਤ ਸਿੰਗਲਾ ਪ੍ਰਧਾਨ, ਨਰਿੰਦਰ ਪਾਲ, ਨਿਰਮਲ ਦਾਸ ,ਅਜੈ ਸਿੰਗਲਾ ਕੈਸ਼ੀਅਰ, ਨਿਰਮਲ ਦਾਸ ਬਾਵਾ, ਅਤੇ ਹੋਰ ਵੀ ਮੈਂਬਰ ਮੌਜੂਦ ਸਨ

# ਨਸ਼ਿਆਂ ਵਿਰੁੱਧ ਯੁੱਧ ਮੁਹਿੰਮ ਲਈ ਵਾਰਡ ਪੱਧਰ ਉੱਤੇ ਕਮੇਟੀਆਂ ਬਣਾਈਆਂ ਜਾਣਗੀਆਂ : ਧਵਨ



**ਅੰਮ੍ਰਿਤਸਰ 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਸਰੇ ਪੜਾਅ ਵਿਚ ਆਮ ਲੋਕਾਂ ਦਾ ਸਾਥ ਲੈਣ ਲਈ ਨਸ਼ਾ ਮੁਕਤੀ ਮੋਰਚਾ ਦੇ ਅੰਮ੍ਰਿਤਸਰ ਸਹਿਰੀ ਪ੍ਰਧਾਨ ਸ੍ਰੀ ਦੀਕਸ਼ਿਤ ਧਵਨ ਵੱਲੋਂ ਅੱਜ ਅੰਮ੍ਰਿਤਸਰ ਪੱਛਮੀ ਅਤੇ ਪੂਰਬੀ ਹਲਕੇ ਦੀਆਂ ਮੀਟਿੰਗਾਂ ਪੁਲਿਸ, ਪ੍ਰਸ਼ਾਸਨ, ਪਾਰਟੀ ਦੇ ਆਗੂਆਂ ਅਤੇ ਹੋਰ ਮੋਹਤਬਰਾਂ ਨਾਲ ਕੀਤੀਆਂ ਗਈਆਂ।

ਇਨ੍ਹਾਂ ਮੀਟਿੰਗਾਂ ਵਿੱਚ ਵਾਰਡ ਪੱਧਰ ਉੱਤੇ ਡਿਫੈਂਸ-ਕਮੇਟੀਆਂ ਬਨਾਉਣ ਬਾਰੇ ਵਿਚਾਰਾਂ ਕੀਤੀਆਂ ਗਈਆਂ। ਉਹਨਾਂ ਨੇ ਕਿਹਾ ਕਿ ਹਲਕਾ ਪੱਧਰ ਉੱਤੇ ਬਣ ਰਹੀਆਂ ਇਹਨਾਂ ਕਮੇਟੀਆਂ ਲਈ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਲੋਕਾਂ ਦਾ ਸਾਥ ਲਿਆ ਜਾਵੇਗਾ ਅਤੇ ਜੋ ਵੀ ਵਿਅਕਤੀ ਨਸ਼ੇ ਦੇ ਖਾਤਮੇ ਲਈ ਸਰਕਾਰ ਦਾ ਸਾਥ ਦੇਣਾ ਚਾਹੁੰਦਾ ਹੈ ਉਹ ਇਹਨਾਂ ਕਮੇਟੀਆਂ ਵਿੱਚ ਬਤੌਰ ਮੈਂਬਰ ਲਿਆ ਜਾਵੇਗਾ।

ਉਨਾਂ ਕਿਹਾ ਕਿ ਇਹਨਾਂ ਡਿਫੈਂਸ ਕਮੇਟੀਆਂ ਵਿੱਚ ਆਮ ਲੋਕਾਂ ਦੀ ਸ਼ਾਮੂਲੀਅਤ ਨੂੰ ਵੱਧ ਤੋਂ ਵੱਧ ਯਕੀਨੀ ਬਣਿਆ ਜਾਵੇਗਾ , ਤਾਂ ਕਿ ਇਸ ਨਾਲ ਨਸ਼ੇ ਰੂਪੀ ਕੋਹੜ ਨੂੰ ਜੜ੍ਹ ਤੋਂ ਇਸ ਗੁਰੂ ਰਾਮਦਾਸ ਜੀ ਦੀ ਨਗਰੀ ਵਿੱਚੋ ਖਤਮ ਕੀਤਾ ਜਾ ਸਕੇ।

ਉਹਨਾਂ ਕਿਹਾ ਕਿ ਪੁਲਿਸ ਕਮਿਸ਼ਨਰ ਨੇ ਉਹਨਾਂ ਨੂੰ ਪੂਰਾ ਭਰੋਸਾ ਦਿੱਤਾ ਕਿ ਉਹ ਨਸ਼ੇ ਦੇ ਖਾਤਮੇ ਲਈ ਪ੍ਰਸ਼ਾਸਨ ਵੱਲੋਂ ਹਰ ਤਰ੍ਹਾਂ ਦਾ ਸਾਥ ਦੇਣਗੇ ਅਤੇ ਅਧਿਕਾਰੀ ਉਹਨਾਂ ਨਾਲ ਇਸ ਮੁਹਿੰਮ ਵਿੱਚ ਨਿਰੰਤਰ ਡਟ ਕੇ ਕੰਮ ਕਰਨਗੇ।

ਸ੍ਰੀ ਧਵਨ ਨੇ ਇਸ ਮੌਕੇ ਕਿਹਾ ਕਿ ਇਹ ਕਮੇਟੀਆਂ ਨਾ ਕੇਵਲ ਨਸ਼ੇ ਵਿਰੁੱਧ ਜਾਗਰੂਕਤਾ ਮੁਹਿੰਮ ਲਈ ਕੰਮ ਕਰਨਗੀਆਂ ਬਲਕਿ ਨਸ਼ੇ ਦੇ ਰੋਗੀਆਂ ਦੇ ਇਲਾਜ ਲਈ ਵੀ ਅੱਗੇ ਹੋ ਕੇ ਕੰਮ ਕਰਨਗੀਆਂ। ਇਸ ਤੋਂ ਇਲਾਵਾ ਨਸ਼ੇ ਦੇ ਸਮਗਲਰਾਂ ਨੂੰ ਜੇਲਾਂ ਵਿੱਚ ਪਹੁੰਚਾਉਣ ਲਈ ਵੀ ਪੁਲਿਸ ਦਾ ਸਾਥ ਦੇਣਗੀਆਂ।

ਇਸ ਮੌਕੇ ਕਾਰਪੋਰੇਸ਼ਨ ਦੇ ਜੁਆਇੰਟ ਕਮਿਸ਼ਨਰ ਸ੍ਰੀ ਜੈ ਇੰਦਰ ਸਿੰਘ, ਨਗਰ ਸੁਧਾਰ ਟਰਸਟ ਦੇ ਈ ਓ, ਡੀਐਸਪੀ ਸ੍ਰੀ ਸ਼ਿਵਦਰਸ਼ਨ ਸਿੰਘ, ਥਾਣਾ ਮੁਖੀ ਅਤੇ ਪਤਵੰਤੇ ਹਾਜ਼ਰ ਸਨ।

# ਕੈਬਨਿਟ ਮੰਤਰੀ ਵੱਲੋਂ ਸ਼ਹੀਦ ਬਾਬੂ ਲਾਭ ਸਿੰਘ ਸਿਵਲ ਹਸਪਤਾਲ ਵਿਖੇ ਡੇ ਕੇਅਰ ਕੈਂਸਰ ਕੀਮੋਥੈਰੇਪੀ ਸੈਂਟਰ ਦੀ ਸ਼ੁਰੂਆਤ

**ਜਲੰਧਰ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਂਸਰ ਦੇ ਮਰੀਜ਼ਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਅਤੇ ਮੁਫ਼ਤ ਕੀਮੋਥੈਰੇਪੀ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਅੱਜ ਇਥੇ ਸ਼ਹੀਦ ਬਾਬੂ ਲਾਭ ਸਿੰਘ ਸਿਵਲ ਹਸਪਤਾਲ ਵਿਖੇ ਡੇ ਕੇਅਰ ਕੈਂਸਰ ਕੀਮੋਥੈਰੇਪੀ ਸੈਂਟਰ ਦੀ ਸ਼ੁਰੂਆਤ ਕੀਤੀ ਗਈ।

ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਸਿਵਲ ਹਸਪਤਾਲ ਵਿੱਚ ਇਸ ਸਹੂਲਤ ਦੇ ਸ਼ੁਰੂ ਹੋਣ ਨਾਲ ਕੈਂਸਰ ਦੇ ਮਰੀਜ਼ਾਂ ਨੂੰ ਬਹੁਤ ਫਾਇਦਾ ਹੋਵੇਗਾ, ਜਿਨ੍ਹਾਂ ਨੂੰ ਪਹਿਲਾਂ ਇਲਾਜ ਲਈ ਚੰਡੀਗੜ੍ਹ ਅਤੇ ਅੰਮ੍ਰਿਤਸਰ ਜਾਣਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਇਸ ਸੈਂਟਰ ਦੇ ਖੁੱਲ੍ਹਣ ਨਾਲ ਕੈਂਸਰ ਦੇ ਮਰੀਜ਼ਾਂ ਦੀਆਂ ਸਿਹਤ ਦੇ ਨਾਲ-ਨਾਲ ਵਿੱਤੀ ਮੁਸ਼ਕਲਾਂ ਵੀ ਘੱਟਣਗੀਆਂ। ਇਸ ਮੌਕੇ ਉਨ੍ਹਾਂ ਨਾਲ ਹਲਕਾ ਇੰਚਾਰਜ ਨਿਤਿਨ ਕੋਹਲੀ ਅਤੇ ਸਿਵਲ ਸਰਜਨ ਡਾ. ਗੁਰਮੀਤ ਲਾਲ ਵੀ ਮੌਜੂਦ ਸਨ।

ਸ਼ਰੀ ਭਗਤ ਨੇ ਦੱਸਿਆ ਕਿ 8 ਬਿਸਤਰਿਆਂ ਵਾਲੇ ਇਸ ਡੇ ਕੇਅਰ ਕੈਂਸਰ ਕੀਮੋਥੈਰੇਪੀ ਸੈਂਟਰ ਵਿੱਚ ਦਵਾਈਆਂ, ਆਕਸੀਜ਼ਨ ਸਮੇਤ ਸਮੁੱਚੀਆਂ ਲੋੜੀਂਦੀਆਂ ਸਹੂਲਤਾਂ ਮੌਜੂਦ ਹਨ ਅਤੇ ਕੈਂਸਰ ਦੇ ਮਰੀਜ਼ ਹੁਣ ਓਨਕੋਲੋਜੀ ਮਾਹਰ ਡਾਕਟਰ ਦੀ ਨਿਗਰਾਨੀ ਹੇਠ ਸਿਵਲ ਹਸਪਤਾਲ ਵਿਖੇ ਕੀਮੋਥੈਰੇਪੀ ਦੀ ਸਹੂਲਤ ਮੁਫ਼ਤ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਨੇ ਸੈਂਟਰ ਵਿੱਚ ਦਾਖ਼ਲ ਮਰੀਜ਼ਾਂ ਨਾਲ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਦਾ ਹਾਲ-ਚਾਲ ਜਾਣਿਆ।

# ਸਮੂਹ ਪੰਚਾਇਤ ਪਿੰਡ ਰੱਖ ਮਾਨਾਂਵਾਲਾ ਆਮ ਆਦਮੀ ਪਾਰਟੀ ਦੀ ਨੀਤੀਆਂ ਤੋ ਖੁਸ਼ ਹੋ ਕੇ ਆਪ ਵਿੱਚ ਹੋਈ ਸ਼ਾਮਲ : ਈ.ਟੀ.ਓ



**ਅੰਮ੍ਰਿਤਸਰ 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਵਲੋ 2022 ਦੀਆਂ ਚੋਣਾਂ ਦੋਰਾਨ ਸੂਬੇ ਦੇ ਲੋਕਾਂ ਨੂੰ ਜੋ ਗਰੰਟੀਆਂ ਦਿੱਤੀਆਂ ਗਈਆਂ ਸਨ,ਨੂੰ ਪੂਰਾ ਕਰਨ ਲਈ ਸਾਡੀ ਸਰਕਾਰ ਵੱਚਨਬੱਧ ਹੈ ਅਤੇ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਪਣੇ ਕੀਤੇ ਗਏ ਵਿਕਾਸ ਕਾਰਜਾਂ ਦੇ ਆਧਾਰ ਤੇ ਆਮ ਆਦਮੀ ਪਾਰਟੀ ਦੀ ਨੀਤੀਆਂ ਤੋ ਖੁਸ਼ ਹੋ ਕੇ ਵੱਡੀ ਗਿਣਤੀ ਵਿਚ ਲੋਕ ਸਾਡੀ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ ਅਤੇ ਆਪ ਦਾ ਕੁਨਬਾ ਲਗਾਤਾਰ ਵੱਧਦਾ ਜਾ ਰਿਹਾ ਹੈ ਇੰਨ੍ਹਾਂ ਸ਼ਬਦਾਂ ਦਾ ਪ ? ?ਗਟਾਵਾ ਕੈਬਿਨਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ ਨੇ ਅੱਜ ਹਲਕਾ ਜੰਡਿਆਲਾ ਗੁਰੂ ਵਿਖੇ ਆਮ ਆਦਮੀ ਪਾਰਟੀ ਦੀ ਨੀਤੀਆਂ ਤੋਂ ਖੁਸ਼ ਹੋ ਕੇ ਸਮੂਹ ਪੰਚਾਇਤ ਪਿੰਡ ਰੱਖ ਮਾਨਾਂਵਾਲਾ ਹਲਕਾ ਜੰਡਿਆਲਾ ਗੁਰੂ ਸਰਪੰਚ ਕੰਵਲਜੀਤ ਕੌਰ, ਮੈਂਬਰ ਗੁਰਬੀਰ ਸਿੰਘ, ਮੈਂਬਰ ਅਮਰਜੀਤ ਕੌਰ, ਅਰਵਿੰਦਰ ਸਿੰਘ, ਮੈਂਬਰ ਸੁਖਵਿੰਦਰ ਕੌਰ ਅਨੇਕਾਂ ਪਰਿਵਾਰਾਂ ਸਮੇਤ ਆਪਣੀਆ ਰਿਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਚ ਸ਼ਾਮਲ ਕਰਦੇ ਸਮੇ ਕੀਤਾ। ਸ: ਈ.ਟੀ.ਓ ਨੇ ਇਨਾਂ ਸਾਰਿਆਂ ਦਾ ਪਾਰਟੀ ਵਿੱਚ ਸ਼ਾਮਲ ਹੋਣ ਤੇ ਜੀ ਆਇਆਂ ਕਿਹਾ। ਉਨਾਂ ਕਿਹਾ ਕਿ ਇਨਾਂ ਸਾਰਿਆਂ ਦਾ ਪਾਰਟੀ ਵਿੱਚ ਪੂਰਾ ਮਾਨ ਸਨਮਾਨ ਹੋਵੇਗਾ। ਸ: ਈ.ਟੀ.ਓ. ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਧਦੇ ਹੋਏ ਕੁਨਬੇ ਨੂੰ ਦੇਖ ਕੇ ਵਿਰੋਧੀ ਕੌਝੀਆਂ ਚਾਲਾਂ ਚਲ ਰਹੇ ਹਨ। ਉਨਾਂ ਲੋਕਾਂ ਨੂੰ ਸਾਵਧਾਨ ਕਰਦਿਆਂ ਕਿਹਾ ਕਿ ਇਨਾਂ ਪਾਰਟੀਆਂ ਤੋਂ ਬਚ ਕੇ ਰਹੋ। ਇਨਾਂ ਨੇ ਪਿਛਲੇ 70 ਸਾਲਾਂ ਤੋਂ ਪੰਜਾਬ ਨੂੰ ਮਿਲ ਕੇ ਲੁੱਟਿਆ ਹੈ।

ਸ: ਈ.ਟੀ.ਓ. ਨੇ ਕਿਹਾ ਕਿ ਸਾਡੀ ਪਾਰਟੀ ਨੇ ਚੋਣਾਂ ਦੌਰਾਨ ਲੋਕਾਂ ਨੂੰ ਜੋ ਵੀ ਗਰੰਟੀਆਂ ਕੀਤੀਆਂ ਸਨ ਉਸਨੂੰ ਇਕ ਇਕ ਕਰਕੇ ਅਸੀਂ ਪੂਰਾ ਕਰ ਰਹੇ ਹਾਂ। ਉਨਾਂ ਦੱਸਿਆ ਕਿ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਅਸੀਂ ਆਪਣੇ ਸਾਢੇ ਤਿੰਨ ਸਾਲ ਦੇ ਕਾਰਜਕਾਲ ਦੌਰਾ 53 ਹਜ਼ਾਰ ਤੋਂ ਵੱਧ ਲੋਕਾਂ ਨੂੰ ਨੌਕਰੀਆਂ ਦਿੱਤੀਆਂ ਹਨ ਅਤੇ 600 ਯੂਨਿਟ ਬਿਜਲੀ ਮੁਫ਼ਤ, ਬੱਸਾਂ ਦੀ ਮੁਫ਼ਤ ਸਹੂਲਤ, ਮੁਫ਼ਤ ਰਾਸ਼ਨ ਦੀ ਸੁਵਿਧਾ, ਬੱਚਿਆਂ ਨੂੰ ਵੱਧੀਆ ਸਿੱਖਿਆ ਦੇਣ ਲਈ ਸਕੂਲ ਆਫ ਐਮੀਨੈਂਸ ,ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰਨਾ ਹੈ। ਕੈਬਿਨਟ ਮੰਤਰੀ ਸ: ਹਰਭਜਨ ਸਿੰਘ ਨੇ ਦੱਸਿਆ ਕਿ ਸਾਡੀ ਸਰਕਾਰ ਦੀ ਵੱਡੀ ਪ੍ਰਾਪਤੀ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ 'ਚ ਹਰ ਪਰਿਵਾਰ ਨੂੰ 10 ਲੱਖ ਤੱਕ ਦਾ ਸਲਾਨਾ ਮੁਫ਼ਤ ਇਲਾਜ਼ ਜੋ ਸਹੂਲਤ ਦੇ ਦਿੱਤੀ ਹੈ । ਪੰਜਾਬ ਦਾ ਹਰ ਇੱਕ ਵਾਸੀ ਇਸ ਸਕੀਮ ਅਧੀਨ ਇਲਾਜ਼ ਦੀ ਸਹੂਲਤ ਦਾ ਹੱਕਦਾਰ ਹੋਵੇਗਾ, ਬੱਚਾ ਹੋਵੇ ਜਾਂ ਬਜ਼ੁਰਗ ਜਾਂ ਕੋਈ ਬੇਸਹਾਰਾ।

ਉਹਨਾਂ ਕਿਹਾ ਕਿ ਇਸ ਸਕੀਮ ਤਹਿਤ ਇਲਾਜ਼ ਲੈਣ ਲਈ ਕੋਈ ਕਾਗਜ਼ੀ ਕਾਰਵਾਈ 'ਚ ਉਲਝਣਾ ਨਹੀਂ ਪਏਗਾ, ਅਗਰ ਤੁਹਾਡੇ ਕੋਲ ਕਾਰਡ ਬਣਿਆ ਨਹੀਂ ਹੋਵੇਗਾ ਤਾਂ ਮੌਕੇ 'ਤੇ ਅਧਾਰ ਕਾਰਡ ਜਾਂ ਵੋਟਰ ਕਾਰਡ ਦਿਖਾ ਕੇ ਰਜਿਸਟਰ ਕਰਵਾਉਣ ਉਪਰੰਤ ਇਲਾਜ਼ ਕਰਵਾਇਆ ਜਾ ਸਕੇਗਾ।

ਸ: ਈ.ਟੀ.ਓ ਨੇ ਦੱਸਿਆ ਕਿ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਸਮੇਤ ਕਰੀਬ 1500 ਨਿੱਜੀ ਹਸਪਤਾਲ ਇਸ ਤਹਿਤ ਪੰਜਾਬੀਆਂ ਦਾ ਮੁਫ਼ਤ ਇਲਾਜ਼ ਕਰਨਗੇ। ਉਹਨਾਂ ਕਿਹਾ ਕਿ ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ ਕੈਸ਼ਲੈੱਸ ਬੀਮੇ ਦੀ ਸਹੂਲਤ ਦਿੱਤੀ ਗਈ ਹੈ ਜਿਸ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਹਰ ਬੀਮਾਰੀ ਦਾ ਇਲਾਜ ਮੁਫ਼ਤ ਵਿੱਚ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿਚ ਇਲਾਕਾ ਨਿਵਾਸੀ ਹਾਜ਼ਰ ਸਨ।

# ਅੰਮ੍ਰਿਤਸਰ 'ਚ ਕਮਿਸ਼ਨਰੇਟ ਪੁਲਿਸ ਵੱਲੋਂ ਜਨਤਾ ਦੀ ਸੁਰੱਖਿਆ ਲਈ ਵੱਡੀ ਕਾਰਵਾਈ, ਸ਼ਹਿਰ ਭਰ ਵਿੱਚ ਸਖ਼ਤ ਨਾਕਾਬੰਦੀ ਕਰਕੇ ਕੀਤੀ ਗਈ ਚੈਕਿੰਗ

**ਅੰਮ੍ਰਿਤਸਰ 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਹਿਰ ਵਿੱਚ ਵਧ ਰਹੀ ਅਪਰਾਧਿਕ ਸਰਗਰਮੀਆਂ ਅਤੇ ਨੌਜਵਾਨਾਂ ਵਿੱਚ ਨਸ਼ਿਆਂ ਦੀ ਵਧਦੀ ਲਤ ਨੂੰ ਰੋਕਣ, ਸ਼ਰੀਰਕ ਤਸ਼ੱਦਦ ਜਾਂ ਵੱਡੀਆਂ ਘਟਨਾਵਾਂ ਤੋਂ ਪਹਿਲਾਂ ਹੀ ਕਾਬੂ ਪਾਉਣ ਅਤੇ ਜਨਤਾ ਵਿੱਚ ਵਿਸ਼ਵਾਸ ਬਰਕਰਾਰ ਰੱਖਣ ਲਈ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਵੱਲੋਂ ਇੱਕ ਵੱਡੀ ਅਤੇ ਯੋਜਨਾਬੱਧ ਕਾਰਵਾਈ ਸ਼ੁਰੂ ਕੀਤੀ ਗਈ ਹੈ।ਇਸ ਅਭਿਆਨ ਤਹਿਤ ਅੱਜ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿਚ ਸਪੈਸ਼ਲ ਨਾਕਾਬੰਦੀਆਂ ਲਾਈਆਂ ਗਈਆਂ, ਜਿੱਥੇ ਹਰ ਆਉਣ-ਜਾਣ ਵਾਲੇ ਵਹੀਕਲ ਦੀ ਜਾਂਚ ਕੀਤੀ ਗਈ। ਸ਼ੱਕੀ ਵਿਅਕਤੀਆਂ ਨੂੰ ਰੋਕ ਕੇ ਪੁੱਛਗਿੱਛ ਕੀਤੀ ਗਈ ਅਤੇ ਬਿਨਾਂ ਕਾਗਜ਼ਾਂ ਵਾਲੀਆਂ ਗੱਡੀਆਂ ਦੇ ਚਾਲਾਨ ਵੀ ਕੀਤੇ ਗਏ।

ਪੁਲਿਸ ਦੇ ਵਰੀਅਰ ਢੰਗ ਨਾਲ ਲਾਏ ਗਏ ਨਾਕਿਆਂ ਵਿਚ ਐਸ.ਐਚ.ਓ, ਸਹਾਇਕ ਥਾਣੇਦਾਰ ਅਤੇ ਹੋਰ ਅਧਿਕਾਰੀਆਂ ਦੀ ਮੁਲਾਜ਼ਮ ਹਾਜ਼ਰੀ ਰਹੀ। ਇਸ ਦੌਰਾਨ ਬਾਈਕ ਸਵਾਰਾਂ ਤੋਂ ਲੈ ਕੇ ਚਾਰ ਪਹੀਆ ਵਹੀਕਲਾਂ ਦੀ ਵੀ ਡਿੱਗੀ-ਡਿੱਗੀ ਜਾਂਚ ਕੀਤੀ ਗਈ। ਸਵੈਚਿਕ ਤੌਰ ਤੇ ਨਕਲੀ ਨੰਬਰ ਪਲੇਟਾਂ, ਬਿਨਾਂ ਹੈਲਮੈਟ ਸਵਾਰੀ ਅਤੇ ਨਸ਼ੀਲੇ ਪਦਾਰਥਾਂ ਦੀ ਲਤ ਵਾਲਿਆਂ ਉਤੇ ਵੀ ਖਾਸ ਨਿਗਰਾਨੀ ਰੱਖੀ ਗਈ।

ਇਸ ਮੁਹਿੰਮ ਬਾਰੇ ਕਮਿਸ਼ਨਰੇਟ ਪੁਲਿਸ ਦੇ ਸੀਨਿਅਰ ਅਧਿਕਾਰੀ ਨੇ ਦੱਸਿਆ ਕਿ ਇਹ ਨਾਕਾਬੰਦੀਆਂ ਆਉਣ ਵਾਲੇ ਸਮੇਂ ਵਿਚ ਵੀ ਜਾਰੀ ਰਹਿਣਗੀਆਂ।

ਉਨ੍ਹਾਂ ਕਿਹਾ ਕਿ ਸਾਡਾ ਮਕਸਦ ਸਿਰਫ਼ ਚਲਾਨ ਜਾਂ ਪੁੱਛਗਿੱਛ ਕਰਨਾ ਨਹੀਂ, ਸਗੋਂ ਲੋਕਾਂ ਨੂੰ ਸੁਰੱਖਿਆ ਮਹਿਸੂਸ ਕਰਵਾਉਣਾ ਅਤੇ ਅਪਰਾਧੀਆਂ ਦੇ ਹੌਂਸਲੇ ਪੱਸ ਕਰਨਾ ਵੀ ਹੈ।ਇਸ ਕਾਰਵਾਈ ਨੂੰ ਲੈ ਕੇ ਸਥਾਨਕ ਨਾਗਰਿਕਾਂ ਵੱਲੋਂ ਪੁਲਿਸ ਦੇ ਇਸ ਕਦਮ ਦੀ ਸਰਾਹਣਾ ਕੀਤੀ ਗਈ। ਲੋਕਾਂ ਦਾ ਕਹਿਣਾ ਹੈ ਕਿ ਸ਼ਹਿਰ 'ਚ ਆਮ ਜਨਤਾ ਦੀ ਸੁਰੱਖਿਆ ਲਈ ਇੰਜੀਆਂ ਨਿਯਮਤ ਚੈਕਿੰਗ ਜ਼ਰੂਰੀ ਹੈ ਤਾਂ ਜੋ ਅਣਚਾਹੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ।

# ਸਿਹਤ ਵਿਭਾਗ ਵਿੱਚ ਵਧੀਆ ਸੇਵਾਵਾਂ ਦੇਣ ਲਈ ਐਸਟੀਐਸ ਵਰੁਣ ਸ਼ਰਮਾ ਸਨਮਾਨਿਤ



**ਅੰਮ੍ਰਿਤਸਰ 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲੇ ਨੂੰ ਟੀਬੀ ਮੁਕਤ ਕਰਨ ਲਈ ਸਿਵਿਲ ਸਰਜਨ ਡਾਕਟਰ ਕਿਰਨਦੀਪ ਕੌਰ ਅਤੇ ਜਿਲ੍ਹਾ ਟੀਬੀ ਅਧਿਕਾਰੀ ਡਾਕਟਰ ਵਿਜੇ ਗੋਤਵਾਲ ਦੇ ਦਿਸ਼ਾ ਨਿਰਦੇਸ਼ਾਂ ਤੇ ਬਲੋਕ ਬੇਰੀ ਗੇਟ ਵਿਖੇ ਬਤੌਰ ਸੀਨੀਅਰ ਟਰਬੋ ਕਲੋਸਿਸ ਸੁਪਰਵਾਈਜ਼ਰ (ਐਸਟੀਐਸ) ਸੇਵਾਵਾਂ ਨਿਭਾ ਰਹੇ ਵਰੁਣ ਸ਼ਰਮਾ ਨੂੰ ਸਿਹਤ ਵਿਭਾਗ ਵਿੱਚ ਵਧੀਆਂ ਸੇਵਾਵਾਂ ਦੇਣ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਐਸਟੀਐਸ ਵਰੁਣ ਸ਼ਰਮਾ ਨੇ ਕਿਹਾ ਕਿ ਜ਼ਿਲ੍ਹਾ ਅੰਮ੍ਰਿਤਸਰ ਨੂੰ ਟੀਬੀ ਮੁਕਤ ਕਰਨ ਲਈ ਆਪਣੇ ਸੀਨੀਅਰ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਤੇ ਉਹਨਾਂ ਵੱਲੋਂ ਦਿਨ ਰਾਤ ਮਿਹਨਤ ਕੀਤੀ ਜਾ ਰਹੀ ਹੈ। ਜ਼ਿਲ੍ਹਾ ਅੰਮ੍ਰਿਤਸਰ ਦੇ ਲੋਕ ਟੀਬੀ ਮੁਕਤ ਹੋਣ ਇਸ ਉਦੇਸ਼ ਦੇ ਨਾਲ ਸਿਹਤ ਵਿਭਾਗ ਦਾ ਹਰ ਕਰਮਚਾਰੀ ਦਿਨ ਰਾਤ ਮਿਹਨਤ ਕਰ ਰਿਹਾ ਹੈ।

# ਟਰਾਈਡੈਂਟ ਲਿਮਟਿਡ ਨੂੰ ਈਟੀ ਨਾਓ ਨੇ ਬੈਸਟ ਆਰਗੇਨਾਈਜ਼ੇਸ਼ਨ ਟੂ ਵਰਕ 2025 ਦੇ ਅਵਾਰਡ ਨਾਲ ਕੀਤਾ ਸਮਮਾਨਿਤ

**ਬਰਨਾਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰਾਈਡੈਂਟ ਗਰੁੱਪ, ਇੱਕ ਪ੍ਰਮੁੱਖ ਭਾਰਤੀ ਵਪਾਰਕ ਸਮੂਹ ਅਤੇ ਗਲੋਬਲ ਟੈਕਸਟਾਈਲ ਨਿਰਮਾਤਾ, ਨੂੰ ਈਟੀ ਨਾਓ ਬੈਸਟ ਆਰਗੇਨਾਈਜ਼ੇਸ਼ਨ ਟੂ ਵਰਕ 2025 ਵਿੱਚ ਸ਼ਾਮਲ ਕੀਤਾ ਗਿਆ ਹੈ - ਇੱਕ ਮਾਨਤਾ ਜੋ ਇੱਕ ਸਮਾਵੇਸ਼ੀ, ਪ੍ਰਗਤੀਸ਼ੀਲ ਅਤੇ ਲੋਕ-ਕੇਂਦ੍ਰਿਤ ਕਾਰਜ ਸਥਾਨ ਬਣਾਉਣ ਲਈ ਇਸਦੇ ਨਿਰੰਤਰ ਯਤਨਾਂ ਨੂੰ ਦਰਸਾਉਂਦੀ ਹੈ।

ਇਹ ਸੰਮਾਨ ਈਟੀ ਨਾਓ ਬੈਸਟ ਆਰਗੇਨਾਈਜ਼ੇਸ਼ਨ ਟੂ ਵਰਕ ਫਾਰ 2025 ਦੇ ਸੰਮੇਲਨ ਵਿੱਚ ਘੋਸ਼ਿਤ ਕੀਤਾ ਗਿਆ, ਇਹ ਮਾਣ ਇਕ ਸਮਾਵੇਸ਼ੀ, ਤਰੱਕਸ਼ੀਲ ਅਤੇ ਕਰਮਚਾਰੀ-ਕੇਂਦਰਿਤ ਕੰਮਕਾਜ ਦੀ ਥਾਂ ਬਣਾਉਣ ਲਈ ਟਰਾਈਡੈਂਟ ਦੀ ਲਗਾਤਾਰ ਕੋਸ਼ਿਸ਼ਾਂ ਨੂੰ ਦਰਸਾਉਂਦਾ ਹੈ।

# ਰਲ ਕੇ ਕੀਤਾ ਜਾਵੇ ਚਿੱਟੀ ਮੱਖੀ ਦਾ ਟਾਕਰਾ

ਸਾਲ 2015 ਦੌਰਾਨ ਪੰਜਾਬ ਅਤੇ ਗੁਆਂਢੀ ਸੂਬਿਆਂ ਦੀ ਨਰਮਾ ਪੱਟੀ ਵਿਚ ਚਿੱਟੀ ਮੱਖੀ ਨੇ ਬਹੁਤ ਨੁਕਸਾਨ ਕੀਤਾ। ਨਰਮੇ ਦੀ ਪਛੇਤੀ ਬਿਜਾਈ ਅਤੇ ਜੂਨ ਮਹੀਨੇ ਦੀ ਬਰਸਾਤ ਵਿਚ ਪੈਦਾ ਹੋਣ ਵਾਲੀ ਸਿੱਲ੍ਹ ਚਿੱਟੀ ਮੱਖੀ ਦੇ ਹਮਲੇ ਦੇ ਮੁਢਲੇ ਕਾਰਨ ਬਣੇ। ਗ਼ੈਰ-ਸਿਫਾਰਸ਼ੀ ਬੀਜ, ਜ਼ਿਆਦਾ ਕੀਟਨਾਸ਼ਕ, ਨਾਈਟ੍ਰੋਜਨ ਖਾਦਾਂ ਦੀ ਵਰਤੋਂ ਤੇ ਮੌਸਮੀ ਤਬਦੀਲੀਆਂ ਵੀ ਚਿੱਟੀ ਮੱਖੀ ਦੇ ਹਮਲੇ ਦਾ ਕਾਰਨ ਬਣੇ।

ਸਾਲ 2016 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਵਿਭਾਗ ਪੰਜਾਬ ਨੇ ਨਰਮੇ ਦੀ ਫ਼ਸਲ ’ਤੇ ਚਿੱਟੀ ਮੱਖੀ ਦੇ ਹਮਲੇ ਦੇ ਸੰਕਟ ਨੂੰ ਅਸਰਦਾਰ ਤਰੀਕੇ ਨਾਲ ਨਜਿੱਠਣ ਲਈ ਮੁਹਿੰਮ ਚਲਾਈ। ਯੂਨੀਵਰਸਿਟੀ ਦੀ ਫੈਕਲਟੀ ਤੇ ਵਿਦਿਆਰਥੀਆਂ ਨੇ ਖੇਤੀਬਾੜੀ ਵਿਭਾਗ ਦੇ ਪਸਾਰ ਮਾਹਿਰਾਂ ਨਾਲ ਮਿਲ ਕੇ ਲਗਾਤਾਰ ਇਸ ਸਮੱਸਿਆ ਉੱਪਰ ਨਜ਼ਰ ਰੱਖੀ। ਨਰਮਾ ਪੱਟੀ ਦੇ ਕਿਸਾਨਾਂ ਨੂੰ ਜਾਗਰੂਕ ਕੀਤਾ ਅਤੇ ਉਨ੍ਹਾਂ ਨੇ ਵੀ ਪੀਏਯੂ ਦੀਆਂ ਸਿਫਾਰਸ਼ਾਂ ਨੂੰ ਅਪਣਾਇਆ। ਚਿੱਟੀ ਮੱਖੀ ਦੇ ਹਮਲੇ ’ਤੇ ਕਾਬੂ ਪਾਉਣਾ ਕੋਈ ਕ੍ਰਿਸ਼ਮਾ ਨਹੀਂ ਸੀ, ਬਲਕਿ ਖੇਤੀ ਲਾਗਤਾਂ ਦੀ ਸਹੀ ਵਰਤੋਂ, ਕੀਟ ਨਾਸ਼ਕਾਂ ਦੀ ਸਮੇਂ ਸਿਰ ਤੇ ਸਹੀ ਮਾਤਰਾ ਵਿਚ ਵਰਤੋਂ ਕੀਤੇ ਜਾਣ ਨਾਲ ਹੀ ਇਹ ਸਫਲਤਾ ਸੰਭਵ ਹੋਈ, ਜਿਸ ਨਾਲ 756 ਕਿੱਲੋ ਰੂੰ ਪ੍ਰਤੀ ਹੈਕਟੇਅਰ ਦੀ ਰਿਕਾਰਡ ਤੋੜ ਪੈਦਾਵਾਰ ਹੋਈ।

ਇਸ ਵਾਰ ਫਰਵਰੀ ਮਹੀਨੇ ਤੋਂ ਹੀ ਖੇਤੀਬਾੜੀ ਵਿਭਾਗ ਪੰਜਾਬ ਅਤੇ ਪੀਏਯੂ ਵੱਲੋਂ ਨਰਮੇ ਦੀ ਫ਼ਸਲ ਉੱਪਰ ਚਿੱਟੀ ਮੱਖੀ ਦੇ ਹਮਲੇ ਨੂੰ ਰੋਕਣ ਲਈ ਨਦੀਨਾਂ ਦੀ ਸਫ਼ਾਈ ਦੀ ਮੁਹਿੰਮ ਚਲਾਈ ਗਈ। ਯੂਨੀਵਰਸਿਟੀ ਅਤੇ ਖੇਤੀਬਾੜੀ ਵਿਭਾਗ ਵੱਲੋ ਸਿਫਾਰਸ਼ ਕੀਤੀਆਂ ਬੀਟੀ ਨਰਮੇ ਦੀਆਂ ਦੋਗਲੀਆਂ ਕਿਸਮਾਂ ਤੇ ਸਿਫਾਰਸ਼ ਕੀਤੇ ਗਏ ਕੀਟਨਾਸ਼ਕਾਂ ਬਾਰੇ ਨਰਮਾ ਉਤਪਾਦਕਾਂ ਵਿਚ ਜਾਗਰੂਕਤਾ ਪੈਦਾ ਕੀਤੀ ਜਾ ਰਹੀ ਹੈ।

ਪੀਏਯੂ ਵੱਲੋਂ ਚਿੱਟੀ ਮੱਖੀ ਦੀ ਸੁਚੱਜੀ ਰੋਕਥਾਮ ਲਈ ਕਿਸਾਨਾਂ, ਸਕਾਊਟਸ, ਪਸਾਰ ਮਾਹਿਰਾਂ ਤੇ



ਕੀਟਨਾਸ਼ਕ ਵਪਾਰੀਆਂ ਨੂੰ ਸਿਖਲਾਈ ਦਿੱਤੀ ਗਈ। ਇਸ ਤੋਂ ਇਲਾਵਾ ਕਿਸਾਨਾਂ ਲਈ ਪਰਚੇ, ਖੇਤੀ ਪਸਾਰ ਮਾਹਿਰਾਂ ਲਈ ਕਿਤਾਬਚੇ ਤੇ ਕੀਟ ਨਾਸ਼ਕ ਵਪਾਰੀਆਂ ਲਈ ਸਿਫਾਰਿਸ਼ ਕੀਤੇ ਗਏ ਕੀਟਨਾਸ਼ਕਾਂ ਦੇ ਕੈਲੰਡਰ ਛਾਪੇ ਗਏ ਤੇ ਨਰਮਾ ਪੱਟੀ ਦੇ ਖੇਤੀਬਾੜੀ ਅਫਸਰਾਂ ਨੇ ਇਨ੍ਹਾਂ ਨੂੰ ਵੰਡਣ ਦਾ ਪ੍ਰਬੰਧ ਕੀਤਾ। ਇਸ ਸਾਲ ਨਰਮੇ ਹੇਠ ਰਕਬਾ ਵਧਣ, ਨਰਮੇ ਦੀ ਪਛੇਤੀ ਬਿਜਾਈ ਦੇ ਰੁਝਾਨ ਅਤੇ ਚੱਲ ਰਹੇ ਗਰਮੀ-ਬਰਸਾਤ ਵਾਲੇ ਮੌਸਮ ਕਰਕੇ ਕਿਸਾਨਾਂ ਤੇ ਖੇਤੀ ਪਸਾਰ ਮਾਹਿਰਾਂ ਨੂੰ ਚਿੱਟੀ ਮੱਖੀ ਦੀ ਰੋਕਥਾਮ ਲਈ ਲਗਾਤਾਰ ਸੁਚੇਤ ਰਹਿਣ ਦੀ ਲੋੜ ਹੈ। ਕਿਸਾਨਾਂ ਨੂੰ ਚਿੱਟੀ ਮੱਖੀ ਦੇ ਹਮਲੇ ਦੀ ਘਣਤਾ ਦੇ ਆਧਾਰ ’ਤੇ ਹੀ ਕੀਟਨਾਸ਼ਕਾਂ ਦਾ ਛਿੜਕਾਅ ਕਰਨਾ ਚਾਹੀਦਾ ਹੈ।

ਚਿੱਟੀ ਮੱਖੀ ਦੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਕਰੋ ਜਦੋਂ ਬੂਟੇ ਦੇ ਉਪਰਲੇ ਹਿੱਸੇ ’ਤੇ ਸਵੇਰੇ 10 ਵਜੇ ਤੋਂ ਪਹਿਲਾਂ ਮੱਖੀ ਦੇ ਬਾਲਗ ਕੀੜਿਆਂ ਦੀ ਗਿਣਤੀ ਪ੍ਰਤੀ ਪੱਤਾ 6 ਹੋਵੇ। ਚਿੱਟੀ ਮੱਖੀ ਦੇ ਹਮਲੇ ਦੀ ਇਸ ਸ਼ੁਰੂਆਤੀ ਅਵਸਥਾ ਵਿਚ ਇਕ ਲਿਟਰ ਨਿੰਬੀਸੀਡੀਨ ਜਾਂ ਅਚੂਕ ਨੂੰ 125-150 ਲਿਟਰ ਪਾਣੀ ਵਿਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਲੋੜ ਹੋਵੇ ਤਾਂ ਪੰਜ ਦਿਨ ਦੇ ਵਕਫ਼ੇ ’ਤੇ ਇਕ ਛਿੜਕਾਅ ਹੋਰ ਕਰੋ। ਇਸ ਗੱਲ ਦੀ ਬਹੁਤ ਲੋੜ ਹੈ ਕਿ ਇਨ੍ਹਾਂ ਕੀਟਨਾਸ਼ਕਾਂ ਦੇ ਛਿੜਕਾਅ ਦਾ ਫ਼ੈਸਲਾ ਪਿੰਡ ਪੱਧਰ ’ਤੇ ਲਿਆ ਜਾਵੇ ਤਾਂ ਜੋ ਵਧੀਆ ਸਿੱਟੇ ਪ੍ਰਾਪਤ ਕੀਤੇ ਜਾ ਸਕਣ। •



ਡਾ. ਬਲਦੇਵ ਸਿੰਘ ਢਿੱਲੋਂ
ਵਾਈਸ ਚਾਂਸਲਰ, ਪੀਏਯੂ ਲੁਧਿਆਣਾ

*ਨਰਮੇ ’ਤੇ ਚਿੱਟੀ ਮੱਖੀ ਦੀ ਰੋਕਥਾਮ ਲਈ ਕਿਸਾਨਾਂ, ਵਿਗਿਆਨੀਆਂ, ਕੀਟਨਾਸ਼ਕ ਵਿਕ੍ਰੇਤਾਵਾਂ ਨੂੰ ਮਿਲ ਕੇ ਯਤਨ ਜਾਰੀ ਰੱਖਣੇ ਚਾਹੀਦੇ ਹਨ...*

---

• ਪ੍ਰੀਤਇੰਦਰ ਸਿੰਘ ਸਰਾਓ, ਗੁਰਪ੍ਰੀਤ ਸਿੰਘ ਮੱਕੜ

# ਝੋਨੇ ਵਿਚ ਬੂਟਿਆਂ ਦੇ ਟਿੱਡਿਆਂ ਦੀ ਸਰਵਪੱਖੀ ਰੋਕਥਾਮ



ਪੰਜਾਬ ਵਿਚ ਝੋਨਾ ਸਾਉਣੀ ਦੀ ਮੁੱਖ ਫ਼ਸਲ ਹੈ। ਸਾਲ 2015-16 ਵਿਚ ਝੋਨੇ ਦੀ 29.75 ਲੱਖ ਹੈਕਟੇਅਰ ਰਕਬੇ ’ਤੇ ਕਾਸ਼ਤ ਕੀਤੀ ਗਈ ਤੇ ਕੁਲ ਉਪਜ 177.34 ਲੱਖ ਟਨ ਹੋਈ। ਝੋਨੇ ਦੀ ਫ਼ਸਲ ਉੱਪਰ ਆਮ ਤੌਰ ’ਤੇ ਇਕ ਦਰਜਨ ਤੋਂ ਵੱਧ ਕੀੜੇ-ਮਕੌੜੇ ਹਮਲਾ ਕਰਦੇ ਹਨ। ਰਸ ਚੂਸਣ ਵਾਲੇ ਕੀੜੇ ਬੂਟਿਆਂ ਵਿੱਚੋਂ ਰਸ ਚੂਸ ਕੇ ਫ਼ਸਲ ਨੂੰ ਨੁਕਸਾਨ ਪਹੁੰਚਾਉਂਦੇ ਹਨ। ਅਜਿਹੇ ਕੀੜਿਆਂ ਵਿਚ ਮੁੱਖ ਤੌਰ ’ਤੇ ਬੂਟਿਆਂ ਦੇ ਟਿੱਡੇ ਆਉਂਦੇ ਹਨ। ਇਨ੍ਹਾਂ ਵਿਚ ਚਿੱਟੀ ਪਿੱਠ ਵਾਲੇ ਟਿੱਡੇ ਤੇ ਭੂਰੇ ਟਿੱਡੇ ਸ਼ਾਮਲ ਹਨ। ਮਿਆਰੀ ਉਤਪਾਦਨ ਲਈ ਇਨ੍ਹਾਂ ਦੀ ਸਰਵਪੱਖੀ ਰੋਕਥਾਮ ਕੀਤੀ ਜਾਣੀ ਬੇਹੱਦ ਲਾਜ਼ਮੀ ਹੈ।

## ਨੁਕਸਾਨ ਦੇ ਚਿੰਨ੍ਹ

ਟਿੱਡਿਆਂ ਦੇ ਬੱਚੇ ਤੇ ਬਾਲਗ ਦੋਵੇਂ ਹੀ ਬੂਟੇ ਤੋਂ ਰਸ ਚੂਸਦੇ ਹਨ ਜਿਸ ਕਰਕੇ ਬੂਟੇ ਸੁੱਕ ਜਾਂਦੇ ਹਨ। ਇਸ ਨੂੰ ਟਿੱਡੇ ਦਾ ਸਾੜ ਜਾਂ ‘ਹਾਪਰ ਬਰਨ’ ਵੀ ਆਖਦੇ ਹਨ। ਟਿੱਡਿਆਂ ਵੱਲੋ ਬੂਟੇ ਉੱਪਰ ਛੱਡੇ ਗਏ ਸ਼ਹਿਦ ਵਰਗੇ ਮਿੱਠੇ ਪਦਾਰਥ ’ਤੇ ਕਾਲੀ ਉੱਲੀ (ਸੂਟੀ ਮੋਲਡ) ਉੱਗ ਆਉਂਦੀ ਹੈ, ਜੋ ਬੂਟੇ ਦੀ ਭੋਜਨ ਬਣਾਉਣ ਦੀ ਸਮਰਥਾ ਨੂੰ ਘਟਾਉਂਦੀ ਹੈ। ਜਦੋਂ ਪਹਿਲੇ ਬੂਟੇ ਸੁੱਕ ਜਾਂਦੇ ਹਨ ਤਾਂ ਟਿੱਡੇ ਨੇੜਲੇ ਨਰੋਏ ਬੂਟਿਆਂ ’ਤੇ ਚਲੇ ਜਾਂਦੇ ਹਨ।ਤੇ ਕੁਝ ਹੀ ਦਿਨਾਂ ਵਿਚ ਹਮਲੇ ਵਾਲੀਆਂ ਥਾਵਾਂ ਵਿਚ ਵਾਧਾ ਹੋ ਜਾਂਦਾ ਹੈ।

## ਸਰਵਪੱਖੀ ਰੋਕਥਾਮ

ਸਰਵਪੱਖੀ ਰੋਕਥਾਮ ਕੀੜਿਆਂ ਦੀ ਸੁਚੱਜੀ ਰੋਕਥਾਮ ਦੀ ਉਹ ਵਿਧੀ ਹੈ, ਜਿਸ ਵਿਚ ਕੀੜੇ ਨੂੰ ਕਾਬੂ ਕਰਨ ਤੇ ਮਾਰਨ ਲਈ ਸਾਰੇ ਸੰਭਵ ਤਰੀਕਿਆਂ ਦੀ ਯੋਜਨਾਬੱਧ ਵਰਤੋਂ ਕੀਤੀ ਜਾਂਦੀ ਹੈ ਤਾਂ ਜੋ ਕੀੜਿਆਂ ਤੋਂ ਫ਼ਸਲ ਨੂੰ ਹੋਣ ਵਾਲੇ ਆਰਥਿਕ ਨੁਕਸਾਨ ਤੋਂ ਬਚਾਇਆ ਜਾ ਸਕੇ। ਸਰਵਪੱਖੀ ਰੋਕਥਾਮ ਲਈ ਹੇਠ ਲਿਖੇ ਤਰੀਕਿਆਂ ਦੁਆਰਾ ਫ਼ਸਲ ਨੂੰ ਹਾਨੀਕਾਰਕ ਕੀੜਿਆਂ ਤੋਂ ਬਚਾ ਸਕਦੇ ਹਾਂ :

## ਰੋਕਥਾਮ ਦੇ ਕਾਸ਼ਤਕਾਰੀ ਢੰਗ

ਝੋਨੇ ਨੂੰ ਸਿਫਾਰਸ਼ ਕੀਤੀ ਹੋਈ ਖਾਦ ਹੀ ਪਾਓ। ਸਿਫਾਰਸ਼ ਤੋ ਵੱਧ ਨਾਈਟ੍ਰੋਜਨ ਖਾਦ ਪਾਉਣ ਨਾਲ ਕੀੜਿਆਂ ਦਾ ਹਮਲਾ ਵਧੇਰੇ ਹੁੰਦਾ ਹੈ। ਨਾਈਟ੍ਰੋਜਨ ਤੱਤਾਂ ਦੀ ਵਰਤੋਂ ਸਿਫਾਰਸ਼ ਅਤੇ ਪੱਤਾ ਰੰਗ ਚਾਰਟ ਦੇ ਅਨੁਸਾਰ ਹੀ ਕਰੋ। ਇਹ ਟਿੱਡੇ ਮੁੱਢਾਂ ਦਾ ਰਸ ਚੂਸਦੇ ਹਨ ਤੇ ਇਹ ਅਕਸਰ ਉਦੋਂ ਨਜ਼ਰ ਆਉਂਦੇ ਹਨ ਜਦੋਂ ਨੁਕਸਾਨ ‘ਟਿੱਡੇ ਦੇ ਸਾੜ’ (ਹਾਪਰ ਬਰਨ) ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ। ਇਸ ਲਈ ਫ਼ਸਲ ਦਾ ਲਗਾਤਾਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ।

ਖੇਤ ਵਿਚ ਕੁਝ ਬੂਟਿਆਂ ਨੂੰ ਥੋੜ੍ਹਾ ਜਿਹਾ ਟੇਢਾ ਕਰ ਕੇ ਹੇਠਾਂ ਤੋਂ 2-3 ਵਾਰੀ ਝਾੜੋ। ਖੇਤ ਦਾ ਹਫ਼ਤੇ ਵਿਚ ਘੱਟੋ ਘੱਟ ਇਕ ਵਾਰ ਸਰਵੇਖਣ ਜ਼ਰੂਰ ਕਰੋ। ਫ਼ਸਲ ਨੂੰ ਲੋੜ ਅਨੁਸਾਰ ਪਾਣੀ ਦੇਵੋ। ਅਗਲਾ ਪਾਣੀ ਉਸ ਵੇਲੇ ਲਗਾਓ ਜਦੋਂ ਪਹਿਲੇ ਪਾਣੀ ਨੂੰ ਜਜ਼ਬ ਹੋਏ ਦੋ ਦਿਨ ਹੋ ਗਏ ਹੋਣ। ਇਸ ਨਾਲ ਟਿੱਡਿਆਂ ਦਾ ਹਮਲਾ ਘਟ ਜਾਂਦਾ ਹੈ। ਪਾਣੀ ਦੀ ਲੋੜੀਂਦੀ ਵਰਤੋਂ ਲਈ ਟੈਂਸ਼ੀਓਮੀਟਰ ਦੀ ਵਰਤੋਂ ਕਰ ਸਕਦੇ ਹੋ। ਬੂਟਿਆਂ ਦੇ ਟਿੱਡਿਆਂ ਨੂੰ ਮਿੱਤਰ ਕੀੜੇ ਤੇ ਮੱਕੜੀਆਂ ਜਿਵੇਂ ਕਿ ਲਾਲ ਭੂੰਡੀ, ਓਫੀਐਨੀਆ ਭੂੰਡੀ, ਮੱਕੜੀਆਂ, ਹਰਾ ਤੇ ਭੂਰਾ ਮਿਰਿਡ ਬਗ ਵੀ ਵਧਣ ਤੋਂ ਰੋਕਦੇ ਹਨ। ਇਸੇ ਤਰ੍ਹਾਂ ਪਰਜੀਵੀ ਮਿੱਤਰ ਕੀੜੇ ਜਿਵੇਂ ਕਿ ਐਨਾਗਰਸ, ਓਲੀਗੋਸੀਟਾ, ਗੋਨੇਟੋਪਸ ਬੂਟਿਆਂ ਦੇ ਟਿੱਡਿਆਂ ਦੇ ਆਂਡਿਆਂ ਨੂੰ ਨਸ਼ਟ ਕਰਦੇ ਹਨ। ਇਨ੍ਹਾਂ ਮਿੱਤਰ ਕੀੜਿਆਂ ਦੇ ਵਧਣ ਫੁੱਲਣ ਵਿਚ ਮਦਦ ਕਰਨੀ ਚਾਹੀਦੀ ਹੈ ਤੇ ਇਸ ਦੇ ਲਈ ਬੇਲੋੜੇ ਕੀਟਨਾਸ਼ਕਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

## ਰਸਾਇਣਕ ਢੰਗਾਂ ਰਾਹੀਂ ਰੋਕਥਾਮ

ਜੇ ਬੂਟਿਆਂ ਨੂੰ ਥੋੜ੍ਹਾ ਹੇਠਾਂ ਕਰਕੇ ਝਾੜਨ ਤੋਂ ਬਾਅਦ ਪ੍ਰਤੀ ਬੂਟਾ 5 ਟਿੱਡੇ (ਆਰਥਕ ਕਗਾਰ) ਜਾਂ ਇਸ ਤੋਂ ਵੱਧ ਟਿੱਡੇ ਪਾਣੀ ’ਤੇ ਤਰਦੇ ਵਿਖਾਈ ਦੇਣ ਤਾਂ ਕੌਨਫੀਡੋਰ ਜਾਂ ਕਰੋਕੋਡਾਈਲ 17.8 ਐੱਸਐੱਲ (ਇਮਿਡਾਕਲੋਪਰਿਡ) ਦੀ 40 ਮਿਲੀਲਿਟਰ ਮਾਤਰਾ ਦਾ ਪ੍ਰਤੀ ਏਕੜ ਛਿੜਕਾਅ ਕਰਨਾ ਚਾਹੀਦਾ ਹੈ ਜਾਂ ਏਕਾਲਕਸ/ਕੁਇਨਗਾਰਡ/ਕੁਇਨਲਮਾਸ 25 ਈਸੀ (ਕੁਇਨਲਫਾਸ) ਦੀ 800 ਮਿਲੀਲਿਟਰ ਜਾਂ ਕੋਰੋਬਾਨ/ਡਰਸਬਾਨ 20 ਈਸੀ (ਕਲੋਰਪਾਈਰੀਫਾਸ) ਦੀ ਇਕ ਲਿਟਰ ਮਾਤਰਾ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿਕਾਅ ਕਰੋ। ਇਹ ਕੀਟਨਾਸ਼ਕ ਅਦਲ-ਬਦਲ ਕੇ ਵਰਤਣੇ ਚਾਹੀਦੇ ਹਨ। ਕੀਟਨਾਸ਼ਕਾਂ ਦੀ ਵਰਤੋਂ ਸਿਫਾਰਸ਼ ਕੀਤੀ ਮਾਤਰਾ ਅਨੁਸਾਰ ਹੀ ਕਰੋ। ਛਿੜਕਾਅ ਵਾਸਤੇ ਖੋਖਲੀ ਤਿਕੋਣੀ ਨੋਜ਼ਲ ਵਾਲੇ ਨੈਪਸੇਕ ਸਪਰੇਅ ਪੰਪ ਦੀ ਵਰਤੋਂ ਕਰੋ।

## ਛਿੜਕਾਅ ਦਾ ਸਹੀ ਸਮਾਂ ਤੇ ਢੰਗ

ਕੀਟਨਾਸ਼ਕ ਦਾ ਛਿੜਕਾਅ ਟਿੱਡਿਆਂ ਦੀ ਗਿਣਤੀ ਦੇ ਆਰਥਿਕ ਕਗਾਰ ’ਤੇ ਪਹੁੰਚਣ ਉੱਪਰ ਹੀ ਕਰੋ। ਚੰਗੇ ਨਤੀਜਿਆਂ ਲਈ ਕੀਟਨਾਸ਼ਕ ਦਾ ਛਿੜਕਾਅ ਬੂਟਿਆਂ ਦੇ ਮੁੱਢਾਂ ਵੱਲ ਕਰੋ, ਜਿੱਥੇ ਇਹ ਕੀੜੇ ਵਧੇਰੇ ਹੁੰਦੇ ਹਨ। ਟਿੱਡੇ ਦੇ ਹੱਲੇ ਵਾਲੀਆਂ ਥਾਵਾਂ ਦੇ 3-4 ਮੀਟਰ ਆਲੇ-ਦੁਆਲੇ ਵੀ ਛਿੜਕਾਅ ਕਰੋ ਕਿਉਂਕਿ ਟਿੱਡਿਆਂ ਦੀ ਜ਼ਿਆਦਾ ਗਿਣਤੀ ਇਨ੍ਹਾਂ ਥਾਵਾਂ ’ਤੇ ਹੀ ਹੁੰਦੀ ਹੈ।

## ਸਾਵਧਾਨੀਆਂ

ਫ਼ਸਲਾਂ ਦੇ ਸ਼ੁਰੂਆਤੀ ਸਮੇਂ ਦੌਰਾਨ ਪੱਤਾ ਲਪੇਟ ਸੁੰਡੀ ਨੂੰ ਰੋਕਣ ਲਈ ਕਦੇ ਵੀ ਕੀਟਨਾਸ਼ਕਾਂ ਦੀ ਬੇਲੋੜੀ ਵਰਤੋਂ ਨਾ ਕਰੋ, ਖ਼ਾਸ ਕਰਕੇ ਸਿੰਥੈਟਿਕ ਪਰਿਥਰਾਇਡ ਦਵਾਈਆਂ ਦੀ ਵਰਤੋਂ ਬਿਲਕੁਲ ਨਾ ਕਰੋ, ਕਿਉਂਕਿ ਇਨ੍ਹਾਂ ਦੀ ਵਰਤੋਂ ਨਾਲ ਬੂਟਿਆਂ ਦੇ ਟਿੱਡਿਆਂ ਦੀ ਗਿਣਤੀ ਵਧਦੀ ਹੈ ਤੇ ਮਿੱਤਰ ਕੀੜਿਆਂ ਦੀ ਗਿਣਤੀ ਘਟ ਜਾਂਦੀ ਹੈ। ਕੀਟਨਾਸ਼ਕ ਦਵਾਈਆਂ ਦੀ ਵਰਤੋਂ ਅਦਲ-ਬਦਲ ਕੇ ਕਰੋ।



ਮੋਬਾਈਲ 98720-06248

### ਚਿੱਟੀ ਪਿੱਠ ਵਾਲਾ ਟਿੱਡਾ

*ਇਹ ਕੀੜਾ ਭਾਰਤ ਦੇ ਝੋਨਾ ਉਤਪਾਦਕ ਵੱਖ-ਵੱਖ ਸੂਬਿਆਂ ’ਚ ਪਾਇਆ ਜਾਂਦਾ ਹੈ। ਇਹ ਕੀੜਾ ਝੋਨੇ ਦੀ ਫ਼ਸਲ ’ਤੇ ਭੂਰੇ ਟਿੱਡੇ ਨਾਲੋਂ ਅਗੇਤਾ ਆਉਂਦਾ ਹੈ। ਇਸ ਦੇ ਆਂਡੇ ਪਹਿਲਾਂ ਸਫ਼ੈਦ ਹੁੰਦੇ ਹਨ, ਜੋ ਬਾਅਦ ’ਚ ਲਾਲ ਹੋ ਜਾਂਦੇ ਹਨ। ਇਹ ਆਂਡੇ ਕਰੀਬ 3 ਤੋਂ 10 ਦੇ ਸਮੂਹਾਂ ਵਿਚ ਹੁੰਦੇ ਹਨ ਅਤੇ ਕਤਾਰਾਂ ’ਚ ਹੁੰਦੇ ਹਨ। ਇਹ ਆਂਡੇ ਲੀਫ ਸ਼ੀਥ (ਤਣੇ ਦੁਆਲੇ ਪੱਤੇ ਦੇ ਖੋਲ) ਵਿਚ ਵੀ ਹੋ ਸਕਦੇ ਹਨ। ਆਂਡੇ ’ਚੋਂ ਨਵਾਂ ਨਿਕਲਿਆ ਨਿੰਫ (ਬੱਚਾ) ਸਲੇਟੀ ਚਿੱਟੇ ਰੰਗ ਦਾ ਹੁੰਦਾ ਹੈ ਜੋ ਬਾਅਦ ’ਚ ਗੂੜ੍ਹਾ ਸਲੇਟੀ ਹੋ ਜਾਂਦਾ ਹੈ। ਬਾਲਗ ਕੀੜਾ ਹਲਕੇ ਪੀਲੇ ਰੰਗ ਦਾ ਹੁੰਦਾ ਹੈ। ਇਸ ਦਾ ਮੂੰਹ ਤਿੱਖਾ ਹੁੰਦਾ ਹੈ ਤੇ ਲੰਬਾਈ 3.5 ਤੋਂ 4 ਮਿਲੀਮੀਟਰ ਹੁੰਦੀ ਹੈ। ਇਸ ਦੇ ਉੱਪਰਲੇ ਪਾਸੇ ਇਕ ਪਤਲੀ ਚਿੱਟੀ ਪੱਟੀ ਹੁੰਦੀ ਹੈ। ਅਗਲੇ ਖੰਭ ਦੇ ਪਿਛਲੇ ਪਾਸੇ ਇਕ ਕਾਲਾ ਧੱਬਾ ਹੁੰਦਾ ਹੈ। ਜਦੋਂ ਖੰਭ ਆਪਸ ਵਿਚ ਇਕੱਠੇ ਹੁੰਦੇ ਹਨ ਤਾਂ ਦੋਹਾਂ ਖੰਭਾਂ ਦੇ ਧੱਬੇ ਆਪਸ ਵਿਚ ਮਿਲਦੇ ਹਨ। ਵੱਡੇ ਖੰਭਾਂ ਵਾਲੇ ਟਿੱਡੇ ਨਰ ਅਤੇ ਛੋਟੇ ਖੰਭਾਂ ਵਾਲੀ ਮਾਦਾ ਹੁੰਦੀ ਹੈ।*



### ਭੂਰਾ ਟਿੱਡਾ

*ਇਹ ਕੀੜਾ ਝੋਨੇ ਦੀ ਫ਼ਸਲ ’ਤੇ ਚਿੱਟੀ ਪਿੱਠ ਵਾਲੇ ਟਿੱਡੇ ਤੋਂ ਪਛੇਤਾ ਆਉਂਦਾ ਹੈ। ਇਸ ਦੇ ਆਂਡੇ ਗੁੰਬਦ ਵਰਗੇ ਡੱਟ ਨਾਲ ਢਕੇ ਹੁੰਦੇ ਹਨ। ਇਹ ਆਂਡੇ 2 ਤੋਂ 12 ਦੇ ਸਮੂਹ ਵਿਚ ਤੇ ਲੀਫ ਸ਼ੀਥ ਵਿਚ ਹੁੰਦੇ ਹਨ। ਆਂਡਿਆਂ ਵਿੱਚੋਂ ਨਿਕਲੇ ਬੱਚੇ (ਨਿੰਫ) ਰੂੰ ਵਰਗੇ ਚਿੱਟੇ ਤੇ ਬਾਅਦ ਵਿਚ ਭੂਰੇ ਰੰਗ ਦੇ ਹੋ ਜਾਂਦੇ ਹਨ। ਬਾਲਗ ਟਿੱਡੇ ਦਾ ਰੰਗ ਹਲਕੇ ਤੋਂ ਗੂੜ੍ਹਾ ਭੂਰਾ ਹੁੰਦਾ ਹੈ। ਨਰ ਟਿੱਡੇ ਮਾਦਾ ਨਾਲੋਂ ਛੋਟੇ ਹੁੰਦੇ ਹਨ। ਬਾਲਗ ਦੋ ਤਰ੍ਹਾਂ ਦੇ ਹੁੰਦੇ ਹਨ। ਪਹਿਲੀ ਤਰ੍ਹਾਂ ਦੇ ਬਾਲਗ ਦੇ ਖੰਭ ਛੋਟੇ ਹੁੰਦੇ ਹਨ ਪਰ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੁੰਦੇ। ਦੂਸਰੀ ਤਰ੍ਹਾਂ ਦੇ ਬਾਲਗ ਵਿਚ ਇਹ ਪੂਰੀ ਤਰ੍ਹਾਂ ਵਿਕਸਿਤ ਹੁੰਦੇ ਹਨ ਤੇ ਇਹ ਇਕ ਤੋਂ ਦੂਜੀ ਥਾਂ ’ਤੇ ਜਾ ਸਕਦੇ ਹਨ।*

---

# ਜ਼ਰੂਰੀ ਹੈ ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ

• ਡਾ. ਬਿੰਦੂ ਮਰਵਾਹਾ



ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਗਿਆ ਹੈ। ਵਧਦੀ ਹੋਈ ਜਨਸੰਖਿਆ ਦੀਆਂ ਕੁਦਰਤੀ ਸੋਮਿਆਂ ਪ੍ਰਤੀ ਵਧ ਰਹੀਆਂ ਮੰਗਾਂ ਨੇ ਸਾਨੂੰ ਅਜਿਹੀ ਜਗ੍ਹਾਂ ਲਿਆ ਖੜ੍ਹਾ ਕੀਤਾ ਹੈ ਜਿੱਥੇ ਅਸੀਂ ਆਪਣੇ ਆਪ ਨੂੰ ਕਾਲ ਦੇ ਮੂੰਹ ਵਿਚ ਮਹਿਸੂਸ ਕਰ ਰਹੇ ਹਾਂ। ਭਾਵੇਂ ਧਰਤੀ ਦੇ 71 ਫ਼ੀਸਦੀ ਰਕਬੇ ’ਤੇ ਪਾਣੀ ਹੈ ਪਰ ਅਸੀਂ ਇਸ ਦਾ ਸਿਰਫ਼ 2.5 ਫ਼ੀਸਦੀ ਹੀ ਵਰਤੋ ’ਚ ਲਿਆ ਸਕਦੇ ਹਾਂ। ਇਸ ਤੋਂ ਇਲਾਵਾ ਘੱਟ ਬਾਰਿਸ਼ ਦਾ ਹੋਣਾ ਅਤੇ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਹੋਏ ਪੱਧਰ ਨੇ ਜਲ ਸੰਕਟ ਨੂੰ ਹੋਰ ਵਧਾ ਦਿੱਤਾ ਹੈ। ਇਨ੍ਹਾਂ ਕਾਰਨਾਂ ਕਰਕੇ ਕੁਦਰਤੀ ਵਸੀਲਿਆਂ ਤੋਂ ਪ੍ਰਾਪਤ ਪਾਣੀ ਦੀ ਸਾਂਭ ਸੰਭਾਲ ਕਰਨੀ ਬੇਹੱਦ ਲਾਜ਼ਮੀ ਹੋ ਗਈ ਹੈ। ਜੇ ਅਸੀਂ ਅਜਿਹਾ ਨਹੀਂ ਕਰਦੇ ਤਾਂ ਭਵਿੱਖ ਸਾਡੇ ਲਈ ਬਹੁਤ ਵੱਡੀਆਂ ਸਮੱਸਿਆਵਾਂ ਲੈ ਕੇ ਖੜ੍ਹਾ ਹੈ...

*ਪੰਜਾਬ ਦੀ ਸਾਲਾਨਾ ਔਸਤ ਵਰਖਾ 650 ਮਿ.ਲੀ. ਹੈ, ਜਿਸ ਦੀ ਵਰਤੋਂ ਕੇਵਲ ਸਿੰਚਾਈ ਦੇ ਰੂਪ ਵਿਚ ਹੀ ਹੁੰਦੀ ਹੈ। ਅਸੀ ਕੁਝ ਸੌਖੇ ਉਪਰਾਲੇ ਕਰ ਕੇ ਮੀਂਹ ਦੇ ਵਾਧੂ ਪਾਣੀ ਨੂੰ ਜਮ੍ਹਾਂ ਕਰ ਸਕਦੇ ਹਾਂ ਤੇ ਇਸ ਨੂੰ ਮੁੜ ਵਰਤੋਂ ਵਿਚ ਲਿਆ ਸਕਦੇ ਹਾਂ...*

## ਪੁਰਾਣੇ ਤਰੀਕਿਆਂ ਨੂੰ ਅਪਨਾਉਣ ਦੀ ਲੋੜ

ਪੰਜਾਬ ਦੇ 100 ਤੋ ਵੱਧ ਬਲਾਕਾਂ ਨੂੰ ਜ਼ਮੀਨਦੋਜ਼ ਪਾਣੀ ਦੇ ਡਿੱਗ ਚੁੱਕੇ ਪੱਧਰ ਕਾਰਨ ‘ਡਾਰਕ ਜ਼ੋਨ’ ਐਲਾਨਿਆ ਜਾ ਚੁੱਕਾ ਹੈ। ਹਰ ਸਾਲ ਪਾਣੀ ਦਾ ਪੱਧਰ 0.9 ਮੀਟਰ ਡਿਗਦਾ ਜਾ ਰਿਹਾ ਹੈ। ਸਰਕਾਰਾਂ ਵੀ ਪਾਣੀ ਦੇ ਡਿੱਗਦੇ ਪੱਧਰ ਤੋਂ ਚਿੰਤਤ ਹਨ ਤੇ ਇਸ ਸੰਕਟ ਨਾਲ ਨਜਿੱਠਣ ਲਈ ਵੱਖ-ਵੱਖ ਉਪਰਾਲੇ ਕੀਤੇ ਜਾ ਰਹੇ ਹਨ। ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਪਾਣੀ ਨੂੰ ਅਜਾਈਂ ਨਾ ਗਵਾਈਏ। ਸਾਫ਼ ਪਾਣੀ ਦੇ ਮੁੱਖ ਸਰੋਤਾਂ ਵਿੱਚੋਂ ਮੀਂਹ ਪਰਮਾਤਮਾ ਦੀ ਵਡਮੁੱਲੀ ਦਾਤ ਹੈ। ਮੀਂਹ ਦਾ ਇਹ ਪਾਣੀ ਜੇ ਸਾਂਭ ਲਿਆ ਜਾਵੇ ਤਾਂ ਇਹ ਇਕ ਵਡਮੁੱਲਾ ਸ੍ਰੋਤ ਬਣ ਸਕਦਾ ਹੈ। ਪੁਰਾਣੇ ਸਮੇਂ ਤੋਂ ਹੀ ਸਾਡੇ ਦੇਸ਼ ਵਿਚ ਮੀਂਹ ਦੇ ਪਾਣੀ ਨੂੰ ਜਮ੍ਹਾਂ ਕਰਨ ਦਾ ਰੁਝਾਨ ਰਿਹਾ ਹੈ। ਮੀਂਹ ਦਾ ਪਾਣੀ ਗੁਜਰਾਤ ਵਿਚ ਪੌੜੀਆਂ ਵਾਲੇ ਖੂਹ ਵਿਚ ਜਮ੍ਹਾਂ ਕੀਤਾ ਜਾਂਦਾ ਸੀ। ਰਾਜਸਥਾਨ ਤੇ ਉੱਤਰੀ ਭਾਰਤ ਵਿਚ ਬੌਲੀਆਂ ਬਣਾ ਕੇ ਇਸ ਨੂੰ ਉਨ੍ਹਾਂ ਵਿਚ ਜਮ੍ਹਾਂ ਕਰ ਲਿਆ ਜਾਂਦਾ ਸੀ। ਲੋਕ ਪਾਣੀ ਦੀਆਂ ਬਹੁਤ ਸਾਰੀਆਂ ਜ਼ਰੂਰਤਾਂ ਇਨ੍ਹਾਂ ਸਾਧਨਾਂ ਤੋਂ ਹੀ ਪੂਰੀਆਂ ਕਰਦੇ ਸਨ। ਇਸ ਤੋਂ ਇਲਾਵਾ ਲੋਕ ਆਪਣੇ ਘਰਾਂ ਦੇ ਹੇਠਾਂ ਪਾਣੀ ਦੇ ਟੈਂਕ ਵੀ ਬਣਾਉਂਦੇ ਸਨ।

ਪਾਣੀ ਦੀ ਪੱਕੀ ਸਪਲਾਈ ਸ਼ੁਰੂ ਕਾਰਨ ਲੋਕ ਮੀਂਹ ਦੇ ਪਾਣੀ ਨੂੰ ਜੋੜਨ ਜਾਂ ਜਮ੍ਹਾਂ ਦੀ ਲੋੜ ਨਹੀਂ ਸਮਝਦੇ ਪਰ ਹੁਣ ਆਉਣ ਵਾਲੀਆਂ ਪੀੜ੍ਹੀਆਂ ਲਈ ਜਾਗਰੂਕ ਨਾਗਰਿਕਾਂ ਨੂੰ ਮੁੜ ਉਨ੍ਹਾਂ ਪੁਰਾਣੇ ਢੰਗ ਤਰੀਕਿਆਂ ਨੂੰ ਅਪਨਾਉਣਾ ਪਵੇਗਾ। ਇਹ ਸਮੇਂ ਦੀ ਮੁੱਖ ਲੋੜ ਵੀ ਹੈ। ਪੰਜਾਬ ਦੀ ਸਾਲਾਨਾ ਔਸਤ ਵਰਖਾ 650 ਮਿਲੀਮੀਟਰ ਹੈ, ਜਿਸ ਦੀ ਵਰਤੋਂ ਕੇਵਲ ਸਿੰਚਾਈ ਦੇ ਰੂਪ ਵਿਚ ਹੀ ਹੁੰਦੀ ਹੈ। ਅਸੀ ਕੁਝ ਸੌਖੇ ਉਪਰਾਲੇ ਕਰ ਕੇ ਮੀਂਹ ਦੇ ਵਾਧੂ ਪਾਣੀ ਨੂੰ ਜਮ੍ਹਾਂ ਕਰ ਸਕਦੇ ਹਾਂ ਤੇ ਇਸ ਨੂੰ ਮੁੜ ਵਰਤੋਂ ਵਿਚ ਲਿਆ ਸਕਦੇ ਹਾਂ।

*ਪੰਜਾਬ ਦੇ 100 ਬਲਾਕਾਂ ਵਿਚ ਜ਼ਮੀਨਦੋਜ਼ ਪਾਣੀ ਦੇ ਪੱਧਰ ਵਿਚ ਆਈ ਵੱਡੀ ਗਿਰਾਵਟ ਕਾਰਨ ਇਨ੍ਹਾਂ ਨੂੰ ‘ਡਾਰਕ ਜ਼ੋਨ’ ਐਲਾਨਿਆ ਜਾ ਚੁੱਕਾ ਹੈ। ਬਰਸਾਤੀ ਪਾਣੀ ਨੂੰ ਜ਼ਮੀਨ ’ਚ ਰੀਚਾਰਜ ਕਰ ਕੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਿਆ ਜਾ ਸਕਦਾ ਹੈ...*



## ਛੱਤਾਂ ਦਾ ਪਾਣੀ ਇਕੱਠਾ ਕਰਨਾ

ਸ਼ਹਿਰਾਂ ਵਿਚ ਬਹੁਤੀ ਜ਼ਮੀਨ ਇਮਾਰਤਾਂ ਅਤੇ ਸੜਕਾਂ ਹੇਠ ਹੋਣ ਕਾਰਨ ਪੱਕੀ ਹੁੰਦੀ ਹੈ ਅਤੇ ਸਹੀ ਨਿਕਾਸੀ ਨਾ ਹੋਣ ਕਾਰਨ ਥੋੜ੍ਹਾ ਜਿਹਾ ਮੀਂਹ ਪੈਣ ’ਤੇ ਸ਼ਹਿਰ ਪਾਣੀ ਨਾਲ ਭਰ ਜਾਂਦੇ ਹਨ। ਜੇ ਅਸੀਂ ਆਪਣੇ ਘਰਾਂ ਦੀਆਂ ਛੱਤਾਂ ਤੋਂ ਮੀਂਹ ਦੇ ਪਾਣੀ ਨੂੰ ਇਕੱਠਾ ਕਰ ਲਈਏ ਤਾਂ ਅਸੀ ਇਸ ਨੂੰ ਕਾਫੀ ਸਮੇਂ ਤਕ ਵਰਤ ਸਕਦੇ ਹਾਂ। ਇਕ ਅੰਦਾਜ਼ੇ ਮੁਤਾਬਕ ਜਿਸ ਘਰ ਦੀ ਛੱਤ ਦਾ ਖੇਤਰਫਲ 100 ਵਰਗ ਮੀਟਰ ਹੈ, ਉੱਥੋਂ 50,000 ਲਿਟਰ ਪਾਣੀ ਇਕੱਠਾ ਕੀਤਾ ਜਾ ਸਕਦਾ ਹੈ। ਇਸ ਪਾਣੀ ਨੂੰ ਪਲਾਸਟਿਕ ਜਾਂ ਸੀਮੈਂਟ ਦੇ ਟੈਂਕਾਂ ਆਦਿ ਵਿਚ ਸਟੋਰ ਕੀਤਾ ਜਾ ਸਕਦਾ ਹੈ। ਪਹਿਲੀ ਵਾਰੀ ਪਾਣੀ ਸਟੋਰ ਕਰਨ ਦੀ ਕੀਮਤ 2 ਤੋ 3 ਰੁਪਏ ਪ੍ਰਤੀ ਲਿਟਰ ਦੇ ਹਿਸਾਬ ਨਾਲ ਪੈਂਦੀ ਹੈ ਅਤੇ ਇਸ ਨੂੰ ਸਾਲੋ-ਸਾਲ ਵਰਤਿਆ ਜਾ ਸਕਦਾ ਹੈ। ਇਸ ਪਾਣੀ ਨੂੰ ਬਾਅਦ ਵਿਚ ਬਗੀਚੀ ਵਿਚ, ਸਫ਼ਾਈ ਕਰਨ, ਫਲੱਸ਼ਾਂ ਆਦਿ ਵਿਚ ਵਰਤਿਆ ਜਾ ਸਕਦਾ ਹੈ। ਕਰਨਾਟਕਾ ਅਤੇ ਕੇਰਲ ਵਰਗੇ ਸੂਬਿਆਂ ਵਿਚ ਇਸ ਪਾਣੀ ਨੂੰ ਵੱਡੀ ਘਾਟ ਵਾਲੇ ਇਲਾਕਿਆਂ ਵਿਚ ਪੀਣ ਲਈ ਵੀ ਵਰਤਿਆ ਜਾਂਦਾ ਹੈ ਕਿਉਂਕਿ ਇਸ ਵਿਚ ਕਿਸੇ ਵੀ ਤਰ੍ਹਾਂ ਦੇ ਹਾਨੀਕਾਰਕ ਬੈਕਟੀਰੀਆ ਨਹੀਂ ਹੁੰਦੇ। ਜ਼ਿਕਰਯੋਗ ਹੈ ਕਿ ਬਰਸਾਤ ਦਾ ਪਾਣੀ ਕੀਟਾਣੂ ਰਹਿਤ ਹੁੰਦਾ ਹੈ ਪਰ ਜੇ ਇਸ ਦੀ ਸਹੀ ਸੰਭਾਲ ਨਾ ਕੀਤੀ ਜਾਵੇ ਤਾਂ ਇਸ ਵਿਚ ਕੀਟਾਣੂ ਪੈਦਾ ਹੋ ਸਕਦੇ ਹਨ।

## ਮੀਂਹ ਦਾ ਪਾਣੀ ਰੀਚਾਰਜ ਕਰਨਾ

ਸਾਂਝੀਆਂ ਥਾਵਾਂ ’ਤੇ ਬਾਰਿਸ਼ ਦਾ ਵਾਧੂ ਪਾਣੀ ਬਹੁਤ ਜ਼ਿਆਦਾ ਜਮ੍ਹਾਂ ਹੋ ਜਾਂਦਾ ਹੈ, ਇਸ ਨੂੰ ਅਸੀਂ ਟੈਂਕਾਂ ਵਿਚ ਨਹੀਂ ਸੰਭਾਲ ਸਕਦੇ। ਇਸ ਪਾਣੀ ਨੂੰ ਕੁਝ ਯਤਨ ਕਰ ਕੇ ਧਰਤੀ ਵਿਚ ਜਜ਼ਬ ਜਾਂ ਰੀਚਾਰਜ ਕੀਤਾ ਜਾ ਸਕਦਾ ਹੈ। ਮੀਂਹ ਦੇ ਪਾਣੀ ਨੂੰ ਅਸੀਂ ਫਿਲਟਰੇਸ਼ਨ ਯੂਨਿਟ ਵਿਚ ਸਾਫ਼ ਕਰ ਕੇ ਮੁੜ ਧਰਤੀ ਵਿਚ ਭੇਜ ਸਕਦੇ ਹਾਂ। ਫਿਲਟਰੇਸ਼ਨ ਯੂਨਿਟ ਵਿਚ ਪਾਣੀ ਨੂੰ ਮੋਟੀ ਰੋੜੀ, ਬਜਰੀ ਵਿੱਚੋਂ ਲੰਘਾ ਕੇ ਸਾਫ਼ ਕੀਤਾ ਜਾ ਸਕਦਾ ਹੈ। ਇਸ ਤਰੀਕੇ ਨਾਲ ਅਸੀਂ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਉੱਪਰ ਕੁਝ ਹੱਦ ਤਕ ਕਾਬੂ ਪਾ ਸਕਦੇ ਹਾਂ।

ਅਜਿਹੇ ਯੂਨਿਟ ਉਨ੍ਹਾਂ ਥਾਵਾਂ ’ਤੇ ਬਹੁਤ ਕਾਮਯਾਬ ਹੋ ਸਕਦੇ ਹਨ ਜਿੱਥੇ ਧਰਤੀ ਹੇਠਲੇ ਪਾਣੀ ਮਾੜੇ ਹਨ। ਮੀਂਹ ਦਾ ਪਾਣੀ ਧਰਤੀ ਹੇਠਲੇ ਪ੍ਰਦੂਸ਼ਿਤ ਪਾਣੀ ਦੀ ਗੁਣਵੱਤਾ ਨੂੰ ਸੁਧਾਰਦਾ ਹੈ। ਇਸ ਯੂਨਿਟ ’ਤੇ 25 ਹਜ਼ਾਰ ਤੋਂ 50 ਹਜ਼ਾਰ ਰੁਪਏ ਤਕ ਖ਼ਰਚ ਆਉਂਦਾ ਹੈ। ਇਹ ਯੂਨਿਟ 15 ਤੋਂ 20 ਸਾਲ ਤਕ ਕੰਮ ਕਰਦਾ ਹੈ। ਇਸ ਤੋਂ ਇਲਾਵਾ ਪਿੰਡਾਂ ਦੇ ਛੱਪੜਾਂ ਦੀ ਸਾਫ਼ ਸਫ਼ਾਈ ਕਰ ਕੇ ਵੀ ਜਮ੍ਹਾਂ ਪਾਣੀ ਨੂੰ ਜ਼ਮੀਨ ਵਿਚ ਰੀਚਾਰਜ਼ ਕੀਤੇ ਜਾਣ ’ਚ ਸਹਾਇਤਾ ਕੀਤੀ ਜਾ ਸਕਦੀ ਹੈ।

ਮੋਬਾਈਲ 98142-45666




---

• ਮਹੇਸ਼ ਕੁਮਾਰ ਨਾਰੰਗ, ਅਰਸ਼ਦੀਪ ਸਿੰਘ

# ਸਬਜ਼ੀਆਂ ਦੀ ਕਾਸ਼ਤ ਲਈ ਮਸ਼ੀਨਾਂ

*ਪੰਜਾਬ ’ਚ 2.30 ਲੱਖ ਹੈਕਟੇਅਰ ਰਕਬੇ ’ਚ ਸਬਜ਼ੀਆਂ ਦੀ ਕਾਸ਼ਤ ਕੀਤੀ ਜਾਂਦੀ ਹੈ। ਇਸ ਨਾਲ ਕਿਸਾਨ ਕਣਕ-ਝੋਨੇ ਦੇ ਫ਼ਸਲੀ ਚੱਕਰ ’ਚੋਂ ਵੀ ਨਿਕਲ ਰਹੇ ਹਨ ਤੇ ਆਮਦਨ ਦੇ ਨਵੇਂ ਜ਼ਰੀਏ ਵੀ ਬਣ ਰਹੇ ਹਨ। ਸਬਜ਼ੀਆਂ ਦੀ ਕਾਸ਼ਤ ਵਿਚ ਸਮੇਂ ਦੀ ਬੱਚਤ ਤੇ ਦਸਤੀ ਮਿਹਨਤ ਨੂੰ ਘੱਟ ਕਰਨ ’ਚ ਇਹ ਮਸ਼ੀਨਾਂ ਬੇਹੱਦ ਸਹਾਈ ਹਨ...*

ਪੰਜਾਬ ਵਿਚ ਮੁੱਖ ਫ਼ਸਲੀ ਚੱਕਰ ਕਣਕ ਤੇ ਝੋਨਾ ਹੈ। ਕਣਕ ਹੇਠ 35 ਲੱਖ ਹੈਕਟੇਅਰ ਤੇ ਝੋਨੇ ਹੇਠ 29.5 ਲੱਖ ਹੈਕਟੇਅਰ ਰਕਬਾ ਹੈ। ਝੋਨੇ ’ਚ ਪਾਣੀ ਦੀ ਲਾਗਤ ਬਹੁਤ ਜ਼ਿਆਦਾ ਹੈ ਜਿਸ ਕਾਰਨ ਜ਼ਮੀਨਦੋਜ਼ ਪਾਣੀ ਦਾ ਪੱਧਰ ਡਿੱਗ ਰਿਹਾ ਹੈ। ਇਸ ਨੂੰ ਰੋਕਣ ਲਈ ਰਵਾਇਤੀ ਫ਼ਸਲੀ ਚੱਕਰ ਨੂੰ ਘਟਾ ਕੇ ਬਦਲਵੀਆਂ ਫ਼ਸਲਾਂ ਲੈਣੀਆਂ ਚਾਹੀਦੀਆਂ ਹਨ। ਇਨ੍ਹਾਂ ਲਈ ਸਬਜ਼ੀਆਂ ਹੇਠ ਰਕਬਾ ਵਧਾਇਆ ਜਾ ਸਕਦਾ ਹੈ। ਪੰਜਾਬ ਵਿਚ ਸਾਲ 2015-16 ਦੌਰਾਨ 2.30 ਲੱਖ ਹੈਕਟੇਅਰ ਰਕਬੇ ’ਚ ਸਬਜ਼ੀਆਂ ਦੀ ਕਾਸ਼ਤ ਕੀਤੀ ਗਈ। ਕਾਸ਼ਤ ਦੇ ਕੰਮ ’ਚ ਸੁਧਾਰ ਲਿਆਉਣ ਤੇ ਦਸਤੀ ਮਿਹਨਤ ਘਟਾਉਣ ਲਈ ਸਬਜ਼ੀਆਂ ਵਿਚ ਮਸ਼ੀਨੀਕਰਨ ’ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਕੌਮੀ ਬਾਗ਼ਬਾਨੀ ਮਿਸ਼ਨ ਅਧੀਨ ਨਵੀਆਂ ਮਸ਼ੀਨਾਂ ਲਈ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਸਬਜ਼ੀਆਂ ਦੀ ਕਾਸ਼ਤ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਨਵੀਆਂ ਮਸ਼ੀਨਾਂ ਵਿਕਸਿਤ ਕੀਤੀਆਂ ਜਾ ਰਹੀਆਂ ਹਨ :




*ਇਸ ਦੇ ਲਈ 45 ਹਾਰਸ ਪਾਵਰ ਤੋ ਵੱਧ ਦੇ ਟ੍ਰੈਕਟਰ ਦੀ ਲੋੜ ਪੈਂਦੀ ਹੈ। ਇਹ ਜ਼ਮੀਨ ਹੇਠ ਬਣੀ ਸਖ਼ਤ ਤਹਿ ਨੂੰ ਤੋੜਦਾ ਹੈ। ਇਹ 40 ਸੈਂਟੀਮੀਟਰ ਤੋਂ ਵੱਧ ਡੂੰਘਾਈ ਤਕ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਫਲਾਂ-ਸਬਜ਼ੀਆਂ ਵਿਚ ਬਾਰਸ਼ ਦੇ ਵਾਧੂ ਪਾਣੀ ਦੀ ਜ਼ਮੀਨ ਹੇਠ ਵਧੀਆ ਨਿਕਾਸੀ ਹੁੰਦੀ ਹੈ।*

## ਲੇਜ਼ਰ ਕਰਾਹਾ

ਲੇਜਰ ਕਰਾਹਾ ਟ੍ਰੈਕਟਰ ਨਾਲ ਚੱਲਣ ਵਾਲੀ ਮਸ਼ੀਨ ਹੈ, ਜਿਸ ਨਾਲ ਲੋੜੀਂਦੀ-ਢਲਾਣ ਮੁਤਾਬਿਕ ਖੇਤ ਨੂੰ ਵਧੀਆ ਤਰੀਕੇ ਨਾਲ ਪੱਧਰਾ ਕੀਤਾ ਜਾ ਸਕਦਾ ਹੈ। ਇਸ ਨੂੰ 50 ਹਾਰਸ ਪਾਵਰ ਦੇ ਟ੍ਰੈਕਟਰ ਨਾਲ ਚਲਾਇਆ ਜਾਂਦਾ ਹੈ। ਲੇਜਰ ਕਰਾਹੇ ਨਾਲ ਜ਼ਮੀਨ ਪੱਧਰੀ ਕਰਨ ’ਤੇ ਪਾਣੀ ਦੀ 15-30 ਫ਼ੀਸਦੀ ਤਕ ਬੱਚਤ ਹੁੰਦੀ ਹੈ। ਇਸ ਨਾਲ ਝਾੜ ’ਚ 5-10 ਫ਼ੀਸਦੀ ਵਾਧਾ ਹੁੰਦਾ ਹੈ। ਖਾਦਾਂ ਤੇ ਕੀਟਨਾਸ਼ਕਾਂ ਦੀ ਸੁਚੱਜੀ ਵਰਤੋਂ ਹੁੰਦੀ ਹੈ। ਖੇਤ ਦੇ ਪੱਧਰ ਹੋਣ ਕਾਰਨ ਵੱਟਾਂ ਦੀ ਗਿਣਤੀ ਘਟਦੀ ਹੈ ਜਿਸ ਨਾਲ ਪੱਧਰੀ ਬਿਜਾਈ ਵਾਲੇ ਖੇਤਾਂ ਵਿਚ 2-3 ਫ਼ੀਸਦੀ ਤੇ ਵੱਟਾ ’ਤੇ ਬਿਜਾਈ ਵਾਲੇ ਖੇਤਾਂ ਵਿਚ ਫ਼ਸਲ ਹੇਠ 6-8 ਰਕਬਾ ਵਧ ਜਾਂਦਾ ਹੈ। ਇਸ ਮਸ਼ੀਨ ਦੁਆਰਾ ਅਸੀਂ ਖੇਤ ’ਚ ਢਲਾਣ ਵੀ ਦੇ ਸਕਦੇ ਹਾਂ। ਜੇ ਖੇਤ ਦੇ ਲੈਵਲ ’ਚ 3-4 ਇੰਚ ਫ਼ਰਕ ਹੈ ਤਾਂ ਇਸ ਨੂੰ ਬਿਲਕੁਲ ਪੱਧਰਾ ਕਰਨ ਲਈ ਔਸਤ ਸਮਾਂ 1.25 ਤੋਂ 1.50 ਘੰਟਾ ਪ੍ਰਤੀ ਏਕੜ ਲਗਦਾ ਹੈ। ਸਬਜ਼ੀਆਂ ਲਈ ਖੇਤ ਪੱਧਰਾ ਹੋਵੇ ਤਾਂ ਇਕਸਾਰ ਸਿੰਚਾਈ ਹੁੰਦੀ ਹੈ ਤੇ ਝਾੜ ਵਿਚ ਵੀ ਵਾਧਾ ਹੁੰਦਾ ਹੈ।



## ਸਿੱਧੀ ਬਿਜਾਈ ਲਈ ਮਸ਼ੀਨੀ ਪਲਾਂਟਰ

ਸਬਜ਼ੀਆਂ ਦੀ ਸਿੱਧੀ ਬਿਜਾਈ ਲਈ ਮਸ਼ੀਨੀ ਪਲਾਂਟਰ ਵੀ ਉਪਲਬਧ ਹਨ। ਇਨ੍ਹਾਂ ਵਿਚ ਬਿਜਾਈ ਲਈ ਖ਼ਾਸ ਤੌਰ ’ਤੇ ਡਿਜ਼ਾਈਨ ਕੀਤੀਆਂ ਪਲੇਟਾਂ ਇਕ ਖ਼ਾਸ ਕੋਨ ’ਤੇ ਕੱਸੀਆਂ ਹੁੰਦੀਆਂ ਹਨ, ਜੋ ਬੀਜ ਨੂੰ ਬਕਸੇ ਵਿੱਚੋਂ ਚੁੱਕ ਕੇ ਟਿਊਬ ’ਚ ਪਾ ਦਿੰਦੀਆਂ ਹਨ। ਇਹ ਮਸ਼ੀਨ 40 ਸੈਂਟੀਮੀਟਰ ਦੀ ਉੱਪਰਲੀ ਚੌੜਾਈ ਵਾਲੇ ਤਿੰਨ ਬੈੱਡ ਇੱਕੋ ਸਮੇਂ ਬਣਾਉਂਦੀ ਹੈ। ਹਰ ਬੈੱਡ ’ਤੇ ਚਾਰ ਕਤਾਰਾ ਬੀਜਦੀ ਹੈ ਤੇ ਹਰ ਕਤਾਰ ’ਚ 10 ਸੈਂਟੀਮੀਟਰ ਦਾ ਫ਼ਾਸਲਾ ਹੁੰਦਾ ਹੈ। ਇਸ ਮਸ਼ੀਨ ਦੀ ਕੰਮ ਕਰਨ ਦੀ ਸਮਰਥਾ 1-1.5 ਏਕੜ ਪ੍ਰਤੀ ਘੰਟਾ ਹੈ। ਇਸ ਨਾਲ ਗਾਜਰ ਤੇ ਛੋਟੇ ਬੀਜਾਂ ਦੀ ਬਿਜਾਈ ਹੋ ਸਕਦੀ ਹੈ।

## ਲਸਣ ਪਲਾਂਟਰ

ਇਸ ਮਸ਼ੀਨ ਨਾਲ ਲਸਣ ਦੀ ਬੀਜਾਈ ਕੀਤੀ ਜਾਂਦੀ ਹੈ। ਇਸ ਮਸ਼ੀਨ ’ਚ ਬੀਜ ਦਾ ਬਕਸਾ, ਪਾਵਰ ਟਰਾਂਸਮਿਸ਼ਨ ਲਈ ਚੇਨ-ਗਰਾਰੀਆਂ, ਹੈਂਡਲ ਤੇ ਪਲੇਟ ਲੱਗੀ ਹੁੰਦੀ ਹੈ ਜਿਸ ਉੱਪਰ ਚਮਚੇ ਲੱਗੇ ਹੁੰਦੇ ਹਨ। ਇਸ ਮਸ਼ੀਨ ਨੂੰ ਇਕ ਆਦਮੀ ਚਲਾਉਂਦਾ ਹੈ ਤੇ ਦੂਜਾ ਰੱਸੀ ਦੁਆਰਾ ਖਿੱਚਦਾ ਹੈ। ਇਸ ਮਸ਼ੀਨ ਨਾਲ ਇਕ ਦਿਨ ’ਚ ਇਕ ਏਕੜ ਰਕਬਾ ਬੀਜਿਆ ਜਾ ਸਕਦਾ ਹੈ। ਇਸ ਨਾਲ 80 ਫ਼ੀਸਦੀ ਲੇਬਰ ਤੇ 75 ਫ਼ੀਸਦੀ ਖ਼ਰਚਿਆਂ ਦੀ ਬੱਚਤ ਹੁੰਦੀ ਹੈ। ਬੀਜ ਵਾਲੇ ਡੱਬੇ ਨੂੰ ਦੋ ਤਿਹਾਈ ਹੀ ਭਰੋ ਤੇ ਗ੍ਰੇਡਿਡ ਬੀਜ ਦੀ ਹੀ ਵਰਤੋਂ ਕਰੋ।

## ਬੈੱਡ ਬਣਾਉਣ ਤੇ ਮਲਚ ਵਿਛਾਉਣ ਵਾਲੀ ਮਸ਼ੀਨ

ਇਹ ਮਸ਼ੀਨ ਸਬਜ਼ੀਆਂ ਦੀ ਬਿਜਾਈ ਲਈ ਬੈੱਡ ਬਣਾਉਣ, ਡਰਿਪ ਪਾਈਪ ਪਾਉਣ, ਮਲਚ ਦੇ ਤੌਰ ’ਤੇ ਪਲਾਸਟਿਕ ਸ਼ੀਟ ਵਿਛਾਉਣ ਤੇ ਪਲਾਸਟਿਕ ਸ਼ੀਟ ’ਚ ਲੋੜੀਂਦੀ ਵਿੱਥ ’ਤੇ ਸੁਰਾਖ਼ ਕੱਢਣ ਦੇ ਚਾਰੇ ਕੰਮ ਇੱਕੋ ਵੇਲੇ ਕਰਦੀ ਹੈ। ਮਸ਼ੀਨ ਨੂੰ ਚਲਾਉਣ ਲਈ 45-50 ਹਾਰਸ ਪਾਵਰ ਵਾਲੇ ਟ੍ਰੈਕਟਰ ਦੀ ਲੋੜ ਪੈਂਦੀ ਹੈ। ਇਸ ਦੀ ਸਮਰਥਾ 0.60 ਏਕੜ ਪ੍ਰਤੀ ਘੰਟਾ ਹੈ। ਇਸ ਦੀ ਵਰਤੋਂ ਨਾਲ ਹੱਥ ਦੇ ਕੰਮ ਕਰਨ ਦੇ ਮੁਕਾਬਲੇ 92 ਫ਼ੀਸਦੀ ਲੇਬਰ ਦੀ ਬੱਚਤ ਹੁੰਦੀ ਹੈ।



### ਆਲੂ ਬੀਜਣ ਵਾਲੀ ਮਸ਼ੀਨਰੀ

*ਆਲੂ ਦੀ ਬੀਜਾਈ ਲਈ ਸੈਮੀ-ਆਟੋਮੈਟਿਕ ਤੇ ਆਟੋਮੈਟਿਕ ਪਲਾਂਟਰ ਮੌਜੂਦ ਹਨ। ਸੈਮੀ ਆਟੋਮੈਟਿਕ ਪਲਾਂਟਰ ਦੋ ਕਿਸਮਾਂ ਦੇ ਹਨ : ਬੈਲਟ ਕੱਪ ਅਤੇ ਦੂਜਾ ਘੁੰਮਣ ਵਾਲੀ ਪਲੇਟ ਵਾਲਾ ਹੈ। ਇਨ੍ਹਾਂ ਦੀ ਸਮਰਥਾ 0.30 ਤੋਂ 0.40 ਏਕੜ ਪ੍ਰਤੀ ਘੰਟਾ ਹੈ।।ਆਟੋਮੈਟਿਕ ਆਲੂ ਪਲਾਂਟਰ ਦੋ ਕਤਾਰਾਂ ਵਿਚ ਬਿਜਾਈ ਕਰਦਾ ਹੈ ਤੇ ਵੱਟਾਂ ਪਾਉਣ ਦਾ ਕੰਮ ਵੀ ਨਾਲੋ-ਨਾਲ ਕਰਦਾ ਹੈ। ਬੀਜ ਵਾਲੇ ਬਕਸੇ ਵਿਚ ਆਲੂ ਚੁੱਕਣ ਲਈ ਦੋ ਪਹੀਏ ਲੱਗੇ ਹਨ, ਜਿਨ੍ਹਾਂ ਦੇ ਘੇਰੇ ’ਤੇ ਲੱਗੀਆਂ ਸਪਰਿੰਗ ਨਾਲ ਚੱਲਣ ਵਾਲੀਆਂ ਉਂਗਲਾਂ ਆਪਣੇ ਆਪ ਆਲੂ ਚੁੱਕਦੀਆਂ ਹਨ। ਇਸ ਦੀ ਸਮਰਥਾ 0.75 ਤੋਂ ਇਕ ਏਕੜ ਪ੍ਰਤੀ ਘੰਟਾ ਹੈ। ਇਸ ਨਾਲ ਲੇਬਰ ਦੀ 80 ਫ਼ੀਸਦੀ ਤਕ ਬੱਚਤ ਹੁੰਦੀ ਹੈ।*

## ਪਨੀਰੀ ਲਈ ਟਰਾਂਸਪਲਾਂਟਰ

ਇਸ ਮਸ਼ੀਨ ਨਾਲ ਬੈਂਗਣ, ਗੋਭੀ, ਬੰਦ ਗੋਭੀ, ਟਮਾਟਰ ਤੇ ਸਰਦ ਰੁੱਤ ਦੀਆਂ ਮੱਕੀ, ਸਰ੍ਹੋਂ ਆਦਿ ਫ਼ਸਲਾਂ ਦੀ ਪਨੀਰੀ ਲਗਾਈ ਜਾ ਸਕਦੀ ਹੈ। ਇਸ ਨਾਲ ਪਨੀਰੀ ਨੂੰ ਵੱਟਾਂ ਉੱਪਰ ਤੇ ਪੱਧਰੀ ਵੀ ਲਗਾਇਆ ਜਾ ਸਕਦਾ ਹੈ। ਇਸ ’ਚ ਕਤਾਰ ਤੋਂ ਕਤਾਰ ਦਾ ਫ਼ਾਸਲਾ 67.5 ਸੈਂਟੀਮੀਟਰ ਤੇ ਬੂਟੇ ਦਾ ਫ਼ਾਸਲਾ 20 ਸੈਂਟੀਮੀਟਰ ਤੋਂ 60 ਸੈਂਟੀਮੀਟਰ ਤਕ ਰੱਖਿਆ ਜਾ ਸਕਦਾ ਹੈ। ਇਹ ਮਸ਼ੀਨ 1.75 ਤੋਂ 2 ਏਕੜ ਦੀ ਪਨੀਰੀ ਦਿਨ ਵਿਚ ਲਗਾ ਸਕਦੀ ਹੈ। ਇਸ ਨੂੰ ਟ੍ਰੈਕਟਰ ਨਾਲ 0.8 ਤੋਂ 1 ਕਿਲੋਮੀਟਰ ਪ੍ਰਤੀ ਘੰਟੇ ਦੀ ਸਪੀਡ ’ਤੇ ਚੱਲਦੀ ਹੈ। ਇਸ ਮਸ਼ੀਨ ਨਾਲ 75 ਤੋਂ 80 ਫ਼ੀਸਦੀ ਤਕ ਲੇਬਰ ਦੀ ਬਚਤ ਹੁੰਦੀ ਹੈ।

## ਜੜ੍ਹਦਾਰ ਸਬਜ਼ੀਆਂ ਪੁੱਟਣ ਵਾਲੀ ਮਸ਼ੀਨ

ਇਸ ਮਸ਼ੀਨ ਨਾਲ ਗਾਜਰ, ਆਲੂ, ਲਸਣ ਤੇ ਪਿਆਜ਼ ਆਦਿ ਜੜ੍ਹਦਾਰ ਸਬਜੀਆਂ ਦੀ ਪੁਟਾਈ ਕੀਤੀ ਜਾ ਸਕਦੀ ਹੈ। ਇਸ ’ਚ 115 ਸੈਂਟੀਮੀਟਰ ਚੌੜਾ ਬਲੇਡ ਹੁੰਦਾ ਹੈ ਜੋ ਸਬਜ਼ੀਆਂ ਨੂੰ ਪੁੱਟਦਾ ਹੈ। ਮਿੱਟੀ ਝਾੜਨ ਲਈ ਲੋਹੇ ਦੀਆਂ ਰਾਡਾਂ ਤੋਂ ਬਣਿਆ ਕਨਵੇਅਰ ਹੁੰਦਾ ਹੈ, ਜਿਸ ’ਚ ਲੱਗੇ ਦੋ ਗੀਅਰ ਕਨਵੇਅਰ ਨੂੰ ਉਛਾਲਦੇ ਹਨ ਤੇ ਸਬਜ਼ੀਆਂ ਤੋਂ ਮਿੱਟੀ ਝੜ ਜਾਂਦੀ ਹੈ। ਮਸ਼ੀਨ ਵਿਚਲੇ ਬਲੇਡ ਦੇ ਦੋਵੇਂ ਪਾਸੇ ਤਵੀਆਂ ਲੱਗੀਆਂ ਹੁੰਦੀਆਂ ਹਨ ਜੋ ਮਿੱਟੀ ਪੁੱਟਣ ’ਚ ਮਦਦ ਕਰਦੀਆਂ ਹਨ। ਮਸ਼ੀਨ ਦੀ ਸਮਰਥਾ 0.5 ਏਕੜ ਪ੍ਰਤੀ ਘੰਟਾ ਹੈ। ਪੁਟਾਈ ਦੀ ਕੁਸ਼ਲਤਾ 96-99 ਫ਼ੀਸਦੀ ਹੈ ਤੇ ਇਸ ਨਾਲ 60-70 ਫ਼ੀਸਦੀ ਲੇਬਰ ਦੀ ਬੱਚਤ ਹੁੰਦੀ ਹੈ।

## ਬੀਜ ਕੱਢਣ ਵਾਲੀ ਮਸ਼ੀਨ

ਇਹ ਮਸ਼ੀਨ ਫਲਾਂ ਤੇ ਟਮਾਟਰ, ਮਿਰਚ, ਤਰਬੂਜ, ਖੀਰਾ, ਟਿੰਡੇ ਆਦਿ ਸਬਜ਼ੀਆਂ ਦੇ ਬੀਜ ਕੱਢਣ ਲਈ ਵਰਤੀ ਜਾਂਦੀ ਹੈ। ਇਸ ’ਚ ਕਟਾਈ ਵਾਲਾ ਇਕ ਮੁਢਲਾ ਚੈਂਬਰ ਹੈ, ਜਿਸ ’ਚ ਸਬਜ਼ੀਆਂ ਤੇ ਫਲਾਂ ਟੁਕੜਿਆਂ ’ਚ ਕਟਾਈ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਇਨ੍ਹਾਂ ਨੂੰ ਰੋਟਰ ’ਤੇ ਲੱਗੇ ਬਲੇਡਾਂ ਨਾਲ ਦਰੜਿਆ ਜਾਂਦਾ ਹੈ। ਵੱਖ-ਵੱਖ ਸਾਈਜ਼ ਦੇ ਬੀਜਾਂ ਲਈ ਵੱਖਰੀਆਂ ਜਾਲੀਆਂ ਦੀ ਵਰਤੋਂ ਕੀਤੀ ਜਾਂਦੀ ਹੈ।

ਸਬਜ਼ੀਆਂ ਦੀ ਕਾਸ਼ਤ ਦੇ ਵੱਖ-ਵੱਖ ਖੇਤੀ ਕੰਮਾਂ ਦੇ ਮਸ਼ੀਨੀਕਰਨ ਲਈ ਯੂਨੀਵਰਸਿਟੀ ਵੱਲੋਂ ਮਸ਼ੀਨਾਂ ਵਿਕਸਿਤ, ਸਿਫਾਰਸ਼ ਤੇ ਪ੍ਰਚਲਿਤ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਮਸ਼ੀਨਾਂ ਦੀ ਵਰਤੋਂ ਨਾਲ ਕਿਸਾਨ ਸਮੇਂ ਅਤੇ ਲੇਬਰ ਦੀ ਬੱਚਤ ਕਰ ਸਕਦੇ ਹਨ। ਇਸ ਨਾਲ ਪੈਦਾਵਾਰ ਅਤੇ ਮੁਨਾਫ਼ੇ ਵਿਚ ਵੀ ਵਾਧਾ ਕੀਤਾ ਜਾ ਸਕਦਾ ਹੈ। •

# ਸਾਬਕਾ ਮੁੱਖ ਨਿਆਂਮੂਰਤੀ ਵਲੋਂ ਵੇਦਾਂਤਾ ’ਤੇ ਆਈ ਵਾਇਸਰੌਏ ਰਿਪੋਰਟ ਦੀ ਸਖ਼ਤ ਨਿੰਦਿਆ

**ਬਠਿੰਡਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਸਾਬਕਾ ਮੁੱਖ ਨਿਆਂਧੀਸ਼ ਡਾ. ਡੀ.ਵਾਈ. ਚੰਦ੍ਰਚੂੜ ਵਲੋਂ ਵੇਦਾਂਤਾ ਲਿਮਿਟਡ ਨੂੰ ਦਿੱਤੀ ਕਾਨੂੰਨੀ ਰਾਏ ਅਨੁਸਾਰ, ਕੰਪਨੀ ਵਲੋਂ ਕੋਈ ਗਲਤ ਜਾਂ ਅਨੈਤਿਕ ਕੰਮ ਨਹੀਂ ਹੋਇਆ ਅਤੇ ਵਾਇਸਰੌਏ ਰਿਪੋਰਟ ਦੀ ਭਰੋਸੇਯੋਗਤਾ ‘ਤੇ ਡੂੰਘੇ ਸਵਾਲ ਖੜ੍ਹੇ ਕੀਤੇ ਗਏ ਹਨ। ਕੰਪਨੀ ਨੇ ਚੰਦਰਚੂੜ ? ਦੀ ਇਹ ਕਾਨੂੰਨੀ ਰਾਏ ਸ਼ੇਅਰ ਬਾਜ਼ਾਰਾਂ ਵਿੱਚ ਵੀ ਪੇਸ਼ ਕੀਤੀ ਹੈ। 20 ਸਫਿਆਂ ਦੀ ਇਸ ਰਾਏ ਵਿੱਚ ਕਿਹਾ ਗਿਆ ਹੈ ਕਿ ਅਮਰੀਕੀ ਸ਼ਾਰਟ ਸੈਲਰ ਵਾਇਸਰੌਏ ਰਿਸਰਚ ਗਰੁੱਪ ਦੀ ਹਾਲੀਆ ਰਿਪੋਰਟ ਨਿੰਦਣਯੋਗ ਹੈ, ਇਸ ਵਿੱਚ ਭਰੋਸੇਯੋਗਤਾ ਦੀ ਘਾਟ ਹੈ ਅਤੇ ਇਹ ਨਾਜਾਇਜ਼ ਵਿੱਤੀ ਫ਼ਾਇਦੇ ਲਈ ਬਾਜ਼ਾਰ ਨੂੰ ਹਿਲਾਉਣ ਲਈ ਬਣਾਈ ਗਈ ਹੈ। ਇਹ ਰਿਪੋਰਟ ਭਾਰਤੀ ਕਾਨੂੰਨ ਅਧੀਨ ਕਿਸੇ ਵੀ ਕਾਨੂੰਨੀ ਜਾਂਚ ਵਿੱਚ ਖਰੀ ਨਹੀਂ ਉਤਰਦੀ। ਰਾਏ ਵਿੱਚ ਅੱਗੇ ਕਿਹਾ ਗਿਆ ਹੈ ਕਿ ਵੇਦਾਂਤਾ ਭਾਰਤੀ ਅਦਾਲਤਾਂ ਵਿੱਚ ਮਾਣਹਾਨੀ ਦੇ ਮਾਮਲੇ ਵਿੱਚ ਇਨਸਾਫ਼ ਅਤੇ ਸੁਰੱਖਿਆ ਦੀ ਮੰਗ ਕਰਨ ਦੀ ਮਜ਼ਬੂਤ ਸਥਿਤੀ ਵਿੱਚ ਹੋਵੇਗੀ।

ਡਾ. ਚੰਦ੍ਰਚੂੜ ਨੇ ਰਿਪੋਰਟ ਦੇ ਖੋਜਕਰਤਿਆਂ ਅਤੇ ਉਨ੍ਹਾਂ ਦੀ ਭਰੋਸੇਯੋਗਤਾ ਦੇ ਨਾਲ-ਨਾਲ, ਰਿਪੋਰਟ ਦੇ ਛਪਣ ਦੇ ਸਮੇਂ ਨੂੰ ਲੈ ਕੇ ਵੀ ਡੂੰਘੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਖੋਜਕਰਤਿਆਂ ਦੇ ਸ਼ੱਕੀ ਪਿਛੋਕੜ ਰਿਪੋਰਟ ਦੀ ਵੈਧਤਾ ‘ਤੇ ਪਹਿਲਾਂ ਹੀ ਸ਼ੰਕੇ ਪੈਦਾ ਕਰਦੀ ਹੈ। ਉਨ੍ਹਾਂ ਇਹ ਵੀ ਦਰਸਾਇਆ ਕਿ ਵਾਇਸਰੌਏ ਵਲੋਂ ਹੋਰ ਕੰਪਨੀਆਂ ਖਿਲਾਫ਼ ਪ੍ਰਕਾਸ਼ਿਤ ਕੀਤੀਆਂ ਹੋਈਆਂ ਜਿਹੀਆ ਹੀ ਰਿਪੋਰਟਾਂ ਖਿਲਾਫ਼ ਭਾਰਤ ਅਤੇ ਵਿਸ਼ਵ ਪੱਧਰ ‘ਤੇ ਕਈ ਕੇਸ ਚੱਲ ਰਹੇ ਹਨ।

ਡਾ. ਚੰਦ੍ਰਚੂੜ ਨੇ ਕਿਹਾ ਕਿ ਰਿਪੋਰਟ ਦੇ ਛਪਣ ਦਾ ਸਮਾਂ ਯੋਜਨਾਬੱਧ ਲੱਗਦਾ ਹੈ ਅਤੇ ਇਹ ਵੇਦਾਂਤਾ ਗਰੁੱਪ ਦੀ ਹਾਂ-ਪੱਖੀ ਕਰੈਡਿਟ ਗਤੀ ਅਤੇ ਮੁੜ-ਵਿੱਤਯੋਜਨਾ ਦੀ ਸਫਲਤਾ ਨਾਲ ਜੁੜਿਆ ਹੋਇਆ ਹੈ। ਰਾਏ ਅਨੁਸਾਰ, ਰਿਪੋਰਟ ਨੂੰ ਵੇਦਾਂਤਾ ਦੇ ਡੀ-ਮਰਜਰ ਉੱਤੇ ਅਸਰ ਪਾਉਣ ਵਾਸਤੇ ਯੋਜਨਾਬੱਧ ਢੰਗ ਨਾਲ ਪ੍ਰਕਾਸ਼ਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸਦਾ ਸਮਾਂ ਖਾਸ ਤੌਰ ‘ਤੇ ਵੇਦਾਂਤਾ ਗਰੁੱਪ ਦੀਆਂ ਕੁਝ ਯੋਜਿਤ ਡੀ-ਮਰਜਰ ਕਾਰਵਾਈਆਂ ਨਾਲ ਮੇਲ ਖਾਂਦਾ ਹੈ। ਰਾਏ ਵਿੱਚ ਕਿਹਾ ਗਿਆ ਹੈ ਕਿ ਵਾਇਸਰੌਏ ਭੜਕਾਊ ਅਤੇ ਮਾਣ ਨੂੰ ਠੇਸ ਪਹੁੰਚਾਉਣ ਵਾਲੀ ਭਾਸ਼ਾ ਵਰਤਦਾ ਹੈ। ਇਸ ਰਿਪੋਰਟ ਵਿੱਚ ਬਿਨਾਂ ਕਿਸੇ ਪੁਸ਼ਟੀ ਦੇ ਗੈਰ-ਜ਼ਿੰਮੇਵਾਰਨਾ ਹਵਾਲੇ ਅਤੇ ਇਸ਼ਾਰੇ ਹਨ। ਸਾਬਕਾ ਮੁੱਖ ਨਿਆਂਧੀਸ਼ ਨੇ ਸਪੱਸ਼ਟ ਕੀਤਾ ਕਿ ਇਹੋ ਜਿਹੀ ਭਾਸ਼ਾ ਦਾ ਟੀਚਾ ਸਿਰਫ਼ ਹਲਚਲ ਪੈਦਾ ਕਰਨਾ ਹੁੰਦਾ ਹੈ, ਨਾ ਕਿ ਨਿਰਪੱਖ ਜਾਂ ਵਾਜਿਬ ਸੋਚ ਦੇਣਾ। ਰਾਏ ਵਿੱਚ ਵਾਇਸਰੌਏ ਰਿਪੋਰਟ ਦੀ ਭਰੋਸੇਯੋਗਤਾ ਦੀ ਘਾਟ ਦੇ ਤਿੰਨ ਮੁੱਖ ਕਾਰਣ ਦਿੱਤੇ ਹਨ। ਪਹਿਲਾ, ਵਾਇਸਰੌਏ ਵਲੋਂ ਅਜਿਹੀਆਂ ਰਿਪੋਰਟਾਂ ਪ੍ਰਕਾਸ਼ਿਤ ਕਰ ਕੇ ਸ਼ਾਰਟ ਸੈਲਿੰਗ ਰਾਹੀਂ ਲਾਭ ਕਮਾਉਣ ਦਾ ਰਿਕਾਰਡ। ਦੂਜਾ, ਰਿਪੋਰਟ ਦੇ ਖੋਜਕਰਤਿਆਂ ਦਾ ਸ਼ੱਕੀ ਪਛੋਕੜ। ਤੀਜਾ, ਰਿਪੋਰਟ ਦਾ ਸਮੇਂ ਨਾਲ ਮੇਲ, ਜੋ ਵੇਦਾਂਤਾ ਦੇ ਡੀ-ਮਰਜਰ ਨਾਲ ਜੁੜਿਆ ਹੋਇਆ ਹੈ।

ਡਾ. ਚੰਦ੍ਰਚੂੜ ਨੇ ਕਿਹਾ ਕਿ ਵਾਇਸਰੌਏ ਵਲੋਂ ਇੱਕ ਠੋਸ ਪੈਟਰਨ ਅਪਣਾਇਆ ਜਾਂਦਾ ਹੈ - ਪਹਿਲਾਂ ਮਿਥੇ ਹੋਏ ਕੰਪਨੀ ਦੇ ਸਟਾਕ ਜਾਂ ਬੌਂਡ ਵਿੱਚ ਸ਼ਾਰਟ ਪੋਜ਼ੀਸ਼ਨ ਲੈਣਾ, ਫਿਰ ਪ੍ਰਾਪਤ ਜਾਣਕਾਰੀ ਨੂੰ ਤੋੜ-ਮਰੋੜ ਕੇ ਕਿਸੇ ਖੋਜੀ ਰਿਪੋਰਟ ਨੂੰ ਬਿਨਾਂ ਕੰਪਨੀ ਤੋਂ ਤਸਦੀਕ ਕੀਤੇ ਛਾਪ ਦੇਣਾ। ਇਸ ਤੋਂ ਬਾਅਦ, ਰਿਪੋਰਟ ਕਰਕੇ ਮਚੀ ਅਫ਼ਰਾ-ਤਫ਼ਰੀ ਨਾਲ ਸਟਾਕ ਦੀ ਕੀਮਤ ਡਿੱਗਣ ਉੱਤੇ ਲਾਭ ਲੈਣਾ। ਉਨ੍ਹਾਂ ਕਿਹਾ ਕਿ ਵਾਇਸਰੌਏ ਨੇ ਜਾਣ-ਬੁੱਝ ਕੇ ਇੰਝ ਕੀਤਾ, ਜਿਸਦਾ ਮਕਸਦ ਸਟਾਕ ਦੀ ਕੀਮਤ ਘਟਾਉਣਾ ਅਤੇ ਕੰਪਨੀ ਦੀ ਸਾਖ ਨੂੰ ਨੁਕਸਾਨ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਇਹੋ ਜਿਹਾ ਕੋਈ ਵੀ ਸਬੂਤ ਮੌਜੂਦ ਨਹੀਂ ਕਿ ਇਹ ਰਿਪੋਰਟ ਲੋਕ-ਹਿੱਤ ਵਿੱਚ ਸੀ, ਉਲਟਾ ਇਹ ਸਾਫ਼ ਤੌਰ ਤੇ ਬਾਜ਼ਾਰ ਵਿੱਚ ਹੇਰਫੇਰੀ ਕਰਨ ਵਾਸਤੇ ਬਣਾਈ ਗਈ। ਡਾ. ਚੰਦ੍ਰਚੂੜ ਨੇ ਕਿਹਾ ਕਿ ਵੇਦਾਂਤਾ ਨੂੰ ਰਿਪੋਰਟ ਬਣਾਉਣ ਵਾਲੇ ਰਿਸਰਚਰਾਂ ਅਤੇ ਵਾਇਸਰੌਏ, ਦੋਹਾਂ ਖਿਲਾਫ਼ ਕਾਨੂੰਨੀ ਕਾਰਵਾਈ ਕਰਨ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਭਾਰਤੀ ਕੰਪਨੀਆਂ, ਖ਼ਾਸ ਕਰਕੇ ਸੂਚੀਬੱਧ ਤਰੀਕੇ ਨਾਲ ਸ਼ੇਅਰ ਬਾਜ਼ਾਰ ਵਿੱਚ ਦਰਜ ਸੰਸਥਾਵਾਂ ਸਖਤ ਨਿਯਮਾਂ ਹੇਠ ਕੰਮ ਕਰਦੀਆਂ ਹਨ, ਜੋ ਕਿ ਨੈਤਿਕ ਅਤੇ ਜ਼ਿੰਮੇਵਾਰ ਵਪਾਰਕ ਵਿਹਾਰ ਨੂੰ ਹੱਲ੍ਹਾਸ਼ੇਰੀ ਦਿੰਦੇ ਹਨ। ਇੰਝ ਵੀ, ਵਾਇਸਰੌਏ ਵਰਗੀਆਂ ਭ੍ਰਮਕਾਰੀ ਰਿਪੋਰਟਾਂ ਭਾਰਤ ਦੇ ਕਾਰਪੋਰੇਟ ਪ੍ਰਸ਼ਾਸਨ ਪ੍ਰਣਾਲੀ ਤੇ ਸਵਾਲ ਚੁੱਕਦੀਆਂ ਹਨ।

ਸੰਖੇਪ ਵਿੱਚ, ਉਨ੍ਹਾਂ ਕਿਹਾ ਕਿ ਵੇਦਾਂਤਾ ਇਕ ਮਜ਼ਬੂਤ ਨਿਯਮਾਂ ਹੇਠ ਕੰਮ ਕਰਨ ਵਾਲੀ ਕੰਪਨੀ ਹੈ ਅਤੇ ਅਜੇ ਤੱਕ ਕਿਸੇ ਵੀ ਰੇਗੂਲੇਟਰ ਜਾਂ ਕਰੈਡਿਟ ਰੇਟਿੰਗ ਏਜੰਸੀ ਵਲੋਂ ਕੋਈ ਨਾਂ-ਪੱਖੀ ਨਤੀਜਾ ਨਹੀਂ ਆਇਆ। ਉਨ੍ਹਾਂ ਕਿਹਾ ਕਿ ਵੇਦਾਂਤਾ ਵਲੋਂ ਆਪਣੇ ਸਾਰੇ ਵੇਰਵੇਂ ਕਾਨੂੰਨੀ ਮਾਪਦੰਡਾਂ ਅਨੁਸਾਰ ਦਿੱਤੇ ਗਏ ਹਨ। ਵਾਇਸਰੌਏ ਰਿਪੋਰਟ ਦੇ ਬਾਵਜੂਦ, ਜੇਪੀ ਮੋਰਗਨ, ਬੈਂਕ ਆਫ ਅਮਰੀਕਾ, ਅਤੇ ਬਾਰਕਲੇਜ਼ ਵਰਗੀਆਂ ਵਿਸ਼ਵ ਭਰ ਦੀਆਂ ਬ੍ਰੋਕਰੇਜ ਸੰਸਥਾਵਾਂ ਨੇ ਵੇਦਾਂਤਾ ਦੀ ਹਾਂ-ਪੱਖੀ ਰੇਟਿੰਗ ਬਣਾਈ ਹੋਈ ਹੈ। ਕਰੈਡਿਟ ਰੇਟਿੰਗ ਏਜੰਸੀਆਂ ਜਿਵੇਂ ਕਿ ਕਰਿਸਿਲ ਅਤੇ ਇਕਰਾ ਨੇ ਵੀ ਵੇਦਾਂਤਾ ਦੀ ਕਰੈਡਿਟ ਰੇਟਿੰਗ ਦੀ ਮੁੜ-ਪੁਸ਼ਟੀ ਕੀਤੀ ਹੈ। ਕਰਿਸਿਲ ਨੇ ਵੇਦਾਂਤਾ ਨੂੰ ਏ ਏ ਅਤੇ ਹਿੰਦੁਸਤਾਨ ਜ਼ਿੰਕ ਨੂੰ ਏ ਏ ਏ ਰੇਟਿੰਗ ਦਿੱਤੀ ਹੈ, ਜਦਕਿ ਇਕਰਾ ਨੇ ਵੇਦਾਂਤਾ ਦੀ ਰੇਟਿੰਗ ਏ ਏ ਉੱਤੇ ਕਾਇਮ ਰੱਖੀ ਹੈ।

# ਲਾਇਨਜ਼ ਕਲੱਬਜ ਡਿਸਟ੍ਰਿਕਟ-321 ਐਫ ਵਲੋਂ ਲਾਇਨਜ਼ ਸਿਟੀ ਖਰੜ ਦੇ ਚਾਰ ਮੈਂਬਰ ਡਿਸਟ੍ਰਿਕਟ ਕੈਬਨਿਟ ਵਿਚ ਸ਼ਾਮਲ



**ਖਰੜ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਇਨਜ਼ ਕਲੱਬਜ਼ ਡਿਸਟ੍ਰਿਕਟ-321 ਐਫ ਦੀ ਸਾਲ 2025-26 ਲਈ ਡਿਸਟ੍ਰਿਕਟ ਗਵਰਨਰ ਅਮ੍ਰਿਤਪਾਲ ਸਿੰਘ ਜੰਡੂ ਦੀ ਅਗਵਾਈ ਵਿਚ ਡਿਸਟ੍ਰਿਕਟ ਵਿਚ ਸ਼ਾਮਲ ਸਮੂਹ ਲਾਇਨਜ਼ ਕਲੱਬਾਂ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਨੂੰ ਲੈ ਕੇ ਹੋਰ ਵਧੇਰੇ ਕਰਨ ਲਈ ਡਿਸਟ੍ਰਿਕਟ ਦੇ ਲਾਇਨਜ਼ ਕਲੱਬਾਂ ਦੇ ਮੈਂਬਰਾਂ ਨੂੰ ਡਿਸਟ੍ਰਿਕਟ ਕੈਬਨਿਟ ਵਿਚ ਸ਼ਾਮਲ ਕੀਤਾ ਗਿਆ ਹੈ ਤਾਂ ਕਿ ਡਿਸਟ੍ਰਿਕਟ ਦੇ ਕਲੱਬਾਂ ਵਲੋਂ ਵੱਖ ਵੱਖ ਸਮਾਜ ਸੇਵੀ ਕੰਮਾਂ ਨੂੰ ਕਰਕੇ ਡਿਸਟ੍ਰਿਕਟ ਨੂੰ ਇੰਟਰਨੈਸ਼ਨਲ ਪੱਧਰ ਤੇ ਵੱਡੇ ਐਵਾਰਡ ਦਿਵਾਏ ਜਾ ਸਕਣ ਅਤੇ ਡਿਸਟ੍ਰਿਕਟ ਪੱਧਰ ਤੇ ਕਲੱਬ ਵੀ ਐਵਾਰਡ ਪ੍ਰਾਪਤ ਕਰ ਸਕਣ। ਇਸ ਲੜੀ ਤਹਿਤ ਲਾਇਨਜ਼ ਕਲੱਬਜ਼ ਇੰਟਰਨੈਸ਼ਨਲ ਡਿਸਟ੍ਰਿਕਟ 321-ਐਫ ਤਹਿਤ ਕੰਮ ਕਰਨ ਵਾਲੇ ਲਾਇਨਜ਼ ਕਲੱਬ ਖਰੜ ਸਿਟੀ ਦੇ ਚਾਰ ਸੀਨੀਅਰ ਲਾਇਨਜ਼ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਕਲੱਬ ਦੇ ਸੀਨੀਅਰ ਮੈਂਬਰ ਲਾਇਨ ਸੰਜੀਵ ਕੁਮਾਰ ਗਰਗ ਨੂੰ ਜੋਨ ਚੇਅਰਮੈਨ, ਹਰਬੰਸ ਸਿੰਘ ਨੂੰ ਕਮੇਟੀ ਚੇਅਰਮੈਨ ਹੈਲਥ ਅਵੈਰਨੈਸ,ਪਰਮਪ੍ਰੀਤ ਸਿੰਘ ਨੂੰ ਡੀ.ਡੀ.ਸੀ.ਐਸ.ਰਲੀਵਿੰਗ ਹੰਗਰ ਪ੍ਰੋਜੈਕਟ, ਗੁਰਮੁੱਖ ਸਿੰਘ ਮਾਨ ਨੂੰ ਕਮੇਟੀ ਚੇਅਰਮੈਨ ਪ੍ਰੈਸ ਅਤੇ ਮਾਸ ਮੀਡੀਆ ਵਜੋਂ ਸ਼ਾਮਲ ਕੀਤਾ ਗਿਆ ਹੈ। ਇਸੇ ਦੌਰਾਨ ਕਲੱਬ ਦੇ ਸਮੂਹ ਮੈਂਬਰ ਵਲੋਂ ਡਿਸਟ੍ਰਿਕਟ ਗਵਰਵਨਰ ਅਤੇ ਡਿਸਟ੍ਰਿਕਟ ਕੈਬਨਿਟ ਸਕੱਤਰ ਡਾ.ਜੇ.ਪੀ.ਸਿੰਘ ਸਹਿਦੇਵ ਸਮੇਤ ਹੋਰ ਅਹੁੱਦੇਦਾਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਵਲੋਂ ਕਲੱਬ ਦੇ ਸੀਨੀਅਰ ਮੈਂਬਰਾਂ ਨੂੰ ਡਿਸਟ੍ਰਿਕਟ ਕੈਬਨਿਟ ਵਿਚ ਸ਼ਾਮਲ ਕੀਤਾ ਗਿਆ ਹੈ।

# ਮੁੱਖ ਮੰਤਰੀ ਨੇ ਲੈਂਡ ਪੂਲਿੰਗ ਸਕੀਮ ਬਾਰੇ ਲੋਕਾਂ ਨੂੰ ਗੁਮਰਾਹ ਕਰ ਰਹੀ ਵਿਰੋਧੀ ਧਿਰ ਨੂੰ ਲਾਏ ਰਗੜੇ

➢ ਸਕੀਮ ਨੂੰ ਅਗਾਂਹਵਧੂ ਤੇ ਕਿਸਾਨ ਪੱਖੀ ਦੱਸਿਆ ➢ ਸੂਬੇ ਵਿੱਚੋਂ ਨਸ਼ਿਆਂ ਦਾ ਦਾਗ ਧੋਣ ਲਈ ‘ਯੁੱਧ ਨਸ਼ਿਆਂ ਵਿਰੁੱਧ’ ਦੇ ਪ੍ਰੇਰਕ ਵਜੋਂ ਕੰਮ ਕਰਨ ਦੀ ਉਮੀਦ ਪ੍ਰਗਟਾਈ ➢ ਧੂਰੀ ਵਿਧਾਨ ਸਭਾ ਹਲਕੇ ਦੇ 70 ਪਿੰਡਾਂ ਨੂੰ 31.30 ਕਰੋੜ ਰੁਪਏ ਦੀ ਗਰਾਂਟਾਂ ਵੰਡੀਆਂ

**ਧੂਰੀ (ਸੰਗਰੂਰ), 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵੀਂ ਤੇ ਅਗਾਂਹਵਧੂ ਲੈਂਡ ਪੂਲਿੰਗ ਸਕੀਮ ਨੂੰ ਕਿਸਾਨ ਪੱਖੀ ਤੇ ਵਿਕਾਸ ਮੁਖੀ ਐਲਾਨਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਅਹਿਮ ਸਕੀਮ ਬਾਰੇ ਵਿਰੋਧੀ ਧਿਰ ਦੇ ਗੁਮਰਾਹਕੁਨ ਪ੍ਰਚਾਰ ਤੋਂ ਸੁਚੇਤ ਰਹਿਣ। ਧੂਰੀ ਵਿਧਾਨ ਸਭਾ ਹਲਕੇ ਦੇ 70 ਪਿੰਡਾਂ ਨੂੰ ਵਿਕਾਸ ਕਾਰਜਾਂ ਲਈ 31.30 ਕਰੋੜ ਰੁਪਏ ਦੀਆਂ ਗਰਾਂਟਾਂ ਵੰਡਣ ਮਗਰੋਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਵਿਰੋਧੀ ਧਿਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਹ ਸਿਰਫ਼ ਆਪਣੇ ਸਿਆਸੀ ਹਿੱਤਾਂ ਲਈ ਇਸ ਸਕੀਮ ਬਾਰੇ ਤੱਥਾਂ ਨੂੰ ਤੋੜ-ਮਰੋੜ ਕੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਸੂਬੇ ਵਿੱਚ ਇਸ ਨਵੀਂ ਤੇ ਅਗਾਂਹਵਧੂ ਲੈਂਡ ਪੂਲਿੰਗ ਸਕੀਮ ਤਹਿਤ ਜ਼ਮੀਨ ਜਬਰੀ ਐਕੁਆਇਰ ਨਹੀਂ ਹੋਵੇਗੀ ਅਤੇ ਇਸ ਦਾ ਸੂਬੇ ਦੇ ਕਿਸਾਨਾਂ ਨੂੰ ਵੱਡਾ ਲਾਭ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਈ ਮਸਲਿਆਂ ਉੱਤੇ ਪੰਜਾਬੀਆਂ ਦੀ ਪਿੱਠ ਵਿੱਚ ਛੁਰਾ ਮਾਰਨ ਵਾਲੇ ਅਜਿਹੇ ਆਗੂਆਂ ਦੇ ਸ਼ੱਕੀ ਕਿਰਦਾਰ ਬਾਰੇ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣੂੰ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਲੈਂਡ ਪੂਲਿੰਗ ਸਕੀਮ ਦਾ ਮੰਤਵ ਕਿਸਾਨਾਂ ਲਈ ਆਮਦਨ ਦੇ ਸਥਾਈ ਸਰੋਤ ਪੈਦਾ ਕਰ ਕੇ ਉਨ੍ਹਾਂ ਨੂੰ ਸੂਬੇ ਦੀ ਤਰੱਕੀ ਤੇ ਖ਼ੁਸ਼ਹਾਲੀ ਵਿੱਚ ਸਰਗਰਮ ਭਾਈਵਾਲ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਜ਼ਮੀਨ ਜਬਰੀ ਐਕੁਆਇਰ ਨਹੀਂ ਕੀਤੀ ਜਾਵੇਗੀ ਅਤੇ ਜਿਹੜੇ ਕਿਸਾਨ ਸਹਿਮਤ ਹੋਣਗੇ, ਉਨ੍ਹਾਂ ਦੀ ਜ਼ਮੀਨ ਹੀ ਇਸ ਨੀਤੀ ਤਹਿਤ ਲਈ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨੀਤੀ ਤਹਿਤ ਕਿਸਾਨਾਂ ਨੂੰ ਰਿਹਾਇਸ਼ੀ ਤੇ ਕਮਰਸ਼ੀਅਲ ਪਲਾਟ ਮਿਲਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਲੈਂਡ ਪੂਲਿੰਗ ਸਕੀਮ ਤਹਿਤ ਬਣਨ ਵਾਲੀਆਂ ਯੋਜਨਾਬੱਧ ਕਲੋਨੀਆਂ ਵਿੱਚ ਕਮਰਸ਼ੀਅਲ ਜਾਇਦਾਦ ਕਿਸਾਨਾਂ ਲਈ ਆਮਦਨ ਦਾ ਸਥਾਈ ਸਰੋਤ ਬਣੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਨਵੀਂ ਲੈਂਡ ਪੂਲਿੰਗ ਸਕੀਮ ਦਾ ਮੰਤਵ ਸੂਬੇ ਦੀ ਸਮੁੱਚੀ ਤਰੱਕੀ ਨੂੰ ਰਫ਼ਤਾਰ ਦੇਣਾ ਹੈ। ਉਨ੍ਹਾਂ ਕਿਹਾ ਕਿ ਇਹ ਸਕੀਮ ਸੂਬੇ ਦੇ ਸਮੁੱਚੇ ਵਿਕਾਸ ਨੂੰ ਹੁਲਾਰਾ ਦੇ ਕੇ ਹਰੇਕ ਆਮ ਆਦਮੀ ਨੂੰ ਲਾਭ ਪਹੁੰਚਾਏਗੀ। ਭਗਵੰਤ ਸਿੰਘ ਮਾਨ ਨੇ ਭਰੋਸਾ ਦਿੱਤਾ ਕਿ ਜ਼ਮੀਨ ਜਬਰੀ ਐਕੁਆਇਰ ਨਹੀਂ ਹੋਵੇਗੀ ਅਤੇ ਐਕੁਆਇਰ ਕੀਤੀ ਜ਼ਮੀਨ ਉੱਤੇ ਸਮੁੱਚਾ ਵਿਕਾਸ ਪਾਰਦਰਸ਼ੀ ਤੇ ਕਾਨੂੰਨ ਮੁਤਾਬਕ ਹੋਵੇਗਾ।

‘ਯੁੱਧ ਨਸ਼ਿਆਂ ਵਿਰੁੱਧ’ ਸਕੀਮ ਨੂੰ ਸੂਬੇ ਦੇ ਮੱਥੇ ਉੱਤੇ ਲੱਗਿਆ ਦਾਗ ਧੋਣ ਲਈ ਪ੍ਰੇਰਕ ਵਜੋਂ ਕੰਮ ਕਰਨ ਦੀ ਉਮੀਦ ਪ੍ਰਗਟਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਸਕੀਮ ਤਹਿਤ ਸੂਬਾ ਸਰਕਾਰ ਨੇ ਪਹਿਲਾਂ ਹੀ ਨਸ਼ਾ ਸਪਲਾਈ ਦਾ ਲੱਕ ਤੋੜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਘਿਨਾਉਣੇ ਕਾਰੋਬਾਰ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਡੱਕਿਆ ਗਿਆ ਹੈ ਅਤੇ ਲੋਕ ਨਾਭਾ ਜੇਲ੍ਹ ਜਾ ਕੇ ਇਨ੍ਹਾਂ ਦਾ ਹਸ਼ਰ ਦੇਖ ਸਕਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਇਹ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਸੂਬੇ ਵਿੱਚੋਂ ਇਸ ਖ਼ਤਰੇ ਦਾ ਮੁਕੰਮਲ ਸਫ਼ਾਇਆ ਨਹੀਂ ਹੋ ਜਾਂਦਾ।



ਮੁੱਖ ਮੰਤਰੀ ਨੇ ਕਿਹਾ ਕਿ ਹਲਕੇ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਪੰਚਾਇਤਾਂ ਨੂੰ ਮਿਲੇ ਪੈਸੇ ਦੀ ਵਰਤੋਂ ਸੋਚ-ਸਮਝ ਕੇ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਦੀ ਭਲਾਈ ਅਤੇ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਪੈਸਾ ਜਾਰੀ ਕਰਨ ਦੀ ਕਦੇ ਪਰਵਾਹ ਨਹੀਂ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿੰਡਾਂ ਦੇ ਵਿਕਾਸ ਨੂੰ ਰਫ਼ਤਾਰ ਦੇਣ ਲਈ ਸੂਬਾ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਫੰਡ ਸਿਰਫ਼ ਕਾਗਜ਼ਾਂ ਵਿੱਚ ਦਿੱਤੇ ਜਾਂਦੇ ਸਨ, ਜਿਸ ਕਾਰਨ ਕੰਮ ਵੀ ਸਿਰਫ਼ ਕਾਗਜ਼ਾਂ ਵਿੱਚ ਹੀ ਹੁੰਦੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਧੂਰੀ ਹਲਕੇ ਦੇ ਸਾਰੇ ਪਿੰਡਾਂ ਨੂੰ ਆਦਰਸ਼ ਪਿੰਡਾਂ ਵਜੋਂ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਪੰਚਾਇਤਾਂ ਨੂੰ ਕਿਹਾ ਕਿ ਉਹ ਪਿੰਡਾਂ ਦੇ ਵਿਕਾਸ ਕਾਰਜਾਂ ਦੀ ਗੁਣਵੱਤਾ ਯਕੀਨੀ ਬਣਾਉਣ ਲਈ ਸਾਰੇ ਕੰਮਾਂ ਦੀ ਬਾਕਾਇਦਾ ਨਿਗਰਾਨੀ ਕਰਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸੂਬਾ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਲੋਕਾਂ ਦੀ ਭਲਾਈ ਯਕੀਨੀ ਬਣਾਏ ਅਤੇ ਪਿੰਡਾਂ ਦੇ ਵਿਕਾਸ ਨੂੰ ਹੁਲਾਰਾ ਦੇਵੇ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਬਚਾਉਣ ਅਤੇ ਟੇਲਾਂ ਉੱਤੇ ਪੈਂਦੇ ਪਿੰਡਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ‘ਆਪ’ ਸਰਕਾਰ ਨੇ ਆਪਣਾ ਕਾਰਜਕਾਲ ਸੰਭਾਲਣ ਤੋਂ ਲੈ ਕੇ ਹੁਣ ਤੱਕ ਸੂਬੇ ਵਿੱਚ 15947 ਖ਼ਾਲਾਂ ਤੇ ਕੱਸੀਆਂ ਨੂੰ ਸੁਰਜੀਤ ਕੀਤਾ ਹੈ, ਜਿਸ ਨਾਲ ਦੂਰ-ਦੁਰਾਡੇ ਟੇਲਾਂ ਉੱਤੇ ਪੈਂਦੇ ਪਿੰਡਾਂ ਤੱਕ ਨਹਿਰੀ ਪਾਣੀ ਪੁੱਜਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ 90 ਫੀਸਦੀ ਘਰਾਂ ਦੇ ਬਿਜਲੀ ਦੇ ਬਿੱਲ ਜ਼ੀਰੋ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ 881 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਹੁਣ ਤੱਕ ਤਿੰਨ ਕਰੋੜ ਤੋਂ ਵੱਧ ਮਰੀਜ਼ ਆਪਣਾ ਇਲਾਜ ਕਰਵਾ ਚੁੱਕੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸੇ ਤਰ੍ਹਾਂ ਸੂਬਾ ਸਰਕਾਰ ਨੇ ਪੂਰੀ ਤਰ੍ਹਾਂ ਮੈਰਿਟ ਦੇ ਆਧਾਰ ਉੱਤੇ 55 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਹੁਣ ਤੱਕ 18 ਟੋਲ ਪਲਾਜ਼ਾ ਬੰਦ ਕੀਤੇ ਜਾ ਚੁੱਕੇ ਹਨ, ਜਿਸ ਨਾਲ ਰੋਜ਼ਾਨਾ ਆਮ ਲੋਕਾਂ ਦਾ ਤਕਰੀਬਨ 64 ਲੱਖ ਰੁਪਿਆ ਬਚ ਰਿਹਾ ਹੈ। ਉਨ੍ਹਾਂ ਕਿਹਾ ਕਿ ਹਾਈਵੇਜ਼ ਉੱਤੇ ਸੁਰੱਖਿਆ ਵਧਾਉਣ ਲਈ ਪੰਜਾਬ ਨੇ ਦੇਸ਼ ਵਿੱਚ ਆਪਣੀ ਤਰ੍ਹਾਂ ਦੀ ਪਹਿਲੀ ‘ਸੜਕ ਸੁਰੱਖਿਆ ਫੋਰਸ’ ਸ਼ੁਰੂ ਕੀਤੀ ਅਤੇ ਇਹ ਮਾਣ ਵਾਲੀ ਗੱਲ ਹੈ ਕਿ ਇਸ ਦੀ ਸ਼ੁਰੂਆਤ ਤੋਂ ਬਾਅਦ ਸੜਕ ਹਾਦਸਿਆਂ ਵਿੱਚ ਮੌਤਾਂ ਦੀ ਦਰ ਵਿੱਚ 48 ਫੀਸਦੀ ਤੋਂ ਵੱਧ ਦੀ ਕਮੀ ਆਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਫੋਰਸ ਲਈ ਵਿਸ਼ੇਸ਼ ਤੌਰ ਉੱਤੇ ਸਿੱਖਿਅਤ ਜਵਾਨਾਂ ਨੂੰ ਭਰਤੀ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਔਰਤਾਂ ਵੀ ਸ਼ਾਮਲ ਹਨ। ਫੋਰਸ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ 144 ਵਾਹਨ ਮੁਹੱਈਆ ਕੀਤੇ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਫੋਰਸ ਪ੍ਰਭਾਵਸ਼ਾਲੀ ਤਰੀਕੇ ਨਾਲ ਕੰਮ ਕਰ ਰਹੀ ਹੈ ਅਤੇ ਕਈ ਸੂਬਿਆਂ ਤੇ ਇੱਥੋਂ ਤੱਕ ਕੇ ਕੇਂਦਰ ਸਰਕਾਰ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਹੈ। ਇਕ ਹੋਰ ਵੱਡੀ ਲੋਕ ਭਲਾਈ ਪਹਿਲਕਦਮੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇਸ਼ ਵਿੱਚ ਆਪਣੀ ਤਰ੍ਹਾਂ ਦੀ ਪਹਿਲੀ ‘ਮੁੱਖ ਮੰਤਰੀ ਸਿਹਤ ਯੋਜਨਾ’ ਦੀ ਸ਼ੁਰੂਆਤ 2 ਅਕਤੂਬਰ ਤੋਂ ਕਰੇਗੀ, ਜਿਸ ਤਹਿਤ ਪੰਜਾਬ ਦੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਇਲਾਜ ਮੁਹੱਈਆ ਹੋਵੇਗਾ। ਭਗਵੰਤ ਸਿੰਘ ਮਾਨ ਨੇ ਮਾਣ ਨਾਲ ਕਿਹਾ ਕਿ ਪੰਜਾਬ ਭਾਰਤ ਦਾ ਪਹਿਲਾ ਅਜਿਹਾ ਸੂਬਾ ਹੈ, ਜੋ ਇੰਨੇ ਵੱਡੇ ਪੱਧਰ ਉੱਤੇ ਸਿਹਤ ਸੰਭਾਲ ਬੀਮਾ ਸ਼ੁਰੂ ਕਰੇਗਾ, ਜਿਸ ਨਾਲ ਲੋਕਾਂ ਦਾ ਵਿੱਤੀ ਬੋਝ ਘਟਣ ਦੇ ਨਾਲ-ਨਾਲ ਉਨ੍ਹਾਂ ਦੀ ਮਿਆਰੀ ਸਿਹਤ ਸੇਵਾਵਾਂ ਤੱਕ ਪਹੁੰਚ ਯਕੀਨੀ ਬਣੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਇਤਿਹਾਸਕ ਕਦਮ ਦਾ ਉਦੇਸ਼ ਸੂਬੇ ਦੇ ਸਾਰੇ ਪਰਿਵਾਰਾਂ ਨੂੰ ਇਕੋ ਤਰ੍ਹਾਂ ਦੀ ਸਿਹਤ ਸੰਭਾਲ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਆਗਾਮੀ ਦਿਨਾਂ ਵਿੱਚ ਵੀ ਅਜਿਹੇ ਹੋਰ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ‘ਪਸ਼ੂਆਂ ਉੱਤੇ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਬਿੱਲ, 2025’ ਪਾਸ ਕੀਤਾ ਹੈ ਤਾਂ ਕਿ ਸੂਬੇ ਵਿੱਚ ਹਰੇਕ ਥਾਂ ਹੋਣ ਵਾਲੀਆਂ ਪੇਂਡੂ ਖੇਡਾਂ ਖ਼ਾਸ ਕਰ ਕੇ ਬੈਲ ਗੱਡੀਆਂ ਦੀਆਂ ਦੌੜਾਂ ਤੇ ਹੋਰ ਖੇਡਾਂ ਨੂੰ ਹੁਲਾਰਾ ਮਿਲੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਸ਼ੂ ਸੂਬੇ ਦੇ ਖੇਤੀਬਾੜੀ ਅਰਥਚਾਰੇ ਦਾ ਅਨਿੱਖੜਵਾਂ ਅੰਗ ਹਨ ਅਤੇ ਪੰਜਾਬੀ ਕਿਸਾਨ ਸਦੀਆਂ ਤੋਂ ਪਸ਼ੂਆਂ ਨੂੰ ਆਪਣੇ ਬੱਚਿਆਂ ਵਾਂਗ ਪਾਲਦੇ ਆਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਹਮੇਸ਼ਾ ਤੋਂ ਬੈਲ ਗੱਡੀਆਂ ਦੀਆਂ ਦੌੜਾਂ ਨਾਲ ਮੋਹ ਕਰਦੇ ਰਹੇ ਹਨ ਅਤੇ ਕਿਲ੍ਹਾ ਰਾਏਪੁਰ ਵਿਚਲੀ ਬੈਲ ਗੱਡੀਆਂ ਦੀ ਦੌੜ ਵਿਸ਼ਵ ਪ੍ਰਸਿੱਧ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ ਆਉਣ ਵਾਲੇ ਸਮੇਂ ਵਿੱਚ ਪਸ਼ੂਆਂ ਨੂੰ ਨੁਕਸਾਨ ਪਹੁੰਚਾਏ ਬਗ਼ੈਰ ਸੂਬੇ ਭਰ ਵਿੱਚ ਅਜਿਹੀਆਂ ਖੇਡਾਂ ਨੂੰ ਹੋਰ ਮਕਬੂਲ ਕਰਨ ਵਿੱਚ ਸਹਾਇਕ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਸ਼ੂਆਂ ਦੀ ਸੁਰੱਖਿਆ ਉੱਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ ਅਤੇ ਪਸ਼ੂਆਂ ਉੱਤੇ ਕਿਸੇ ਵੀ ਤਰ੍ਹਾਂ ਦੇ ਅੱਤਿਆਚਾਰ ਦੀ ਇਜਾਜ਼ਤ ਨਹੀਂ ਹੋਵੇਗੀ।

# ਜ਼ਿਲ੍ਹੇ ਵਿੱਚ ਟੀਬੀ ਦੇ ਖਾਤਮੇ ਦੀ ਚੱਲ ਰਿਹਾ ਹੈ ਜ਼ੋਰਦਾਰ ਅਭਿਆਨ: ਡਾਕਟਰ ਵਿਜੇ ਗੋਤਵਾਲ



**ਤਰਨ ਤਾਰਨ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲੇ ਨੂੰ ਟੀਬੀ ਮੁਕਤ ਕਰਨ ਲਈ ਸਿਵਿਲ ਸਰਜਨ ਡਾਕਟਰ ਕਿਰਨਦੀਪ ਕੌਰ ਦੀ ਯੋਗ ਅਗਵਾਈ ਹੇਠ ਅੰਮ੍ਰਿਤਸਰ ਜਿਲ੍ਹੇ ਵਿੱਚੋਂ ਟੀਬੀ ਦੀ ਰੋਕਥਾਮ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਆਮ ਨਾਗਰਿਕਾਂ ਨੂੰ ਟੀਬੀ ਦੇ ਲੱਛਣਾਂ ਅਤੇ ਇਲਾਜ ਬਾਰੇ ਸਹੀ ਢੰਗ ਨਾਲ ਪਤਾ ਲੱਗ ਸਕੇ। ਇਹਨਾਂ ਗੱਲਾਂ ਦਾ ਪ੍ਰਗਟਾਵਾ ਜ਼ਿਲ੍ਹਾ ਟੀਬੀ ਅਧਿਕਾਰੀ ਡਾਕਟਰ ਵਿਜੇ ਗੋਤਵਾਲ ਨੇ ਸਿਦਕ ਸਰਜਨ ਦਫਤਰ ਵਿਖੇ ਟੀਬੀ ਦੀ ਰੋਕਥਾਮ ਲਈ ਐਨਟੀਈਪੀ ਸਟਾਫ ਲਈ ਟਾਟਾ ਇੰਸਟੀਟਿਊਟ ਆਫ ਸੋਸ਼ਲ ਸਾਇੰਸ ਵੱਲੋਂ ਰੱਖੀ ਗਈ ਸਕਸ਼ਮ ਪ੍ਰਵਾਹ ਟਰੇਨਿੰਗ ਦੌਰਾਨ ਕੀਤਾ।

ਜ਼ਿਲ੍ਹਾ ਟੀਬੀ ਅਧਿਕਾਰੀ ਡਾਕਟਰ ਵਿਜੇ ਗੋਤਵਾਲ ਨੇ ਕਿਹਾ ਕਿ ਜੇਕਰ ਟੀਬੀ ਦੀ ਜਾਂਚ ਸਮੇਂ ਸਿਰ ਹੋ ਜਾਵੇ ਤਾਂ ਪੀੜਿਤ ਵਿਅਕਤੀ ਦਾ ਇਲਾਜ ਸਹੀ ਢੰਗ ਨਾਲ ਸੰਭਵ ਹੈ ਅਤੇ ਕਿਸੇ ਵਿਅਕਤੀ ਨੂੰ ਟੀਬੀ ਦੇ ਲੱਛਣ ਮਹਿਸੂਸ ਹੁੰਦੇ ਹਨ ਤਾਂ ਉਪਰੰਤ ਆਪਣੀ ਸਿਹਤ ਜਾਂਚ ਨਜ਼ਦੀਕੀ ਸਿਹਤ ਕੇਂਦਰ ਤੋਂ ਕਰਵਾਏ। ਜ਼ਿਲ੍ਹਾ ਟੀਬੀ ਅਧਿਕਾਰੀ ਡਾਕਟਰ ਵਿਜੇ ਗੋਤਵਾਲ ਨੇ ਨੇ ਦੱਸਿਆ ਕਿ ਟੀਬੀ ਰੋਕੂ ਪ੍ਰੋਗਰਾਮ ਦਾ ਮੁੱਖ ਮੰਤਵ ਜ਼ਿਲ੍ਹੇ ਵਿੱਚੋਂ ਟੀਬੀ ਦੀ ਬਿਮਾਰੀ ਦਾ ਖਾਤਮਾ ਕਰਨਾ ਹੈ ਅਤੇ ਟੀਬੀ ਪੀੜਿਤ ਵਿਅਕਤੀਆਂ ਦੀ ਸ਼ਨਾਖਤ ਕਰਕੇ ਉਹਨਾਂ ਦਾ ਮੁਫਤ ਇਲਾਜ ਕਰਵਾਉਣਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਟੀਵੀ ਦੇ ਮਰੀਜ਼ਾਂ ਦੀ ਸਿਹਤ ਦਾ ਧਿਆਨ ਰੱਖਦਿਆਂ ਮੁਫਤ ਪੋਸ਼ਟਿਕ ਖੁਰਾਕ ਮੁਹੱਈਆ ਕਰਵਾਈ ਜਾਂਦੀ ਹੈ ਤਾਂ ਜੋ ਪੀੜਤ ਵਿਅਕਤੀ ਜਲਦ ਤੋਂ ਜਲਦ ਇਸ ਬਿਮਾਰੀ ਤੋਂ ਛੁਟਕਾਰਾ ਪਾ ਸਕੇ। ਇਸ ਮੌਕੇ ਅੰਮ੍ਰਿਤਸਰ ਜ਼ਿਲ੍ਹਾ ਦੇ ਸਮੂਹ ਐਸਟੀਐਸ, ਐਨਟੀਈਪੀ ਸਟਾਫ, ਡਾਕਟਰ ਮੋਨਿਕਾ, ਡਾਕਟਰ ਰੇਖਾ ਗੁਪਤਾ, ਡਾਕਟਰ ਇਮਤਿਆਜ ਅਤੇ ਵਰਲਡ ਹੈਲਥ ਪਾਰਟਨਰ ਦੇ ਜ਼ਿਲ੍ਹਾ ਏਸੀਐਫ ਕੋਆਰਡੀਨੇਟਰ ਅਮਿਤ ਮਰਵਾਹਾ ਮੌਜੂਦ ਸਨ।

# ਮੁੱਖ ਮੰਤਰੀ ਵੱਲੋਂ ਸਿੱਖਿਆ, ਮੈਨੂਫੈਕਚਰਿੰਗ, ਇੰਜਨੀਅਰਿੰਗ ਅਤੇ ਹੋਰ ਪ੍ਰਮੁੱਖ ਖੇਤਰਾਂ ਵਿੱਚ ਬਰਤਾਨੀਆ ਨਾਲ ਮਜ਼ਬੂਤ ਰਿਸ਼ਤਿਆਂ ’ਤੇ ਜ਼ੋਰ

**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੱਪੜਾ ਸਨਅਤ, ਬਾਗਬਾਨੀ, ਸਿੱਖਿਆ, ਖੇਡਾਂ ਦੇ ਸਮਾਨ, ਲਾਈਟ ਇੰਜੀਨੀਅਰਿੰਗ, ਸਾਈਕਲ ਮੈਨੂਫੈਕਚਰਿੰਗ, ਰੱਖਿਆ ਅਤੇ ਹੋਰ ਪ੍ਰਮੁੱਖ ਖੇਤਰਾਂ ਵਿੱਚ ਬਰਤਾਨੀਆ ਨਾਲ ਮਜ਼ਬੂਤ ਰਿਸ਼ਤਿਆਂ ਦੀ ਲੋੜ ’ਤੇ ਜ਼ੋਰ ਦਿੱਤਾ। ਬਰਾਤਨਵੀ ਡਿਪਟੀ ਹਾਈ ਕਮਿਸ਼ਨਰ ਕੈਰੋਲੀਨ ਰੋਵੈਟ ਨੇ ਅੱਜ ਮੁੱਖ ਮੰਤਰੀ ਨਾਲ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ’ਤੇ ਮੁਲਾਕਾਤ ਕੀਤੀ। ਇਸ ਦੌਰਾਨ ਪੰਜਾਬ ਅਤੇ ਬਰਤਾਨੀਆ ਵਿਚਕਾਰ ਪੁਰਾਣੇ ਸਬੰਧਾਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬਰਤਾਨੀਆ ਦੇ ਅਰਥਚਾਰੇ ਵਿੱਚ ਪੰਜਾਬੀ ਭਾਈਚਾਰੇ ਦਾ ਮਹੱਤਵਪੂਰਨ ਯੋਗਦਾਨ ਹੈ। ਮੁੱਖ ਮੰਤਰੀ ਨੇ ਵਿਆਪਕ ਸਮਝੌਤਿਆਂ ਵਿਸ਼ੇਸ਼ ਤੌਰ ’ਤੇ ਉਪਰੋਕਤ ਖੇਤਰਾਂ ਦੇ ਵਿਕਾਸ ਦੀ ਅਹਿਮੀਅਤ ’ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਪੰਜਾਬ ਅਤੇ ਬਰਤਾਨੀਆ ਸਰਕਾਰ ਦਰਮਿਆਨ ਢਾਂਚਾਗਤ ਸੰਚਾਰ ਵਿਧੀ ਦੇ ਵਿਕਾਸ ਦੀ ਵਕਾਲਤ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਅਜਿਹੀ ਵਿਧੀ ਦੋਵਾਂ ਵਿਚਕਾਰ ਗਿਆਨ ਅਤੇ ਮੁਹਾਰਤ ਦੇ ਆਦਾਨ-ਪ੍ਰਦਾਨ ਨੂੰ ਹੋਰ ਸੁਖਾਲਾ ਬਣਾਏਗੀ ਜਿਸ ਨਾਲ ਦੋਵਾਂ ਪਾਸੇ ਵਿਕਾਸ ਤੇ ਖ਼ੁਸ਼ਹਾਲੀ ਹੋਰ ਪ੍ਰਫੁੱਲਤ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਅਤੇ ਬਰਤਾਨੀਆ ਵਿਚਕਾਰ ਖਾਸ ਕਰਕੇ ਆਪਸੀ ਸਹਿਯੋਗ ਵਾਲੇ ਖੇਤਰਾਂ ਵਿੱਚ ਭਾਈਵਾਲੀ ਦੀਆਂ ਅਥਾਹ ਸੰਭਾਵਨਾਵਾਂ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਅਤੇ



ਬਰਤਾਨੀਆ ਵਿਚਕਾਰ ਨਿਰੰਤਰ ਸੰਚਾਰ ਜ਼ਰੂਰੀ ਹੈ ਜੋ ਦੋਵਾਂ ਨੂੰ ਲਾਭਦਾਇਕ ਹੋਵੇਗਾ। ਇਕ ਹੋਰ ਮਹੱਤਵਪੂਰਨ ਮੁੱਦਾ ਉਠਾਉਂਦੇ ਹੋਏ ਭਗਵੰਤ ਸਿੰਘ ਮਾਨ ਨੇ ਧੋਖੇਬਾਜ਼ ਵੀਜ਼ਾ ਏਜੰਟਾਂ ਦੁਆਰਾ ਬਹੁਤ ਸਾਰੇ ਨੌਜਵਾਨਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ ਜੋ ਨੌਜਵਾਨਾਂ ਨੂੰ ਸੁਪਨੇ ਦਿਖਾ ਕੇ ਆਪਣੇ ਜਾਲ ਵਿੱਚ ਫਸਾ ਲੈਂਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਏਜੰਟ ਝੂਠੇ ਵਾਅਦੇ ਕਰਦੇ ਹਨ ਤੇ ਗੈਰ-ਕਾਨੂੰਨੀ ਸਾਧਨਾਂ ਦੀ ਵਰਤੋਂ ਕਰਦੇ ਹਨ, ਜਿਸਦੇ ਨਤੀਜੇ ਵਜੋਂ ਬਹੁਤ ਸਾਰੇ ਪਰਿਵਾਰ ਵਿੱਤੀ ਅਤੇ ਭਾਵਨਾਤਮਕ ਸੰਕਟ ਦਾ ਸ਼ਿਕਾਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਹ ਏਜੰਟ ਅਕਸਰ ਸਬਜ਼ਬਾਗ ਦਿਖਾ ਕੇ ਝੂਠੇ ਭਰੋਸੇ ਦਿੰਦੇ ਹਨ, ਜਿਸ ਨਾਲ ਅਖੀਰ ਵਿੱਚ ਨੌਜਵਾਨਾਂ ’ਤੇ ਮੁਸੀਬਤਾਂ ਦਾ ਪਹਾੜ ਟੁੱਟ ਪੈਂਦਾ ਹੈ। ਭਗਵੰਤ ਸਿੰਘ ਮਾਨ ਨੇ ਬ੍ਰਿਟਿਸ਼ ਹਾਈ ਕਮਿਸ਼ਨ ਦੀ ’ਵੀਜ਼ਾ ਫਰਾਡ ਤੋਂ ਬਚੋ’ ਮੁਹਿੰਮ ਅਤੇ ਇਸ ਦੇ ਵੱਟਸਐਪ ਚੈਟਬੋਟ ਦੀ ਸ਼ੁਰੂਆਤ ਕਰਨ ਲਈ ਸ਼ਲਾਘਾ ਕੀਤੀ, ਜੋ ਯੂ.ਕੇ. ਲਈ ਸੁਰੱਖਿਅਤ ਅਤੇ ਕਾਨੂੰਨੀ ਰੂਟਾਂ ਬਾਰੇ ਭਰੋਸੇਯੋਗ ਜਾਣਕਾਰੀ ਪ੍ਰਦਾਨ ਕਰਦਾ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਇਹ ਪਹਿਲ ਲੋਕਾਂ ਦਾ ਸਹੀ ਮਾਰਗਦਰਸ਼ਨ ਕਰਕੇ ਸਿੱਧੀ ਪਹੁੰਚ ਪ੍ਰਦਾਨ ਕਰਦੀ ਹੈ ਅਤੇ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਕਰਦੀ ਹੈ। ਮੀਟਿੰਗ ਦੌਰਾਨ ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਕੈਰੋਲੀਨ ਰੋਵੈਟ ਨੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਨਸ਼ਿਆਂ ਦੀ ਸਮੱਸਿਆ ’ਤੇ ਸਖ਼ਤੀ ਕਰਨ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸੂਬੇ ਵਿੱਚ ਖੇਡਾਂ ਨੂੰ ਹੁਲਾਰਾ ਦੇਣ ਲਈ ਲੀਹੋਂ ਹਟਵੀਂ ਪਹਿਲਕਦਮੀ ਕਰਨ ਲਈ ਮੁੱਖ ਮੰਤਰੀ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਨੇ ਉਮੀਦ ਪ੍ਰਗਟਾਈ ਕਿ ਭਾਰਤ ਅਤੇ ਯੂ.ਕੇ. ਵਿਚਕਾਰ ਹੋਣ ਜਾ ਰਿਹਾ ਮੁਕਤ ਵਪਾਰ ਸਮਝੌਤਾ ਪੰਜਾਬ ਅਤੇ ਯੂ.ਕੇ., ਦੋਵਾਂ ਲਈ ਲਾਭਦਾਇਕ ਹੋਵੇਗਾ।

# ਵਿਦੇਸ਼ੋਂ ਪਰਤੇ ਨੌਜਵਾਨ ਦੀ ਲਾਸ਼ ਨਹਿਰ ਵਿੱਚੋਂ ਹੋਈ ਬਰਾਮਦ



**ਮਾਛੀਵਾੜਾ ਸਾਹਿਬ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਂ ਬਾਪ ਆਪਣੀ ਔਲਾਦ ਨੂੰ ਲੈ ਕੇ ਵੱਡੇ ਵੱਡੇ ਸੁਪਨੇ ਦਿਲ ਵਿੱਚ ਰੱਖੀ ਬੈਠੇ ਹੁੰਦੇ ਹਨ। ਇੱਕ ਦਿਨ ਉਹਨਾਂ ਦਾ ਪੁੱਤਰ ਜਵਾਨ ਹੋਵੇਗਾ ਪੜ੍ਹੇਗਾ ,ਲਿਖੇਗਾ ਅਤੇ ਜ਼ਿੰਦਗੀ ਵਿੱਚ ਕਾਮਯਾਬ ਹੋ ਕੇ ਸਾਡੇ ਬੁੜ੍ਹਾਪੇ ਦਾ ਸਹਾਰਾ ਬਣੇਗਾ। ਪਰ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਵਿਦੇਸ਼ਾਂ ਵੱਲ ਆਪਣਾ ਭਵਿੱਖ ਬਣਾਉਣ ਲਈ ਜਿਆਦਾ ਜਾ ਰਹੀ ਹੈ। ਜਿਸ ਕਾਰਨ ਆਪਣੇ ਮਾਂ ਬਾਪ ਤੋਂ ਵੀ ਦੂਰ ਹੋ ਜਾਂਦੇ ਹਨ ਅਤੇ ਉਹਨਾਂ ਨੂੰ ਹਾਲੇ ਆਪਣੇ ਬੁਰੇ ਭਲੇ ਬਾਰੇ ਵੀ ਪਤਾ ਨਹੀਂ ਹੁੰਦਾ ,ਜਿਸ ਕਾਰਨ ਕਈ ਵਾਰ ਮਾਨਸਿਕ ਤੌਰ ਤੇ ਬਿਮਾਰ ਵੀ ਹੋ ਜਾਂਦੇ ਹਨ। ਇਹੋ ਜਿਹਾ ਹੀ ਮਾਮਲਾ ਮਾਛੀਵਾੜਾ ਸਾਹਿਬ ਵਿਖੇ ਉਦੋਂ ਦੇਖਣ ਨੂੰ ਮਿਲਿਆ ਜਦੋਂ ਇੱਕ ਮਹੀਨਾ ਪਹਿਲਾਂ ਕਨੇਡਾ ਤੋਂ ਪਰਤੇ ਨੌਜਵਾਨ ਜਗਤਾਜਪ੍ਰੀਤ ਸਿੰਘ ਨੇ ਮਾਨਸਿਕ ਤੌਰ ਤੇ ਪਰੇਸ਼ਾਨ ਚੱਲਦਿਆਂ ਨਹਿਰ ਵਿੱਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ।

ਸੋਸ਼ਲ ਮੀਡੀਆ ਤੇ ਲਾਈਵ ਹੋ ਕੇ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਭਰੇ ਮਨ ਨਾਲ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਗੁਰਦੀਪ ਸਿੰਘ ਜੋ ਕਿ ਅੱਡਾ ਇੰਚਾਰਜ ਹਨ ਉਹਨਾਂ ਨੇ ਆਪਣੇ 20 ਸਾਲਾਂ ਦੇ ਪੁੱਤਰ ਜਗਤਾਜ ਪ੍ਰੀਤ ਸਿੰਘ ਨੂੰ ਬੜੀ ਮਿਹਨਤ ਕਰਕੇ ਕਨੇਡਾ ਭੇਜਿਆ ਸੀ ਕਿ ਆਪਣਾ ਚੰਗਾ ਭਵਿੱਖ ਬਣਾ ਕੇ ਜ਼ਿੰਦਗੀ ਵਿੱਚ ਕਾਮਯਾਬ ਹੋਵੇਗਾ। ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ, ਉਸ ਨੌਜਵਾਨ ਦੀ ਲਾਸ਼ ਅੱਜ ਨਹਿਰ ਵਿੱਚੋਂ ਬਰਾਮਦ ਕਰ ਲਈ ਗਈ ਹੈ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਅੰਤਿਮ ਸੰਸਕਾਰ ਕੀਤਾ ਗਿਆ। ਪ੍ਰਧਾਨ ਕੁੰਦਰਾ ਨੇ ਕਿਹਾ ਕਿ ਮੈਂ ਤਾਂ ਉਸ 20 ਸਾਲ ਦੇ ਨੌਜਵਾਨ ਦੀ ਮੌਤ ਦਾ ਕਾਰਨ ਕਨੇਡਾ ਨੂੰ ਹੀ ਸਮਝਦਾ ਹਾਂ ਕਿਉਂਕਿ ਛੋਟੀ ਉਮਰ ਵਿੱਚ ਹੀ ਬੱਚੇ ਆਪਣੇ ਮਾਂ ਬਾਪ ਨੂੰ ਛੱਡ ਕੇ ਜਦੋਂ ਦੂਰ ਹੋ ਜਾਂਦੇ ਹਨ ਉਹਨਾਂ ਨੂੰ ਇੰਨੀ ਸਮਝ ਨਹੀਂ ਹੁੰਦੀ ਫਿਰ ਉਹ ਹੌਲੀ ਹੌਲੀ ਮਾਨਸਿਕ ਤੌਰ ਤੇ ਪਰੇਸ਼ਾਨ ਹੋ ਜਾਂਦੇ ਹਨ ਅਤੇ ਇਹੋ ਜਿਹੇ ਕਦਮ ਚੁੱਕ ਲੈਂਦੇ ਹਨ। ਇਹ ਨੌਜਵਾਨ ਹਜੇ ਇੱਕ ਮਹੀਨਾ ਪਹਿਲਾਂ ਹੀ ਕਨੇਡਾ ਤੋਂ ਪਰਤਿਆ ਸੀ ਪਤਾ ਨਹੀਂ ਉਸਦੇ ਮਨ ਵਿੱਚ ਇਹੋ ਜਿਹੀ ਕਿਹੜੀ ਗੱਲ ਚੱਲ ਰਹੀ ਸੀ ਕਿ ਉਸ ਨੂੰ ਉਹ ਮੌਤ ਦੇ ਮੂੰਹ ਤੱਕ ਲੈ ਗਈ। ਪਰਮਾਤਮਾ ਨੂੰ ਸ਼ਾਇਦ ਇਹੋ ਮਨਜ਼ੂਰ ਸੀ ਉਹਨਾਂ ਨੇ ਇਸ ਦੁੱਖ ਦੀ ਘੜੀ ਵਿੱਚ ਸਾਥ ਦੇਣ ਵਾਲਿਆਂ ਦਾ ਦਿਲੋਂ ਧੰਨਵਾਦ ਕੀਤਾ।

# ਅਮਰੀਕਾ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਮਿਲ ਰਹੇ ਕਸ਼ਟਾਂ ਲਈ “ਅਸਲ ਦੋਸ਼ੀ” ਕੌਣ: ਠਾਕੁਰ ਦਲੀਪ ਸਿੰਘ

**ਲੁਧਿਆਣਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਵਿੱਚ ਘੁਸ ਚੁੱਕੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੰਡ ਦੇਣਾ, ਉਨ੍ਹਾਂ ਨੂੰ ਜੇਲ੍ਹ ਵਿੱਚ ਪਾਉਣਾ, ਕਸ਼ਟ ਦੇ ਕੇ ਅਮਰੀਕਾ ਤੋਂ ਕੱਢਣਾ, ਜਾਂ ਕਿਸੇ ਹੋਰ ਦੇਸ਼ ਵਿੱਚ ਭੇਜਣਾ,ਜੋ ਵੀ ਅਜਿਹੇ ਕਦਮ ਚੁੱਕੇ ਜਾ ਰਹੇ ਹਨ, ਕੀ ਇਸ ਵਿੱਚ ਟਰੰਪ ਸਰਕਾਰ ਦੀ ਕੋਈ ਗ਼ਲਤੀ ਹੈ, ਜਾਂ ਨਹੀਂ ਕੀ ਅਮਰੀਕਾ ਦੀ ਸਰਕਾਰ ਮਨੁੱਖੀ ਅਧਿਕਾਰਾਂ ਦਾ ਉਲੰਘਣ ਕਰ ਰਹੀ ਹੈ। ਇਸ ਸਬੰਧੀ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਕਿਹਾ ਕਿ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਟਰੰਪ ਸਰਕਾਰ, ਜਿਸ ਤਰੀਕੇ ਨਾਲ ਕਸ਼ਟ ਦੇ ਕੇ ਦੇਸ਼ ਤੋਂ ਬਾਹਰ ਕੱਢ ਰਹੀ ਹੈ। ਇਸ ਰਵੱਈਏ ਦਾ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੀਆਂ ਕੁਝ ਸੰਸਥਾਵਾਂ ਅਤੇ ਕੁਝ ਹੋਰ ਲੋਕ ਵਿਰੋਧ ਕਰ ਰਹੇ ਹਨ। ਉਹਨਾਂ ਦੇ ਵਿਰੋਧ ਵਿੱਚ ਮਨੁੱਖੀ ਸੰਵੇਦਨਸ਼ੀਲਤਾ, ਨਿਸ਼ਚਿਤ ਹੀ ਪ੍ਰਸ਼ੰਸਾ-ਯੋਗ ਹੈ ਪਰ ਇਹ ਵੀ ਜ਼ਰੂਰੀ ਹੈ ਕਿ ਅਸੀਂ ਇਸ ਸਮੱਸਿਆ ਦੀ ਜੜ੍ਹ ਤੱਕ ਪਹੁੰਚੀਏ ਅਤੇ ਇਸ ਦੇ ਅਸਲ ਕਾਰਣਾਂ ਨੂੰ ਸਮਝੀਏ।

ਅਜਿਹੀ ਪੈਦਾ ਹੋਈ ਸਥਿਤੀ ਦਾ ਅਸਲ ਦੋਸ਼ ਤਾਂ ਹੋਰ ਕਿਤੇ ਲੁਕਿਆ ਹੋਇਆ ਹੈ, ਜਿਸ ਵੱਲ ਅਸੀਂ ਮੁੱਖ ਰੂਪ ਵਿੱਚ ਧਿਆਨ ਹੀ ਨਹੀਂ ਦਿੰਦੇ।

ਅਸਲ ਵਿੱਚ ਦੋਸ਼ ਉਹਨਾਂ ਅਵਿਵੇਕੀ ਮਾਪਿਆਂ ਦਾ ਹੈ ਜਿਨ੍ਹਾਂ ਨੇ ਜੀਵਨ ਦੀਆਂ ਮੁਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ ਅਤੇ ਰੋਜ਼ਗਾਰ ਦੀ ਸਹੂਲਤ ਨਾ ਹੋਣ ਦੇ ਬਾਵਜੂਦ, ਬੱਚਿਆਂ ਨੂੰ ਜਨਮ ਦਿੱਤਾ। ਉਨ੍ਹਾਂ ਨੇ ਉਸ ਦੇਸ਼ ਦੀ ਜਨਸੰਖਿਆ ਵਧਾ ਦਿੱਤੀ ਜਿੱਥੇ ਉਹ ਆਪ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਸਨ। ਨਤੀਜੇ ਵਜੋਂ ਵਧਦੀ ਜਨਸੰਖਿਆ ਨੇ ਨਾ ਕੇਵਲ ਆਪਣੇ ਦੇਸ਼ ਦੇ ਆਰਥਿਕ ਅਤੇ ਸਮਾਜਿਕ ਢਾਂਚੇ ਉੱਤੇ ਭਾਰ ਪਾਇਆ ਸਗੋਂ ਦੂਸਰੇ ਦੇਸ਼ਾਂ ਦੇ ਆਰਥਿਕ ਅਤੇ ਸਮਾਜਿਕ ਢਾਂਚੇ ਲਈ ਵੀ ਗੰਭੀਰ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ ।

ਮਾਪਿਆਂ ਦੀ ਗਲਤੀ ਕਾਰਨ ਹੀ ਉਨ੍ਹਾਂ ਬੱਚਿਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿੱਚ ਦਾਖਲ ਹੋ ਕੇ ਰੋਜ਼ਗਾਰ ਲੱਭਣ ਲਈ ਮਜ਼ਬੂਰ ਹੋਣਾ ਪਿਆ। ਜਿੱਥੇ ਉਹਨਾਂ ਨੂੰ ਕਸ਼ਟ ਸਹਿਣੇ ਪੈ ਰਹੇ ਹਨ। ਜੇ ਟਰੰਪ ਸਰਕਾਰ ਜਾਂ ਕੋਈ



ਹੋਰ ਸਰਕਾਰ ਵਿਦੇਸ਼ੀ ਪ੍ਰਵਾਸੀਆਂ ਨੂੰ ਦੰਡ ਜਾਂ ਕਸ਼ਟ ਦਿੰਦੀ ਹੈ ਤਾਂ ਉਸ ਸਰਕਾਰ ਦੇ ਦੰਡ ਤੋਂ ਪਹਿਲਾਂ ਤਾਂ ਬੱਚਿਆਂ ਨੂੰ ਜਨਮ ਦੇ ਕੇ ਮਾਪਿਆਂ ਨੇ ਹੀ ਉਹਨਾਂ ਨੂੰ ਦੰਡ ਦੇ ਦਿੱਤਾ ਹੈ। ਅਤੇ ਭਵਿੱਖ ਵਿੱਚ ਵੀ ਦੰਡ ਭੁਗਤਣ ਲਈ ਮਜਬੂਰ ਕਰ ਦਿੱਤਾ ਹੈ।

ਇਸ ਤਰ੍ਹਾਂ ਅੱਜ ਦੁਨੀਆਂ ਦੇ ਕਈ ਹਿੱਸਿਆਂ ਵਿੱਚ, ਵਿਸ਼ੇਸ਼ ਰੂਪ ਵਿੱਚ ਵਿਕਸਤ ਦੇਸ਼ਾਂ ਵਿੱਚ ਇਸ ਅਣਚਾਹੀ ਵੱਧਦੀ ਜਨਸੰਖਿਆ ਕਾਰਨ ਗੈਰ-ਕਾਨੂੰਨੀ ਪ੍ਰਵਾਸ ਇੱਕ ਗੰਭੀਰ ਸੰਕਟ ਬਣ ਗਿਆ ਹੈ। ਪਰ ਇਸ ਸੰਕਟ ਦਾ ਅਸਲ ਕਾਰਨ ਨਾ ਤਾਂ ਉਹ ਪ੍ਰਵਾਸੀ ਹਨ, ਨਾ ਹੀ ਉਹ ਸਰਕਾਰਾਂ ਜੋ ਸਖ਼ਤ ਕਦਮ ਚੁੱਕਣ ਲਈ ਮਜਬੂਰ ਹਨ।

ਇਸ ਲਈ ਜੇ ਅਸੀਂ ਸੱਚਮੁਚ ਕੋਈ ਹੱਲ ਕੱਢਣਾ ਚਾਹੁੰਦੇ ਹਾਂ, ਤਾਂ ਕੇਵਲ ਨੀਤੀਆਂ, ਵਿਰੋਧ-ਪ੍ਰਦਰਸ਼ਨਾਂ ਅਤੇ ਕਸ਼ਟਾਂ ਤੋਂ ਅੱਗੇ ਵੱਧ ਕੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਵਿਸ਼ੇਸ਼ ਰੂਪ ਵਿੱਚ ਅਮਰੀਕਾ ਨੂੰ ਇਸ ਸਮੱਸਿਆ ਦੀ ਜੜ੍ਹ ਤੱਕ ਪਹੁੰਚਣਾ ਚਾਹੀਦਾ ਹੈ। ਜਿੱਥੋਂ ਇਹ ਸੰਕਟ ਸ਼ੁਰੂ ਹੋਇਆ। ਤਾਂ ਹੀ ਅਸੀਂ ਇਸ ਮਨੁੱਖੀ ਦੁਖਾਂਤ ਦਾ ਢੁਕਵਾਂ ਹੱਲ ਲੱਭ ਸਕਾਂਗੇ। ਇਸ ਲਈ ਸਿੱਖਿਆ ਅਤੇ ਪ੍ਰਚਾਰ ਰਾਹੀਂ ਲੋਕਾਂ ਨੂੰ ਘੱਟ ਬੱਚੇ ਪੈਦਾ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

# ਵਿਰਾਸਤ ਦਾ ਸਨਮਾਨ: ਪੰਜਾਬ ਦੇ 115 ਸਰਕਾਰੀ ਸਕੂਲਾਂ ਦਾ ਨਾਮ ਉੱਘੀਆਂ ਸ਼ਖ਼ਸੀਅਤਾਂ ਦੇ ਨਾਮ ’ਤੇ ਰੱਖਿਆ: ਬੈਂਸ

**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸੂਬੇ ਦੀਆਂ ਉੱਘੀਆਂ ਸ਼ਖ਼ਸੀਅਤਾਂ ਦੀ ਸ਼ਾਨਾਮੱਤੀ ਵਿਰਾਸਤ ਦੇ ਸਨਮਾਨ ਵਜੋਂ ‘ਆਪ’ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ 115 ਸਰਕਾਰੀ ਸਕੂਲਾਂ ਦਾ ਨਾਮ ਆਜ਼ਾਦੀ ਘੁਲਾਟੀਆਂ, ਸ਼ਹੀਦਾਂ ਅਤੇ ਕੌਮਾਂਤਰੀ ਪੱਧਰ ’ਤੇ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਦੇ ਨਾਮ ’ਤੇ ਰੱਖਿਆ ਹੈ। ਜ਼ਿਕਰਯੋਗ ਹੈ ਕਿ ਸਕੂਲ ਸਿੱਖਿਆ ਵਿਭਾਗ ਨੇ 18 ਜੁਲਾਈ, 2025 ਨੂੰ 25 ਸਰਕਾਰੀ ਸਕੂਲਾਂ ਦਾ ਨਾਮ ਵੱਖ-ਵੱਖ ਆਜ਼ਾਦੀ ਘੁਲਾਟੀਆਂ ਅਤੇ ਸ਼ਹੀਦਾਂ ਦੇ ਨਾਮ ’ਤੇ ਰੱਖਿਆ ਹੈ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਕੱਲ੍ਹ ਐਲਾਨ ਕੀਤਾ ਸੀ ਕਿ ਜਲੰਧਰ ਜ਼ਿਲ੍ਹੇ ਦੇ ਬਿਆਸ ਪਿੰਡ ਦੇ ਸਕੂਲ ਦਾ ਨਾਮ ਕੌਮਾਂਤਰੀ ਪੱਧਰ ਉੱਤੇ ਨਾਮਣਾ ਖੱਟਣ ਵਾਲੇ ਉੱਘੇ ਮੈਰਾਥਨ ਦੌੜਾਕ ਸਰਦਾਰ ਫ਼ੌਜਾ ਸਿੰਘ ਦੇ ਨਾਮ ’ਤੇ ਰੱਖਿਆ ਜਾਵੇਗਾ।

ਪੰਜਾਬ ਭਵਨ ਵਿਖੇ ਅੱਜ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਨ੍ਹਾਂ ਪ੍ਰਸਿੱਧ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਅਤੇ ਉਹਨਾਂ ਦਾ ਸੰਖੇਪ ਜੀਵਨ ਬਿਊਰਾ ਉਨ੍ਹਾਂ ਦੇ ਨਾਮ ਵਾਲੇ ਸਕੂਲਾਂ ਵਿੱਚ ਪ੍ਰਦਰਸ਼ਿਤ ਕਰਨ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਯੋਗਦਾਨ ਤੋਂ ਜਾਣੂ ਕਰਵਾਇਆ ਜਾ ਸਕੇ ਅਤੇ ਉਹ ਮਹਾਨ ਸਖਸ਼ੀਅਤਾਂ ਤੋਂ ਪ੍ਰੇਰਨਾ ਲਾ ਸਕਣ। ਇਸ ਨਾਲ ਉਨ੍ਹਾਂ ਦੀ ਵਿਰਾਸਤ ਦਾ ਢੁਕਵਾਂ ਸਨਮਾਨ ਵੀ ਹੋਵੇਗਾ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਅੱਜ ਲੱਗੇਗਾ ਪਲੇਸਮੈਂਟ ਕੈਂਪ

**ਫਾਜ਼ਿਲਕਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ 23 ਜੁਲਾਈ 2025 ਦਿਨ ਬੁੱਧਵਾਰ ਨੂੰ ਪਲੇਸਮੈਂਟ ਕੈਂਪ ਲੱਗੇਗਾ ਜਿਸ ਵਿੱਚ ਰਕਸ਼ਾ ਸਿਕਿਉਰਿਟੀ ਸਰਵਿਸੇਸ ਲਿਮਿਟੇਡ (ਜੀ.ਐਮ.ਆਰ ਗਰੁੱਪ ਕੰਪਨੀ) ਵੱਲੋਂ ਸਕਿਉਰਿਟੀ ਗਾਰਡ ਅਤੇ ਮਿਡਲੈਂਡ ਮਾਈਕਰੋਫਾਈਨਾਂਸ ਲਿਮਟਿਡ ਵਲੋਂ ਸੈਂਟਰ ਅਫਸਰ ਤੇ ਇੰਡੀਵੀਜ਼ੂਅਲ ਰਿਪੇਅਮੈਂਟ ਅਫਸਰ ਦੀ ਭਰਤੀ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਜਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਘੱਟੋ ਘੱਟ ਯੋਗਤਾ 10ਵੀਂ ਪਾਸ, ਲੜਕੇ ਅਤੇ ਲੜਕੀਆਂ ਭਾਗ ਲੈ ਸਕਦੀਆਂ ਹਨ।ਉਨ੍ਹਾਂ ਕਿਹਾ ਕਿ ਭਾਗ ਲੈਣ ਵਾਲੇ ਪ੍ਰਾਰਥੀਆਂ ਦੀ ਉਮਰ ਸੀਮਾ 18 ਤੋਂ 35 ਸਾਲ ਲੜਕਿਆਂ ਲਈ ਕੱਦ ਘੱਟ ਤੋਂ ਘੱਟ 5 ਫੁਟ 6 ਇੰਚ ਤੇ ਲੜਕੀਆਂ ਲਈ 5 ਫੁੱਟ 2 ਇੰਚ ਹੋਣਾ ਚਾਹੀਦਾ ਹੈ। ਪ੍ਰਾਰਥੀ ਸਰੀਰਕ ਤੌਰ ’ਤੇ ਫਿੱਟ ਹੋਣਾ ਚਾਹੀਦਾ ਹੈ। ਤਨਖ਼ਾਹ 10000-18000 ਮਹੀਨਾ ਦਿੱਤੀ ਜਾਵੇਗੀ। ਚਾਹਵਾਨ ਪ੍ਰਾਰਥੀ ਆਪਣੇ ਅਸਲ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਅਤੇ ਯੋਗਤਾ ਦਾ ਵੇਰਵਾ (ਰਜ਼ਿਊਮ) ਲੈ ਕੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਚੋਥੀ ਮੰਜ਼ਿਲ @ਤੇ ਕੈਂਪ ਵਾਲੇ ਦਿਨ ਸਵੇਰੇ 10:00 ਵਜੇ ਪਹੁੰਚਣ। ਵਧੇਰੇ ਜਾਣਕਾਰੀ ਲਈ 8906022220, 7986115001 × 9871193130 ’ਤੇ ਸਪੰਰਕ ਕੀਤਾ ਜਾ ਸਕਦਾ ਹੈ।

ਕੌਮੀ ਪੱਤ੍ਰਿਕਾ

# ਭਾਰਤ-ਬਰਤਾਨੀਆ ਵੱਲੋਂ ਇਤਿਹਾਸਕ ਮੁਕਤ ਵਪਾਰ ਸਮਝੌਤਾ ਸਹੀਬੰਦ



**ਲੰਡਨ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਅਤੇ ਬਰਤਾਨੀਆ ਨੇ ਵੀਰਵਾਰ ਨੂੰ ਇੱਕ ਇਤਿਹਾਸਕ ਮੁਕਤ ਵਪਾਰ ਸਮਝੌਤੇ (6"1) 'ਤੇ ਦਸਤਖ਼ਤ ਕੀਤੇ ਹਨ, ਜਿਸ ਨਾਲ ਬਾਜ਼ਾਰ ਤੱਕ ਪਹੁੰਚ ਵਿੱਚ ਕਾਫ਼ੀ ਸੁਧਾਰ ਹੋਵੇਗਾ ਅਤੇ ਸਾਲਾਨਾ ਲਗਭਗ 34 ਬਿਲੀਅਨ ਡਾਲਰ ਦਾ ਦੁਵੱਲਾ ਵਪਾਰ ਵਧੇਗਾ। ਇਸ ਸੌਦੇ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਬਰਤਾਨਵੀ ਹਮਰੁਤਬਾ ਕੀਰ ਸਟਾਰਮਰ ਦੀ ਮੌਜੂਦਗੀ ਵਿੱਚ ਰਸਮੀ ਰੂਪ ਦਿੱਤਾ ਗਿਆ। ਅਧਿਕਾਰੀਆਂ ਅਨੁਸਾਰ 6"1 ਨਾਲ 99 ਫੀਸਦੀ ਭਾਰਤੀ ਬਰਾਮਦਾਂ ਨੂੰ ਟੈਕਸ ਤੋਂ ਲਾਭ ਮਿਲਣ ਦੀ ਉਮੀਦ ਹੈ ਅਤੇ ਇਸ ਨਾਲ ਬ੍ਰਿਟਿਸ਼ ਫਰਮਾਂ ਲਈ ਭਾਰਤ ਨੂੰ ਵਿਸਕੀ, ਕਾਰਾਂ ਅਤੇ ਹੋਰ ਉਤਪਾਦਾਂ ਦੀ ਬਰਾਮਦ ਕਰਨਾ ਆਸਾਨ ਹੋ ਜਾਵੇਗਾ, ਨਾਲ ਹੀ ਸਮੁੱਚੇ ਵਪਾਰਕ ਬਾਸਕੇਟ ਨੂੰ ਵੀ ਹੁਲਾਰਾ ਮਿਲੇਗਾ।

ਉਨ੍ਹਾਂ ਕਿਹਾ ਕਿ ਤਿੰਨ ਸਾਲਾਂ ਦੀ ਗੱਲਬਾਤ ਤੋਂ ਬਾਅਦ ਪੱਕੇ ਕੀਤੇ ਗਏ ਇਸ ਵਪਾਰਕ ਸੌਦੇ ਨਾਲ ਸਾਰੇ ਖੇਤਰਾਂ ਵਿੱਚ ਭਾਰਤੀ ਵਸਤੂਆਂ ਲਈ ਵਿਆਪਕ ਬਾਜ਼ਾਰ ਪਹੁੰਚ ਯਕੀਨੀ ਬਣਾਏ ਜਾਣ ਦੀ ਉਮੀਦ ਹੈ ਅਤੇ ਭਾਰਤ ਨੂੰ ਲਗਭਗ 99 ਫੀਸਦੀ ਟੈਕਸ ਲਾਈਨਾਂ (ਉਤਪਾਦ ਸ਼੍ਰੇਣੀਆਂ) 'ਤੇ ਟੈਕਸ ਖ਼ਤਮ ਹੋਣ ਨਾਲ ਲਾਭ ਮਿਲੇਗਾ, ਜੋ ਲਗਭਗ 100 ਫੀਸਦੀ ਵਪਾਰਕ ਮੁੱਲਾਂ ਨੂੰ ਕਵਰ ਕਰਦਾ ਹੈ।

# ਵਿਰੋਧੀ ਧਿਰਾਂ ਵੱਲੋਂ ਮੁੜ ਹੰਗਾਮਾ, ਦੋਵਾਂ ਸਦਨ ਦੀ ਕਾਰਵਾਈ ਪੂਰੇ ਦਿਨ ਲਈ ਮੁਲਤਵੀ

**ਨਵੀਂ ਦਿੱਲੀ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੌਨਸੂਨ ਇਜਲਾਸ ਦੇ ਚੌਥੇ ਦਿਨ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਸੋਧ ਨੂੰ ਲੈ ਕੇ ਵਿਰੋਧੀ ਧਿਰ ਦੇ ਵਿਰੋਧ ਪ੍ਰਦਰਸ਼ਨਾਂ ਕਾਰਨ ਲੋਕ ਸਭਾ ਤੇ ਰਾਜ ਸਭਾ ਦੀ ਕਾਰਵਾਈ ਵੀਰਵਾਰ ਨੂੰ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ ਸੀ। ਹਾਲਾਂਕਿ 2 ਵਜੇ ਰਾਜ ਸਭਾ ਅਤੇ ਲੋਕ ਸਭਾ ਸ਼ੁਰੂ ਹੋਣ ਮੌਕੇ ਬਿਹਾਰ ਵੋਟਰ ਸੂਚੀਆਂ ਸੋਧ ਦੇ ਮੁੱਦੇ 'ਤੇ ਹੰਗਾਮੇ ਕਾਰਨ ਸਭਾ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ।

ਸੰਸਦ ਦੇ ਮੌਨਸੂਨ ਸੈਸ਼ਨ ਦੀ ਸ਼ੁਰੂਆਤ ਤੋਂ ਬਾਅਦ ਇਹ ਲਗਾਤਾਰ ਚੌਥਾ ਦਿਨ ਹੈ ਜਦੋਂ ਹੇਠਲੇ ਸਦਨ ਵਿਚ ਪ੍ਰਸ਼ਨ ਕਾਲ 'ਚ ਵਿਘਨ ਪਿਆ ਹੈ। ਜਿਵੇਂ ਹੀ ਸਵੇਰੇ 11 ਵਜੇ ਸਦਨ ਦੀ ਕਾਰਵਾਈ ਸ਼ੁਰੂ ਹੋਈ ਤਾਂ ਵਿਰੋਧੀ ਧਿਰ ਦੇ ਕਈ ਮੈਂਬਰ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਸੋਧ ਦੇ ਮੁੱਦੇ 'ਤੇ ਚਰਚਾ ਦੀ ਮੰਗ ਨੂੰ ਲੈ ਕੇ ਨਾਅਰੇਬਾਜ਼ੀ ਕਰਨ ਲੱਗੇ।

ਕੁਝ ਮੈਂਬਰ ਸਦਨ ਦੇ ਐਨ ਵਿਚਾਲੇ ਆ ਗਏ ਅਤੇ ਉਨ੍ਹਾਂ ਨੇ ਸਪੀਕਰ ਨੂੰ ਤਖ਼ਤੀਆਂ ਵੀ ਦਿਖਾਈਆਂ।

# ਚੋਣ ਕਮਿਸ਼ਨ ਦੀ ਧੋਖਾਧੜੀ ਦਾ 100 ਫੀਸਦੀ ਸਬੂਤ, ਬਚਣ ਨਹੀਂ ਦਿਆਂਗੇ: ਰਾਹੁਲ

**ਨਵੀਂ ਦਿੱਲੀ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਕੋਲ 100 ਫੀਸਦੀ ਠੋਸ ਸਬੂਤ ਹਨ ਕਿ ਚੋਣ ਕਮਿਸ਼ਨ ਨੇ ਕਰਨਾਟਕ ਦੇ ਇੱਕ ਹਲਕੇ ਵਿੱਚ ਧੋਖਾਧੜੀ ਦੀ ਇਜਾਜ਼ਤ ਦਿੱਤੀ ਹੈ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਚੋਣ ਕਮਿਸ਼ਨ ਨੂੰ ਚੇਤਾਵਨੀ ਦਿੰਦਿਆ ਕੀਤਾ। ਉਨ੍ਹਾਂ ਕਿਹਾ, "ਉਹ(ਚੋਣ ਕਮਿਸ਼ਨ) ਇਸ ਤੋਂ ਬਚ ਨਹੀਂ ਸਕੇਗਾ ਕਿਉਂਕਿ ਅਸੀਂ ਤੁਹਾਡੇ ਲਈ ਆਉਣ ਵਾਲੇ ਹਾਂ।"

ਗਾਂਧੀ ਨੇ ਦੋਸ਼ ਲਾਇਆ ਕਿ ਚੋਣ ਕਮਿਸ਼ਨ ਭਾਰਤ ਦੇ ਚੋਣ ਕਮਿਸ਼ਨ ਵਜੋਂ ਕੰਮ ਆਪਣਾ ਕੰਮ ਨਹੀਂ ਕਰ ਰਿਹਾ ਹੈ। ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ ਅਤੇ ਆਰਜੇਡੀ ਨੇਤਾ ਤੇਜਸਵੀ ਯਾਦਵ ਦੀਆਂ ਕਥਿਤ ਟਿੱਪਣੀਆਂ ਬਾਰੇ ਪੁੱਛੇ ਜਾਣ 'ਤੇ ਕਿ ਬਿਹਾਰ ਵਿਧਾਨ ਸਭਾ ਚੋਣਾਂ ਦਾ ਬਾਈਕਾਟ ਕਰਨ ਦਾ ਵਿਕਲਪ ਖੁੱਲ੍ਹਾ ਹੈ, ਗਾਂਧੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਕੋਲ ਕਰਨਾਟਕ ਦੀ ਇੱਕ ਸੀਟ 'ਤੇ ਚੋਣ ਕਮਿਸ਼ਨ ਵੱਲੋਂ ਧੋਖਾਧੜੀ ਦੀ ਇਜਾਜ਼ਤ ਦੇਣ ਦੇ 100 ਫੀਸਦੀ ਠੋਸ ਸਬੂਤ ਹਨ।

ਉਨ੍ਹਾਂ ਕਿਹਾ, ÷ਅਸੀਂ ਸਿਰਫ ਇੱਕ ਹਲਕੇ 'ਤੇ ਨਜ਼ਰ ਮਾਰੀ ਅਤੇ ਸਾਨੂੰ ਇਹ ਮਿਲਿਆ। ਮੈਨੂੰ ਪੂਰਾ ਯਕੀਨ ਹੈ ਕਿ ਹਲਕੇ ਤੋਂ ਬਾਅਦ ਹਲਕੇ ਵਿੱਚ ਇਹ ਡਰਾਮਾ ਹੋ ਰਿਹਾ ਹੈ। ਹਜ਼ਾਰਾਂ-ਹਜ਼ਾਰਾਂ ਨਵੇਂ ਵੋਟਰ, ਉਹ ਕਿੰਨੇ ਪੁਰਾਣੇ ਹਨ? - 45, 50, 60, 65 ਸਾਲ, ਇੱਕ ਹਲਕੇ ਵਿੱਚ ਹਜ਼ਾਰਾਂ-ਹਜ਼ਾਰਾਂ। ਇਹ ਇੱਕ ਵਿਸ਼ਾ ਹੈ ਵੋਟਰਾਂ ਨੂੰ ਹਟਾਉਣਾ, ਵੋਟਰਾਂ ਨੂੰ ਜੋੜਨਾ, ਨਵੇਂ ਵੋਟਰ ਜੋ 18 ਸਾਲ ਤੋਂ ਬਹੁਤ ਉੱਪਰ ਹਨ (ਜਾਰੀ ਹੈ)... ਇਸ ਲਈ ਅਸੀਂ ਉਨ੍ਹਾਂ ਨੂੰ ਫੜ ਲਿਆ ਹੈ।" ਗਾਂਧੀ ਨੇ ਸੰਸਦ ਭਵਨ ਦੇ ਅਹਾਤੇ ਵਿੱਚ ਪੱਤਰਕਾਰਾਂ ਨੂੰ ਕਿਹਾ, ÷ਮੈਂ ਚੋਣ ਕਮਿਸ਼ਨ ਨੂੰ ਇੱਕ ਸੰਦੇਸ਼ ਭੇਜਣਾ ਚਾਹੁੰਦਾ ਹਾਂ - ਜੇਕਰ ਤੁਸੀਂ ਸੋਚਦੇ ਹੋ ਕਿ ਤੁਸੀਂ ਇਸ ਤੋਂ ਬਚ ਜਾਓਗੇ, ਜੇਕਰ ਤੁਹਾਡੇ ਅਧਿਕਾਰੀ ਸੋਚਦੇ ਹਨ ਕਿ ਉਹ ਇਸ ਤੋਂ ਬਚ ਜਾਣਗੇ, ਤਾਂ ਤੁਸੀਂ ਗਲਤ ਹੋ, ਤੁਸੀਂ ਇਸ ਤੋਂ ਬਚ ਨਹੀਂ ਸਕੋਗੇ ਕਿਉਂਕਿ ਅਸੀਂ ਤੁਹਾਡੇ ਲਈ ਆਉਣ ਵਾਲੇ ਹਾਂ।"

# ਮੰਡੀ ਵਿਚ HRTC ਦੀ ਬੱਸ ਖੱਡ 'ਚ ਡਿੱਗੀ, 4 ਮੌਤਾਂ

## ਮ੍ਰਿਤਕਾਂ 'ਚ ਦੋ ਮਹਿਲਾਵਾਂ ਵੀ ਸ਼ਾਮਲ; ਇਕ ਅੰਦਾਜ਼ੇ ਮੁਤਾਬਕ ਹਾਦਸੇ ਮੌਕੇ ਬੱਸ ਵਿਚ ਸਵਾਰ ਸਨ 31 ਵਿਅਕਤੀ



**ਮੰਡੀ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੰਡੀ ਜ਼ਿਲ੍ਹੇ ਦੇ ਸਰਕਾਘਾਟ ਸਬ-ਡਿਵੀਜ਼ਨ ਵਿੱਚ ਮਾਸੇਰਨ ਨੇੜੇ ਤਰੰਗਲਾ ਵਿਚ ਅੱਜ ਸਵੇਰੇ HRTC ਦੀ ਬੱਸ ਸੜਕ ਤੋਂ ਕਰੀਬ 25 ਮੀਟਰ ਹੇਠਾਂ ਖੱਡ ਵਿਚ ਡਿੱਗ ਗਈ। ਹਾਦਸੇ ਵਿਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ ਕਈ ਹੋਰ ਜ਼ਖਮੀ ਹੋ ਗਏ। ਬੱਸ ਸਰਕਾਘਾਟ ਤੋਂ ਦੁਰਗਾਪੁਰ ਜਾ ਰਹੀ ਸੀ ਜਦੋਂ ਇਹ ਹਾਦਸਾ ਵਾਪਰਿਆ। ਮੰਡੀ ਦੇ ਐੱਸਪੀ ਸਾਕਸ਼ੀ ਵਰਮਾ ਅਨੁਸਾਰ ਇਹ ਘਟਨਾ ਸਰਕਾਘਾਟ ਪੁਲੀਸ ਥਾਣੇ ਅਧੀਨ ਆਉਂਦੇ ਖੇਤਰ ਵਿੱਚ ਵਾਪਰੀ।

ਮੁੱਢਲੀਆਂ ਰਿਪੋਰਟਾਂ ਮੁਤਾਬਕ ਹਾਦਸੇ ਵਿਚ ਦੋ ਮਹਿਲਾਵਾਂ ਸਣੇ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਜ਼ਖ਼ਮੀਆਂ ਨੂੰ ਤੁਰੰਤ ਇਲਾਜ ਲਈ ਸਰਕਾਘਾਟ ਦੇ ਸਿਵਲ ਹਸਪਤਾਲ ਲਿਜਾਇਆ ਗਿਆ। ਜ਼ਖ਼ਮੀਆਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ, ਜਿਨ੍ਹਾਂ ਨੂੰ ਏਮਜ਼-ਬਿਲਾਸਪੁਰ ਰੈਫਰ ਕੀਤਾ ਗਿਆ ਹੈ।

ਅਧਿਕਾਰੀ ਅਜੇ ਵੀ ਯਾਤਰੀਆਂ ਦੀ ਸਹੀ ਗਿਣਤੀ ਦੀ ਪੁਸ਼ਟੀ ਕਰ ਰਹੇ ਹਨ, ਹਾਲਾਂਕਿ ਸ਼ੁਰੂਆਤੀ ਅਨੁਮਾਨਾਂ ਮੁਤਾਬਕ ਹਾਦਸੇ ਮੌਕੇ ਬੱਸ ਵਿਚ ਕਰੀਬ 31 ਵਿਅਕਤੀ ਸਵਾਰ ਸਨ। ਸਥਾਨਕ ਪੁਲੀਸ ਅਤੇ 108 ਐਂਬੂਲੈਂਸ ਸੇਵਾ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਪੀੜਤਾਂ ਨੂੰ ਖੱਡ 'ਚੋ ਕੱਢਣ ਲਈ ਬਚਾਅ ਕਾਰਜ ਚਲਾਇਆ। ਹਾਦਸੇ ਦਾ ਕਾਰਨ ਅਜੇ ਪਤਾ ਨਹੀਂ ਲੱਗ ਸਕਿਆ ਹੈ ਅਤੇ ਹੋਰ ਜਾਂਚ ਜਾਰੀ ਹੈ।

# ਸੁਪਰੀਮ ਕੋਰਟ ਵੱਲੋਂ 12 ਮੁਲਜ਼ਮਾਂ ਨੂੰ ਰਿਹਾਅ ਕਰਨ ਦੇ ਬੰਬੇ ਹਾਈ ਕੋਰਟ ਦੇ ਫੈਸਲੇ 'ਤੇ ਰੋਕ

**ਨਵੀਂ ਦਿੱਲੀ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ 2006 ਮੁੰਬਈ ਰੇਲ ਬੰਬ ਧਮਾਕੇ ਕੇਸ ਵਿਚ 12 ਮੁਲਜ਼ਮਾਂ ਨੂੰ ਰਿਹਾਅ ਕਰਨ ਦੇ ਬੰਬੇ ਹਾਈ ਕੋਰਟ ਦੇ ਫੈਸਲੇ 'ਤੇ ਰੋਕ ਲਾ ਦਿੱਤੀ ਹੈ। ਮਹਾਰਾਸ਼ਟਰ ਸਰਕਾਰ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦਿੰਦੇ ਹੋਏ ਸੁਪਰੀਮ ਕੋਰਟ ਦਾ ਰੁਖ਼ ਕੀਤਾ ਸੀ।

ਸਰਬਉੱਚ ਅਦਾਲਤ ਨੇ ਕਿਹਾ ਕਿ ਹਾਈ ਕੋਰਟ ਦੇ ਫੈਸਲੇ ਨੂੰ ਇੱਕ ਮਿਸਾਲ ਨਹੀਂ ਮੰਨਿਆ ਜਾਵੇਗਾ। ਜਸਟਿਸ ਅਨਿਲ ਕਿਲੋਰ ਅਤੇ ਜਸਟਿਸ ਸ਼ਿਆਮ ਚੰਦਕ ਦੀ ਵਿਸ਼ੇਸ਼ ਹਾਈ ਕੋਰਟ ਬੈਂਚ ਨੇ ਸੋਮਵਾਰ ਨੂੰ ਸੁਣਾਏ ਫੈਸਲੇ ਵਿਚ ਸਾਰੇ 12 ਦੋਸ਼ੀਆਂ ਨੂੰ ਇਹ ਕਹਿੰਦੇ ਹੋਏ ਬਰੀ ਕਰ ਦਿੱਤਾ ਸੀ ਕਿ ਇਸਤਗਾਸਾ ਧਿਰ ਦੋਸ਼ ਸਾਬਤ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਅਤੇ 'ਇਹ ਵਿਸ਼ਵਾਸ ਕਰਨਾ ਮੁਸ਼ਕਲ ਸੀ ਕਿ ਦੋਸ਼ੀ ਨੇ ਅਪਰਾਧ ਕੀਤਾ।'

ਵਿਸ਼ੇਸ਼ ਅਦਾਲਤ ਵੱਲੋਂ 12 ਵਿੱਚੋਂ ਪੰਜ ਨੂੰ ਮੌਤ ਦੀ ਸਜ਼ਾ ਅਤੇ ਸੱਤ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਮੌਤ ਦੀ ਸਜ਼ਾ ਪਾਉਣ ਵਾਲੇ ਦੋਸ਼ੀਆਂ ਵਿੱਚੋਂ ਇੱਕ ਦੀ 2021 ਵਿੱਚ ਮੌਤ ਹੋ ਗਈ ਸੀ। ਮੁੰਬਈ ਦੀ ਪੱਛਮੀ ਲਾਈਨ 'ਤੇ 11 ਜੁਲਾਈ 2006 ਨੂੰ ਵੱਖ-ਵੱਖ ਥਾਵਾਂ 'ਤੇ ਮੁੰਬਈ ਦੀਆਂ ਲੋਕਲ ਟਰੇਨਾਂ ਵਿੱਚ ਹੋਏ ਸੱਤ ਧਮਾਕਿਆਂ ਵਿੱਚ 180 ਤੋਂ ਵੱਧ ਲੋਕ ਮਾਰੇ ਗਏ ਸਨ।

# ਥਾਈਲੈਂਡ ਅਤੇ ਕੰਬੋਡੀਆ ਦਰਮਿਆਨ ਗੋਲੀਬਾਰੀ, ਘੱਟੋ-ਘੱਟ 9 ਦੀ ਮੌਤ

**ਬੈਂਕਾਕ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਥਾਈਲੈਂਡ ਅਤੇ ਕੰਬੋਡੀਆ ਨੇ ਵੀਰਵਾਰ ਨੂੰ ਸਰਹੱਦ 'ਤੇ ਗੋਲੀਬਾਰੀ ਕੀਤੀ ਹੈ, ਜਿਸ ਕਾਰਨ ਉਨ੍ਹਾਂ ਦੇ ਸੰਘਰਸ਼ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਅਤੇ ਘੱਟੋ-ਘੱਟ ਨੌਂ ਨਾਗਰਿਕ ਮਾਰੇ ਗਏ। ਥਾਈ ਫੌਜ ਨੇ ਕਿਹਾ ਕਿ ਸਭ ਤੋਂ ਵੱਧ ਜਾਨੀ ਨੁਕਸਾਨ ਸੀ ਸਾ ਕੇਟ ਪ੍ਰਾਂਤ ਵਿੱਚ ਹੋਇਆ, ਜਿੱਥੇ ਇੱਕ ਗੈਸ ਸਟੇਸ਼ਨ 'ਤੇ ਗੋਲੀਬਾਰੀ ਤੋਂ ਬਾਅਦ ਛੇ ਲੋਕ ਮਾਰੇ ਗਏ। ਤਿੰਨ ਸਰਹੱਦੀ ਪ੍ਰਾਂਤਾਂ ਵਿੱਚ ਘੱਟੋ-ਘੱਟ 14 ਲੋਕ ਜ਼ਖਮੀ ਹੋਏ ਹਨ। ਦੱਖਣ-ਪੂਰਬੀ ਏਸ਼ੀਆਈ ਗੁਆਂਢੀਆਂ ਵਿਚਾਲੇ ਮਈ ਵਿੱਚ ਹੋਏ ਇੱਕ ਹਥਿਆਰਬੰਦ ਟਕਰਾਅ, ਜਿਸ ਵਿੱਚ ਇੱਕ ਕੰਬੋਡੀਆਈ ਸਿਪਾਹੀ ਮਾਰਿਆ ਗਿਆ ਸੀ, ਤੋਂ ਬਾਅਦ ਸਬੰਧ ਤੇਜ਼ੀ ਨਾਲ ਵਿਗੜ ਗਏ ਹਨ। ਦੋਵਾਂ ਪਾਸਿਆਂ ਦੇ ਰਾਸ਼ਟਰਵਾਦੀ ਜਨੂੰਨ ਨੇ ਸਥਿਤੀ ਨੂੰ ਹੋਰ ਭੜਕਾ ਦਿੱਤਾ ਹੈ। ਚੀਨ ਨੇ ਥਾਈਲੈਂਡ-ਕੰਬੋਡੀਆ ਸੰਘਰਸ਼ 'ਤੇ ਚਿੰਤਾ ਪ੍ਰਗਟਾਈ

ਚੀਨ ਦੇ ਵਿਦੇਸ਼ ਮੰਤਰਾਲੇ ਨੇ ਵੀਰਵਾਰ ਨੂੰ ਕਿਹਾ ਕਿ ਉਹ ਥਾਈਲੈਂਡ-ਕੰਬੋਡੀਆ ਸਰਹੱਦ 'ਤੇ ਚੱਲ ਰਹੇ ਤਣਾਅ ਬਾਰੇ ਡੂੰਘੀ ਚਿੰਤਾ ਵਿੱਚ ਹੈ ਅਤੇ ਉਮੀਦ ਕਰਦਾ ਹੈ ਕਿ ਦੋਵੇਂ ਪੱਖ ਗੱਲਬਾਤ ਅਤੇ ਸਲਾਹ-ਮਸ਼ਵਰੇ ਰਾਹੀਂ ਮੁੱਦਿਆਂ ਨੂੰ ਸਹੀ ਢੰਗ ਨਾਲ ਹੱਲ ਕਰਨਗੇ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੁਓ ਜਿਆਕੁਨ ਨੇ ਇੱਕ ਨਿਯਮਤ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਚੀਨ ਤਣਾਅ ਘਟਾਉਣ ਨੂੰ ਉਤਸ਼ਾਹਿਤ ਕਰਨ ਵਿੱਚ ਇੱਕ ਰਚਨਾਤਮਕ ਭੂਮਿਕਾ ਨਿਭਾਏਗਾ। ਉਧਰ ਥਾਈਲੈਂਡ ਦੇ ਸਿਹਤ ਮੰਤਰੀ ਨੇ ਕਿਹਾ ਕਿ ਕੰਬੋਡੀਆ ਨਾਲ ਸਰਹੱਦੀ ਦੁਸ਼ਮਣੀ ਦੇ ਤਣਾਅ ਦਰਮਿਆਨ 11 ਥਾਈ ਨਾਗਰਿਕ ਅਤੇ ਇੱਕ ਸਿਪਾਹੀ ਮਾਰੇ ਗਏ ਹਨ। ਸੋਮਸਾਕ ਥੇਪਸੁਥਿਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕੰਬੋਡੀਆ ਦੀਆਂ ਕਾਰਵਾਈਆਂ, ਜਿਨ੍ਹਾਂ ਵਿੱਚ ਇੱਕ ਹਸਪਤਾਲ 'ਤੇ ਹਮਲਾ ਵੀ ਸ਼ਾਮਲ ਹੈ, ਨੂੰ ਯੁੱਧ ਅਪਰਾਧ ਮੰਨਿਆ ਜਾਣਾ ਚਾਹੀਦਾ ਹੈ।

# ਡੀਸੀ ਚੰਡੀਗੜ੍ਹ ਨੇ 26-27 ਨੂੰ ਹੋਣ ਵਾਲੀ ਸੀਈਟੀ ਪਰੀਖਿਆ ਲਈ ਅੰਤਿਮ ਤਿਆਰੀਆਂ ਦਾ ਜਾਇਜ਼ਾ ਲਿਆ

**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਟਾਫ਼ ਸਿਲੈਕਸ਼ਨ ਕਮਿਸ਼ਨ (ਐੱਚਐੱਸਐੱਸਸੀ), ਪੰਚਕੂਲਾ ਦੁਆਰਾ 26 ਅਤੇ 27 ਜੁਲਾਈ 2025 ਨੂੰ ਕਰਵਾਏ ਜਾ ਰਹੇ ਆਗਾਮੀ ਕਾਮਨ ਐਲੀਜਿਬਿਲੀਟੀ ਟੈਸਟ (ਸੀਈਟੀ) ਦੇ ਮੱਦੇਨਜ਼ਰ, ਯੂਟੀ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ, ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐੱਸ ਨੇ ਸ਼ਹਿਰ ਵਿੱਚ ਅੰਤਿਮ ਪ੍ਰਸ਼ਾਸਕੀ ਅਤੇ ਲੌਜਿਸਟਿਕਲ ਤਿਆਰੀਆਂ ਦੀ ਸਮੀਖਿਆ ਕਰਨ ਲਈ ਇੱਕ ਉੱਚ-ਪੱਧਰੀ ਮੀਟਿੰਗ ਬੁਲਾਈ।

ਡਿਪਟੀ ਕਮਿਸ਼ਨਰ ਨੇ ਪਰੀਖਿਆ ਨੂੰ ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਦੀ ਦ੍ਰਿੜ੍ਹ ਪ੍ਰਤੀਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਾਰੇ ਵਿਭਾਗਾਂ ਨੂੰ ਚੌਕਸ ਅਤੇ ਸਰਗਰਮ ਰਹਿਣ ਦੇ ਨਿਰਦੇਸ਼ ਦਿੱਤੇ। ਵੱਡੀ ਗਿਣਤੀ ਵਿੱਚ ਪਰੀਖਿਆਰਥੀਆਂ ਦੇ ਅਨੁਕੂਲ ਹੋਣ ਲਈ ਚੰਡੀਗੜ੍ਹ ਭਰ ਵਿੱਚ ਕੁੱਲ 153 ਪਰੀਖਿਆ ਕੇਂਦਰ ਸਥਾਪਿਤ ਕੀਤੇ ਗਏ ਹਨ। ਇਹ ਪਰੀਖਿਆ ਹਰ ਰੋਜ਼ ਦੋ ਸ਼ਿਫਟਾਂ ਵਿੱਚ ਹੋਵੇਗੀ—

ਸਵੇਰ ਦੀ ਸ਼ਿਫਟ: ਸਵੇਰੇ 10:00 ਵਜੇ ਤੋਂ 11:45 ਵਜੇ ਤੱਕ

ਦੁਪਹਿਰ ਦੀ ਸ਼ਿਫਟ: ਸ਼ਾਮ 3:15 ਵਜੇ ਤੋਂ ਸ਼ਾਮ 5:00 ਵਜੇ ਤੱਕ

ਪ੍ਰਤੀ ਸ਼ਿਫਟ ਲਗਭਗ 37,000 ਉਮੀਦਵਾਰਾਂ ਦੇ ਬੈਠਣ ਦੀ ਉਮੀਦ ਹੈ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਹਰਿਆਣਾ ਦੇ ਪੰਜ ਜ਼ਿਲ੍ਹਿਆਂ ਤੋਂ ਯਾਤਰਾ ਕਰ ਰਹੇ ਹਨ। ਸੁਚਾਰੂ ਆਵਾਜਾਈ ਦੀ ਸੁਵਿਧਾ ਦੇ ਲਈ, ਟ ?ਰਾਂਸਪੋਰਟ ਵਿਭਾਗ ਸੈਕਟਰ 34 ਦੇ ਪ੍ਰਦਰਸ਼ਨੀ ਮੈਦਾਨ ਅਤੇ ਸੈਕਟਰ 17 ਦੇ ਦੁਸਹਿਰਾ ਮੈਦਾਨ ਤੋਂ ਲਗਭਗ 350 ਸ਼ਟਲ ਬੱਸਾਂ ਚਲਾਏਗਾ, ਜੋ ਸਾਰੇ ਪ੍ਰਮੁੱਖ ਪਰੀਖਿਆ ਕੇਂਦਰਾਂ ਨੂੰ ਕਵਰ ਕਰੇਗੀ।

ਚੰਡੀਗੜ੍ਹ ਪੁਲਿਸ ਪਰੀਖਿਆ ਤੋਂ ਇੱਕ ਦਿਨ ਪਹਿਲਾਂ ਸਾਰੇ ਕੇਂਦਰਾਂ ਦੀ ਪੂਰੀ ਸੈਨੀਟਾਇਜ਼ੇਸ਼ਨ ਕਰੇਗੀ ਤਾਕਿ ਇੱਕ ਸੁਰੱਖਿਅਤ ਵਾਤਾਵਰਣ ਨੂੰ ਯਕੀਨੀ ਬਣਾਇਆ ਜਾ ਸਕੇ।

# ਜਲੰਧਰ ਦੇ ਪੁਲੀਸ ਅਧਿਕਾਰੀ ਦੀ 'ਰਿਸ਼ਵਤ' ਲੈਣ ਦੀ ਵੀਡੀਓ ਵਾਇਰਲ; ਜਾਂਚ ਦੇ ਹੁਕਮ ਜਾਰੀ

**ਜਲੰਧਰ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਕਸੂਦਾਂ ਪੁਲੀਸ ਦੇ ਇੱਕ ਅਧਿਕਾਰੀ ਦੀ ਕਥਿਤ ਤੌਰ 'ਤੇ ਵੱਢੀ ਲੈਂਦੇ ਦੀ ਇਕ ਸੀਸੀਟੀਵੀ ਫੁਟੇਜ ਸਾਹਮਣੇ ਆਉਣ ਤੋਂ ਬਾਅਦ ਜਲੰਧਰ ਦਿਹਾਤੀ ਪੁਲੀਸ ਨੇ ਉਸ ਖ਼ ?ਲਾਫ਼ ਵਿਭਾਗੀ ਜਾਂਚ ਵਿੱਢ ਦਿੱਤੀ ਹੈ। ਜਾਣਕਾਰੀ ਅਨੁਸਾਰ ਵੀਡੀਓ ਬੁਲੰਦਪੁਰ ਦੀ ਦੱਸੀ ਜਾ ਰਹੀ ਹੈ।

ਦੱਸਿਆ ਜਾਂਦਾ ਹੈ ਕਿ ਹਰਬੰਸ ਸਿੰਘ ਇੱਕ ਵਿਅਕਤੀ ਵਿਰੁੱਧ ਸ਼ਿਕਾਇਤ ਮਿਲਣ 'ਤੇ ਉਸ ਦੇ ਘਰ ਗਿਆ ਸੀ, ਜਿੱਥੇ ਉਸਨੇ ਕਥਿਤ ਤੌਰ 'ਤੇ ਮਾਮਲੇ ਨੂੰ ਦਬਾਉਣ ਲਈ ਰਿਸ਼ਵਤ ਮੰਗੀ ਸੀ। ਅੱਜ ਵੀਡੀਓ ਵਾਇਰਲ ਹੋਣ ਤੋਂ ਬਾਅਦ ਇਹ ਘਟਨਾ ਸਾਹਮਣੇ ਆਈ ਹੈ। ਵੀਡੀਓ ਕਲਿੱਪ ਵਿੱਚ ਇੱਕ ਪੁਲੀਸ ਮੁਲਾਜ਼ਮ ਅਤੇ ਦੋ ਹੋਰ ਲੋਕ ਇੱਕ ਕਮਰੇ ਵਿੱਚ ਬੈਠੇ ਦੇਖੇ ਜਾ ਸਕਦੇ ਹਨ। ਪੁਲੀਸ ਅਧਿਕਾਰੀ ਦੇ ਉਥੋਂ ਬਾਹਰ ਜਾਣ ਤੋਂ ਠੀਕ ਪਹਿਲਾਂ ਬੈਠੇ ਆਦਮੀਆਂ ਵਿੱਚੋਂ ਇੱਕ ਉੱਠਦਾ ਹੈ ਅਤੇ ਅਧਿਕਾਰੀ ਨੂੰ ਕੁਝ ਫੜਾਉਂਦਾ ਹੈ, ਜੋ ਨੋਟਾਂ ਦੀ ਗੱਠੀ ਜਾਪਦੀ ਹੈ। ਹਾਲਾਂਕਿ, ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਇਸ ਨੂੰ 'ਨਕਦੀ ਦਾ ਲੈਣ-ਦੇਣ ਤੇ ਰਿਸ਼ਵਤਖ਼ੋਰੀ ਮੰਨ ਲੈਣਾ' ਜਲਦਬਾਜ਼ੀ ਹੋਵੇਗੀ। ਕਰਤਾਰਪੁਰ ਦੇ ਡੀਐਸਪੀ ਨੂੰ ਮਾਮਲੇ ਦੀ ਤਫ਼ਸੀਲੀ ਜਾਂਚ ਦਾ ਕੰਮ ਸੌਂਪਿਆ ਗਿਆ ਹੈ।

# ਲਾਪਤਾ ਰੂਸੀ ਜਹਾਜ਼ ਹੋਇਆ ਹਾਦਸਾਗ੍ਰਸਤ, 50 ਮੌਤਾਂ ਦਾ ਖ਼ਦਸ਼ਾ

## ਜਹਾਜ਼ ਦਾ ਮਲਬਾ ਟਿੰਡਾ ਤੋਂ ਲਗਭਗ 15 ਕਿਲੋਮੀਟਰ ਦੂਰ ਪਹਾੜੀ 'ਤੇ ਮਿਲਿਆ

**ਮਾਸਕੋ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਰ ਨੂੰ ਇੱਕ ਐਂਟੋਨੋਵ ਐਨ-24 ਯਾਤਰੀ ਜਹਾਜ਼, ਜਿਸ ਵਿੱਚ ਲਗਪਗ 50 ਲੋਕ ਸਵਾਰ ਸਨ, ਹਾਦਸਾਗ੍ਰਸਤ ਹੋ ਗਿਆ ਹੈ। ਰੂਸੀ ਐਮਰਜੈਂਸੀ ਸੇਵਾਵਾਂ ਦੇ ਅਧਿਕਾਰੀਆਂ ਨੇ ਦੱਸਿਆ ਸ਼ੁਰੂਆਤੀ ਜਾਣਕਾਰੀ ਅਨੁਸਾਰ ਜਹਾਜ਼ ਵਿੱਚ ਸਵਾਰ ਸਾਰੇ ਲੋਕਾਂ ਦੀ ਮੌਤ ਹੋ ਗਈ ਹੈ। ਸੋਵੀਅਤ ਯੁੱਗ ਦੇ ਇਸ ਲਗਭਗ 50 ਸਾਲ ਪੁਰਾਣੇ ਜਹਾਜ਼ ਦਾ ਸੜਿਆ ਹੋਇਆ ਢਾਂਚਾ ਇੱਕ ਹੈਲੀਕਾਪਟਰ ਦੁਆਰਾ ਜ਼ਮੀਨ 'ਤੇ ਦੇਖਿਆ ਗਿਆ ਅਤੇ ਬਚਾਅ ਕਰਮਚਾਰੀ ਘਟਨਾ ਸਥਾਨ 'ਤੇ ਪਹੁੰਚ ਰਹੇ ਸਨ। ਇੱਕ ਹੈਲੀਕਾਪਟਰ ਤੋਂ ਫਿਲਮਾਈ ਗਈ ਅਤੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਗਈ ਅਪ੍ਰਮਾਣਿਤ ਵੀਡੀਓ ਵਿੱਚ ਅਜਿਹਾ ਪ੍ਰਤੀਤ ਹੋਇਆ ਕਿ ਜਹਾਜ਼ ਸੰਘਣੇ ਜੰਗਲੀ ਖੇਤਰ ਵਿੱਚ ਡਿੱਗਿਆ ਸੀ।

ਟੇਲ ਨੰਬਰ ਤੋਂ ਪਤਾ ਚੱਲਦਾ ਹੈ ਕਿ ਇਹ 1976 ਵਿੱਚ ਬਣਾਇਆ ਗਿਆ ਸੀ ਅਤੇ ਇਹ ਸਾਇਬੇਰੀਆ-ਅਧਾਰਤ ਏਅਰਲਾਈਨ ਅੰਗਾਰਾ ਵੱਲੋਂ ਸੰਚਾਲਿਤ ਕੀਤਾ ਜਾ ਰਿਹਾ ਸੀ। ਜਾਣਕਾਰੀ ਅਨੁਸਾਰ ਇਹ ਉਡਾਣ ਬਲਾਗੋਵੇਸ਼ਚੇਂਸਕ ਸ਼ਹਿਰ ਤੋਂ ਟਿੰਡਾ ਜਾ ਰਹੀ ਸੀ ਜੋ ਕਿ ਚੀਨ ਨਾਲ ਲੱਗਦੇ ਅਮੂਰ ਖੇਤਰ ਦੇ ਇੱਕ ਦੂਰ-ਦੁਰਾਡੇ ਕਸਬੇ ਦੇ ਨੇੜੇ ਪਹੁੰਚਦੇ ਸਮੇਂ ਰਾਡਾਰ ਸਕ੍ਰੀਨਾਂ ਤੋਂ ਗਾਇਬ ਹੋ ਗਿਆ।

ਖੇਤਰੀ ਗਵਰਨਰ ਵਾਸਿਲੀ ਓਰਲੋਵ ਨੇ ਦੱਸਿਆ ਕਿ ਮੁੱਢਲੇ ਅੰਕੜਿਆਂ ਅਨੁਸਾਰ ਜਹਾਜ਼ ਵਿੱਚ ਪੰਜ ਬੱਚਿਆ ਸਮੇਤ 43 ਯਾਤਰੀ ਅਤੇ ਛੇ ਚਾਲਕ ਦਲ ਦੇ ਮੈਂਬਰ ਸਵਾਰ ਸਨ। ਹਾਲਾਂਕਿ ਐਮਰਜੈਂਸੀ ਮੰਤਰਾਲੇ ਨੇ ਜਹਾਜ਼ ਵਿੱਚ ਸਵਾਰ ਲੋਕਾਂ ਦੀ ਗਿਣਤੀ ਕੁਝ ਘੱਟ, ਲਗਭਗ 40 ਦੱਸੀ ਹੈ।

# ਸਿਲੈਕਟ ਕਮੇਟੀ ਵੱਲੋਂ ਬੇਅਦਬੀ ਖਿਲਾਫ਼ ਬਿੱਲ ਦੇ ਖਰੜੇ 'ਤੇ ਚਰਚਾ

## ਵਿਧਾਨ ਸਭਾ ਸਕੱਤਰੇਤ ਵਿੱਚ ਹੋਈ ਬੈਠਕ ਵਿਚ ਦੋ ਮੈਂਬਰ ਰਹੇ ਗੈਰਹਾਜ਼ਰ; ਨਿੱਝਰ ਨੇ ਹਰ ਹਫ਼ਤੇ ਮੀਟਿੰਗ ਸੱਦਣ ਦਾ ਕੀਤਾ ਦਾਅਵਾ

**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਧਾਨ ਸਭਾ ਵੱਲੋਂ ਗਠਿਤ ਸਿਲੈਕਟ ਕਮੇਟੀ ਨੇ ਬੇਅਦਬੀ ਖਿਲਾਫ ਬਿੱਲ ਦੇ ਖਰੜੇ 'ਤੇ ਅੱਜ ਪਹਿਲੀ ਮੀਟਿੰਗ ਕੀਤੀ। 'ਆਪ' ਵਿਧਾਇਕ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਚੇਅਰਮੈਨ ਇੰਦਰਬੀਰ ਸਿੰਘ ਨਿੱਝਰ ਦੀ ਅਗਵਾਈ ਵਾਲੀ ਕਮੇਟੀ ਦੀ ਮੀਟਿੰਗ ਵਿੱਚ 15 ਮੈਂਬਰਾਂ ਵਿੱਚੋਂ 13 ਵਿਧਾਇਕ ਮੌਜੂਦ ਸਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੀ ਮੀਟਿੰਗ ਵਿੱਚ ਮੌਜੂਦ ਸਨ।

ਮੀਟਿੰਗ ਤੋ ਬਾਅਦ ਨਿੱਝਰ ਨੇ ਕਿਹਾ ਕਿ ਅਗਲੀ ਮੀਟਿੰਗ ਮੰਗਲਵਾਰ ਨੂੰ ਹੋਵੇਗੀ। ਉਨ੍ਹਾਂ ਕਿਹਾ ਕਿ ਕਮੇਟੀ ਵੱਲੋਂ ਦੇਸ਼ ਵਿਦੇਸ਼ 'ਚ ਇਸ ਬਾਰੇ ਬਣੇ ਕਾਨੂੰਨਾਂ ਦੀ ਘੋਖ ਕੀਤੀ ਜਾਵੇਗੀ ਅਤੇ ਆਮ ਲੋਕਾਂ ਦੇ ਸੁਝਾਅ ਵੀ ਲਏ ਜਾਣਗੇ। ਨਿੱਝਰ ਨੇ ਕਿਹਾ ਕਿ ਉਹ ਹਰ ਹਫ਼ਤੇ ਮੀਟਿੰਗ ਕਰਨਗੇ।

ਸਿਲੈਕਟ ਕਮੇਟੀ ਦੀ ਅੱਜ ਦੀ ਮੀਟਿੰਗ ਵਿਧਾਨ ਸਭਾ ਸਕੱਤਰੇਤ ਵਿੱਚ ਹੋਈ ਅਤੇ ਇਹ ਨਵੇਂ ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਿੱਲ, 2025 ਦੇ ਉਪਬੰਧਾਂ 'ਤੇ ਜਨਤਾ ਦੇ ਨਾਲ-ਨਾਲ ਧਾਰਮਿਕ ਆਗੂਆਂ ਅਤੇ ਧਾਰਮਿਕ ਸੰਸਥਾਵਾਂ ਦੇ ਮੁਖੀਆਂ ਤੋਂ ਫੀਡਬੈਕ ਲੈਣ ਦੀਆਂ ਯੋਜਨਾਵਾਂ ਤਿਆਰ ਕਰਨ ਲਈ ਬੁਲਾਈ ਗਈ ਸੀ।

ਕਮੇਟੀ ਵਿੱਚ ਕਾਂਗਰਸ ਦੇ ਦੋ ਵਿਧਾਇਕ- ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਬਲਵਿੰਦਰ ਸਿੰਘ, ਭਾਜਪਾ (ਜੰਗੀ ਲਾਲ ਮਹਾਜਨ) ਅਤੇ ਸ਼੍ਰੋਮਣੀ ਅਕਾਲੀ ਦਲ (ਮਨਪ੍ਰੀਤ ਸਿੰਘ ਇਆਲੀ) ਤੋਂ ਇੱਕ-ਇੱਕ ਮੈਂਬਰ ਸ਼ਾਮਲ ਹਨ। ਇਸ ਤੋਂ ਇਲਾਵਾ ਸੱਤਾਧਾਰੀ 'ਆਪ' ਦੇ ਦਸ ਮੈਂਬਰ ਅਜੈ ਗੁਪਤਾ, ਅਮਨਦੀਪ ਕੌਰ, ਇੰਦਰਜੀਤ ਕੌਰ ਮਾਨ, ਬਲਜਿੰਦਰ ਕੌਰ, ਨੀਨਾ ਮਿੱਤਲ, ਜਗਦੀਪ ਕੰਬੋਜ, ਬੁੱਧ ਰਾਮ, ਬ੍ਰਹਮ ਸ਼ੰਕਰ ਜਿੰਪਾ, ਮਦਨ ਬੱਗਾ ਅਤੇ ਮੁਹੰਮਦ ਜਮੀਲ ਉਰ ਰਹਿਮਾਨ ਹਨ।

# ਪੰਜਾਬ ਸਰਕਾਰ ਵੱਲੋਂ ਮੈਡੀਕਲ ਅਤੇ ਡੈਂਟਲ ਇੰਟਰਨਾਂ ਅਤੇ ਰੈਜ਼ੀਡੈਂਟਾਂ ਦੇ ਮਾਣਭੱਤੇ ਵਿੱਚ ਮਹੱਤਵਪੂਰਨ ਵਾਧਾ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਦੀ ਸਿੱਖਿਆ ਅਤੇ ਸਿਹਤ ਖੇਤਰਾਂ ਨੂੰ ਮਜ਼ਬੂਤ ਕਰਨ ਦੀ ਅਟੁੱਟ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਸੂਬੇ ਦੇ ਸਰਕਾਰੀ ਮੈਡੀਕਲ ਅਤੇ ਡੈਂਟਲ ਕਾਲਜਾਂ ਵਿੱਚ ਇੰਟਰਨਾਂ, ਜੂਨੀਅਰ ਰੈਜ਼ੀਡੈਂਟਾਂ ਅਤੇ ਸੀਨੀਅਰ ਰੈਜ਼ੀਡੈਂਟਾਂ ਦੇ ਪ੍ਰਤੀ ਮਹੀਨਾ ਮਾਣਭੱਤੇ (ਸਟਾਈਫੰਡ) ਵਿੱਚ ਮਹੱਤਵਪੂਰਨ ਵਾਧੇ ਦਾ ਐਲਾਨ ਕੀਤਾ।

ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਇਹ ਐਲਾਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਰਤਮਾਨ ਵਿੱਚ ਪੰਜਾਬ ਦੇ ਸਰਕਾਰੀ ਮੈਡੀਕਲ ਅਤੇ ਡੈਂਟਲ ਕਾਲਜਾਂ ਵਿੱਚ ਇੰਟਰਨਾਂ ਦੀਆਂ 907, ਜੂਨੀਅਰ ਰੈਜ਼ੀਡੈਂਟਾਂ ਦੀਆਂ 1408 ਅਤੇ ਸੀਨੀਅਰ ਰੈਜ਼ੀਡੈਂਟਾਂ ਦੀਆਂ 754 ਮਨਜ਼ੂਰਸ਼ੁਦਾ ਅਸਾਮੀਆਂ ਹਨ। ਉਨ੍ਹਾਂ ਕਿਹਾ ਕਿ ਇੰਟਰਨਾਂ ਲਈ ਮਾਣਭੱਤਾ 15,000 ਰੁਪਏ ਤੋਂ ਵਧਾ ਕੇ 22,000 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ। ਜੂਨੀਅਰ ਰੈਜ਼ੀਡੈਂਟਾਂ ਲਈ ਨਵੇਂ ਮਾਣਭੱਤਾ ਢਾਂਚੇ ਵਿੱਚ ਮੌਜੂਦਾ 67,968 ਰੁਪਏ ਪ੍ਰਤੀ ਮਹੀਨਾ ਤੋਂ ਵੱਧ ਕੇ ਪਹਿਲੇ ਸਾਲ ਵਿੱਚ 76,000 ਰੁਪਏ, ਦੂਜੇ ਸਾਲ ਵਿੱਚ 77,000 ਰੁਪਏ ਅਤੇ ਤੀਜੇ ਸਾਲ ਵਿੱਚ 78,000 ਰੁਪਏ ਹੋ ਜਾਣਗੇ। ਇਸੇ ਤਰ੍ਹਾਂ, ਸੀਨੀਅਰ ਰੈਜ਼ੀਡੈਂਟਾਂ ਨੂੰ ਉਨ੍ਹਾਂ ਦੇ ਮੌਜੂਦਾ 81,562 ਰੁਪਏ ਪ੍ਰਤੀ ਮਹੀਨਾ ਤੋਂ ਵਧ ਕੇ ਪਹਿਲੇ ਸਾਲ ਵਿੱਚ 92,000 ਰੁਪਏ, ਦੂਜੇ ਸਾਲ ਵਿੱਚ 93,000 ਰੁਪਏ ਅਤੇ ਤੀਜੇ ਸਾਲ ਵਿੱਚ 94,000 ਰੁਪਏ ਮਿਲਣਗੇ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਿੱਖਿਆ ਅਤੇ ਸਿਹਤ ਖੇਤਰਾਂ ਲਈ ਲੋੜੀਂਦੇ ਸਰੋਤ ਮੁਹਈਆ ਕਰਨ ਪ੍ਰਤੀ ਰਾਜ ਸਰਕਾਰ ਦੇ ਸਮਰਪਣ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਇਨ੍ਹਾਂ ਮਾਣਭੱਤਿਆਂ 'ਤੇ ਸਾਲਾਨਾ ਖਰਚਾ, ਜੋ ਵਰਤਮਾਨ ਵਿੱਚ 204.96 ਕਰੋੜ ਰੁਪਏ ਹੈ, ਇਸ ਵਾਧੇ ਤੋਂ ਬਾਅਦ 238.18 ਕਰੋੜ ਰੁਪਏ ਹੋ ਜਾਵੇਗਾ, ਜੋ ਕਿ ਸਾਲਾਨਾ ਲਗਭਗ 33.22 ਕਰੋੜ ਰੁਪਏ ਦਾ ਵਾਧਾ ਦਰਸਾਉਂਦਾ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਰਾਜ ਭਰ ਵਿੱਚ ਸਿਹਤ ਸੰਭਾਲ ਸੁਵਿਧਾਵਾਂ ਦੇ ਵਿਕਾਸ ਪ੍ਰਤੀ ਪੰਜਾਬ ਸਰਕਾਰ ਦੇ ਸੰਕਲਪ ਦੀ ਪੁਸ਼ਟੀ ਵੀ ਕੀਤੀ। ਉਨ੍ਹਾਂ ਇਸ ਮੌਕੇ ਹਾਲ ਹੀ ਵਿੱਚ ਹਰੇਕ ਨਾਗਰਿਕ ਨੂੰ 10 ਲੱਖ ਰੁਪਏ ਦਾ ਬੀਮਾ ਕਵਰ ਪ੍ਰਦਾਨ ਕਰਨ ਦੀ ਸੂਬਾ ਸਰਕਾਰ ਦੀ ਪਹਿਲਕਦਮੀ ਦਾ ਵੀ ਜ਼ਿਕਰ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਲੋਕ ਭਲਾਈ 'ਤੇ ਸਰਕਾਰ ਦੇ ਫੋਕਸ ਨੂੰ ਦਰਸਾਉਂਦੇ ਹਨ। ਵਿੱਤ ਮੰਤਰੀ ਨੇ ਭਰੋਸਾ ਦਿੱਤਾ ਕਿ ਪੰਜਾਬ ਵਿੱਚ ਸਿਹਤ ਸੰਭਾਲ ਢਾਂਚੇ ਅਤੇ ਸੇਵਾਵਾਂ ਦੇ ਨਿਰੰਤਰ ਵਿਕਾਸ ਅਤੇ ਸੁਧਾਰ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੋਵੇਗੀ।

# ਭਾਰਤ ਤੋਂ ਪਹਿਲਾਂ ਇਹ ਛੋਟਾ ਜਿਹਾ ਦੇਸ਼ ਚੰਦਰਮਾ 'ਤੇ ਸਥਾਪਤ ਕਰਨਾ ਚਾਹੁੰਦਾ ਹੈ ਮਨੁੱਖੀ ਬਸਤੀ

**ਨਵੀਂ ਦਿੱਲੀ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤ, ਅਮਰੀਕਾ ਅਤੇ ਰੂਸ ਸਮੇਤ ਕਈ ਦੇਸ਼ ਚੰਦਰਮਾ 'ਤੇ ਆਪਣੀ-ਆਪਣੀ ਬਸਤੀ ਬਣਾਉਣ ਦੀ ਯੋਜਨਾ ਬਣਾ ਰਹੇ ਹਨ। ਇਸ ਸੂਚੀ ਵਿੱਚ ਇੱਕ ਛੋਟਾ ਜਿਹਾ ਦੇਸ਼ ਵੀ ਸ਼ਾਮਲ ਹੋ ਗਿਆ ਹੈ। ਹਾਲ ਹੀ ਦੇ ਸਾਲਾਂ ਵਿੱਚ, ਦੁਨੀਆ ਦੇ ਕਈ ਦੇਸ਼ਾਂ ਨੇ ਚੰਦਰਮਾ ਨਾਲ ਸਬੰਧਤ ਮਿਸ਼ਨਾਂ 'ਤੇ ਆਪਣਾ ਧਿਆਨ ਕੇਂਦਰਿਤ ਕੀਤਾ ਹੈ। ਚੰਦਰਯਾਨ-3 ਦੀ ਸਫਲਤਾ ਤੋਂ ਬਾਅਦ, ਇਸਰੋ ਚੰਦਰਯਾਨ-4 ਦੀਆਂ ਤਿਆਰੀਆਂ ਵਿੱਚ ਰੁੱਝਿਆ ਹੋਇਆ ਹੈ। ਨਾਲ ਹੀ, ਚੰਦਰਮਾ 'ਤੇ ਸਪੇਸ ਸਟੇਸ਼ਨ ਲਾਂਚ ਕਰਨ ਦੀਆਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ, ਪਰ ਅੱਜ ਚਰਚਾ ਉਨ੍ਹਾਂ ਲੋਕਾਂ ਬਾਰੇ ਹੈ ਜੋ ਚੰਦਰਮਾ 'ਤੇ ਅਧਾਰ ਬਣਾਉਣ ਦੀ ਯੋਜਨਾ ਬਣਾ ਰਹੇ ਹਨ। ਦੱਖਣੀ ਕੋਰੀਆ ਦੀ ਪੁਲਾੜ ਵਿੱਚ ਦਿਲਚਸਪੀ ਲਗਾਤਾਰ ਵੱਧ ਰਹੀ ਹੈ। ਅਜਿਹੀ ਸਥਿਤੀ ਵਿੱਚ, ਦੱਖਣੀ ਕੋਰੀਆ ਚੰਦਰਮਾ 'ਤੇ ਇੱਕ ਅਧਾਰ ਬਣਾਉਣਾ ਚਾਹੁੰਦਾ ਹੈ। ਇਸਦੀ ਸਮਾਂ ਸੀਮਾ 2045 ਨਿਰਧਾਰਤ ਕੀਤੀ ਗਈ ਹੈ।

ਕੋਰੀਆ ਟਾਈਮਜ਼ ਦੇ ਅਨੁਸਾਰ, ਕੋਰੀਆ ਏਅਰੋਸਪੇਸ ਪ੍ਰਸ਼ਾਸਨ ਨੇ ਡੇਜੇਓਨ ਵਿੱਚ ਇੱਕ ਸੁਣਵਾਈ ਦੌਰਾਨ ਇੱਕ ਰੋਡਮੈਪ ਪੇਸ਼ ਕੀਤਾ ਜਿਸ ਵਿੱਚ ਪੰਜ ਮੁੱਖ ਮਿਸ਼ਨਾਂ ਦਾ ਜ਼ਿਕਰ ਕੀਤਾ ਗਿਆ ਸੀ। ਸਪੇਸ ਡਾਟ ਕਾਮ ਦੀ ਰਿਪੋਰਟ ਅਨੁਸਾਰ, ਰੋਡਮੈਪ ਵਿੱਚ ਦੱਸੇ ਗਏ ਮਿਸ਼ਨਾਂ ਵਿੱਚ ਲੋਅ ਅਰਥ ਔਰਬਿਟ, ਮਾਈਕ੍ਰੋਗ੍ਰੈਵਿਟੀ ਐਕਸਪਲੋਰੇਸ਼ਨ, ਲੂਨਰ ਐਕਸਪਲੋਰੇਸ਼ਨ, ਸੋਲਰ ਅਤੇ ਸਪੇਸ ਸਾਇੰਸ ਮਿਸ਼ਨ ਸ਼ਾਮਲ ਹਨ।

ਦੱਖਣੀ ਕੋਰੀਆ ਦੀ ਪੁਲਾੜ ਏਜੰਸੀ CASA ਦੀ ਸਥਾਪਨਾ ਪਿਛਲੇ ਸਾਲ ਘਰੇਲੂ ਤੌਰ 'ਤੇ ਤਿਆਰ ਕੀਤੀਆਂ ਚੰਦਰਮਾ ਲੈਂਡਿੰਗ ਅਤੇ ਰੋਵਿੰਗ ਤਕਨਾਲੋਜੀਆਂ ਨੂੰ ਵਿਕਸਤ ਕਰਨ ਦੇ ਟੀਚੇ ਨਾਲ ਕੀਤੀ ਗਈ ਸੀ।

ਹਾਲ ਹੀ ਵਿੱਚ ਕੋਰੀਆ ਨੇ ਇੱਕ ਅਜਿਹੀ ਤਕਨੀਕ ਦੀ ਜਾਂਚ ਕੀਤੀ ਹੈ ਜਿਸਦੀ ਮਦਦ ਨਾਲ ਭਵਿੱਖ ਵਿੱਚ ਪੁਲਾੜ ਵਿੱਚ ਖੁਦਾਈ ਕੀਤੀ ਜਾ ਸਕਦੀ ਹੈ।

ਦੱਖਣੀ ਕੋਰੀਆ ਕੋਲ ਚੰਦਰਮਾ ਮਿਸ਼ਨਾਂ ਵਾਲੇ ਦੂਜੇ ਦੇਸ਼ਾਂ ਜਿੰਨਾ ਤਜਰਬਾ ਨਹੀਂ ਹੈ, ਪਰ ਉਸ ਕੋਲ ਕੁਝ ਤਜਰਬਾ ਜ਼ਰੂਰ ਹੈ। ਸਾਲ 2022 ਵਿੱਚ, ਦੇਸ਼ ਨੇ ਆਪਣਾ ਪਹਿਲਾ ਮੂਨ ਪ੍ਰੋਬ ਲਾਂਚ ਕੀਤਾ, ਜੋ ਚਾਰ ਮਹੀਨਿਆਂ ਬਾਅਦ ਪੁਲਾੜ ਵਿੱਚ ਪਹੁੰਚਿਆ। ਇਸ ਪ੍ਰੋਬ ਦਾ ਨਾਮ ਕੋਰੀਆ ਪਾਥਫਾਈਂਡਰ ਲੂਨਰ ਆਰਬਿਟਰ ਹੈ, ਜਿਸਨੂੰ ਦਾਨੂਰੀ ਵੀ ਕਿਹਾ ਜਾਂਦਾ ਹੈ, ਅਤੇ ਇਹ ਚੰਦਰਮਾ ਦਾ ਅਧਿਐਨ ਕਰ ਰਿਹਾ ਹੈ।

ਦੱਖਣੀ ਕੋਰੀਆ ਪਹਿਲਾਂ ਹੀ 2032 ਤੱਕ ਚੰਦਰਮਾ ਦੀ ਸਤ ?ਹਾ 'ਤੇ ਇੱਕ ਰੋਬੋਟਿਕ ਲੈਂਡਰ ਉਤਾਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਨਵੀਨਤਮ ਯੋਜਨਾ ਮਿਸ਼ਨ ਨੂੰ ਹੋਰ ਵੀ ਵੱਡਾ ਬਣਾ ਦੇਵੇਗੀ।

ਦੱਖਣੀ ਕੋਰੀਆ ਇਕੱਲਾ ਦੇਸ਼ ਨਹੀਂ ਹੈ ਜੋ ਚੰਦਰਮਾ 'ਤੇ ਬੇਸ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ, ਸਗੋਂ ਨਾਸਾ ਵੀ ਆਰਟੇਮਿਸ ਮਿਸ਼ਨ ਰਾਹੀਂ ਅਗਲੇ ਦਹਾਕੇ ਵਿੱਚ ਇੱਕ ਜਾਂ ਇੱਕ ਤੋਂ ਵੱਧ ਬੇਸ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ।

Space.com ਦੀ ਰਿਪੋਰਟ ਦੇ ਅਨੁਸਾਰ, ਭਾਰਤ 2047 ਤੱਕ ਚੰਦਰਮਾ 'ਤੇ ਇੱਕ ਬੇਸ ਬਣਾਉਣਾ ਚਾਹੁੰਦਾ ਹੈ। ਚੀਨ ਵੀ ਰੂਸ ਅਤੇ ਹੋਰ ਦੇਸ਼ਾਂ ਦੇ ਸਹਿਯੋਗ ਨਾਲ ਇਸ ਟੀਚੇ ਵੱਲ ਕੰਮ ਕਰ ਰਿਹਾ ਹੈ।

# ਪਾਕਿਸਤਾਨੀ ਪਾਸਪੋਰਟ ਸਭ ਤੋਂ ਘੱਟ ਸ਼ਕਤੀਸ਼ਾਲੀ, ਭਾਰਤ 77ਵੇਂ ਸਥਾਨ 'ਤੇ

**ਇਸਲਾਮਾਬਾਦ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

'ਡਾਅਨ' ਦੀ ਰਿਪੋਰਟ ਅਨੁਸਾਰ ਪਾਕਿਸਤਾਨ ਦਾ ਯਾਤਰਾ ਦਸਤਾਵੇਜ਼(ਪਾਸਪੋਰਟ) ਕੌਮਾਂਤਰੀ ਪੱਧਰ 'ਤੇ 'ਸਭ ਤੋਂ ਘੱਟ ਸ਼ਕਤੀਸ਼ਾਲੀ' ਵਜੋਂ ਸੂਚੀਬੱਧ ਹੈ, ਜੋ ਸਿਰਫ 32 ਸਥਾਨਾਂ 'ਤੇ ਵੀਜ਼ਾ-ਮੁਕਤ ਪਹੁੰਚ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ ਹੋਰ ਏਸ਼ੀਆਈ ਦੇਸ਼ਾਂ ਦੇ ਪਾਸਪੋਰਟ ਵਿਸ਼ਵ ਭਰ ਵਿੱਚ ਸਭ ਤੋਂ ਮਜ਼ਬੂਤ ? ?ਵਜੋਂ ਉੱਭਰੇ ਹਨ। 2025 ਲਈ ਹੈਨਲੇ ਪਾਸਪੋਰਟ ਇੰਡੈਕਸ ਅਨੁਸਾਰ ਪਾਕਿਸਤਾਨ ਵਰਤਮਾਨ ਵਿੱਚ ਸੂਚੀ ਵਿੱਚ 96ਵੇਂ ਸਥਾਨ 'ਤੇ ਹੈ, ਜਿਸ ਨਾਲ ਇਹ ਸੋਮਾਲੀਆ, ਯਮਨ, ਇਰਾਕ, ਸੀਰੀਆ ਅਤੇ ਅਫਗਾਨਿਸਤਾਨ ਵਰਗੇ ਸੰਘਰਸ਼ ਪ੍ਰਭਾਵਿਤ ਦੇਸ਼ਾਂ ਤੋਂ ਅੱਗੇ ਹੈ।

ਦੇਸ਼ ਦੀ ਰੈਂਕਿੰਗ ਵਿੱਚ ਮਾਮੂਲੀ ਸੁਧਾਰ ਹੋਇਆ ਹੈ। ਸਾਲ 2024 ਵਿੱਚ ਪਾਕਿਸਤਾਨੀ ਪਾਸਪੋਰਟ ਲਗਾਤਾਰ ਚੌਥੇ ਸਾਲ ਯਮਨ ਦੇ ਨਾਲ ਵਿਸ਼ਵ ਪੱਧਰ 'ਤੇ ਚੌਥਾ ਸਭ ਤੋਂ ਖਰਾਬ ਦਰਜਾ ਪ੍ਰਾਪਤ ਪਾਸਪੋਰਟ ਸੀ।

ਹੈਨਲੇ ਪਾਸਪੋਰਟ ਇੰਡੈਕਸ 227 ਯਾਤਰਾ ਸਥਾਨਾਂ ਵਿੱਚ 199 ਵੱਖ-ਵੱਖ ਪਾਸਪੋਰਟਾਂ ਦੇ ਵੀਜ਼ਾ-ਮੁਕਤ ਅਧਿਕਾਰਾਂ ਦਾ ਮੁਲਾਂਕਣ ਕਰਦਾ ਹੈ। ਇਹ ਦੇਸ਼ਾਂ ਨੂੰ ਸਥਾਨਾਂ ਦੀ ਸੰਖਿਆ ਦੇ ਅਧਾਰ 'ਤੇ ਦਰਜਾ ਦਿੰਦਾ ਹੈ, ਜਿੱਥੇ ਉਸ ਦੇਸ਼ ਦੇ ਪਾਸਪੋਰਟ ਧਾਰਕ ਬਿਨਾਂ ਪਹਿਲਾਂ ਵੀਜ਼ਾ ਪ੍ਰਾਪਤ ਕੀਤੇ ਯਾਤਰਾ ਕਰ ਸਕਦੇ ਹਨ। 1 ਦਾ ਸਕੋਰ ਉਦੋਂ ਦਿੱਤਾ ਜਾਂਦਾ ਹੈ ਜਦੋਂ ਕਿਸੇ ਵੀਜ਼ੇ ਦੀ ਲੋੜ ਨਹੀਂ ਹੁੰਦੀ, ਨਾਲ ਹੀ ਅਜਿਹੀਆਂ ਸਥਿਤੀਆਂ ਵਿੱਚ ਜਿੱਥੇ ਵੀਜ਼ਾ ਆਨ ਅਰਾਈਵਲ (੭®1), ਇੱਕ ਵਿਜ਼ਟਰ ਪਰਮਿਟ, ਜਾਂ ਇੱਕ ਇਲੈਕਟ ?ਰਾਨਿਕ ਯਾਤਰਾ ਅਥਾਰਟੀ (ETA) ਉਪਲਬਧ ਹੋਵੇ।

ਇਸ ਦੇ ਉਲਟ 0 ਦਾ ਸਕੋਰ ਉਦੋਂ ਨਿਰਧਾਰਤ ਕੀਤਾ ਜਾਂਦਾ ਹੈ ਜਦੋਂ ਵੀਜ਼ੇ ਦੀ ਲੋੜ ਹੁੰਦੀ ਹੈ, ਜਾਂ ਜਦੋਂ ਪਾਸਪੋਰਟ ਧਾਰਕ ਨੂੰ ਯਾਤਰਾ ਤੋਂ ਪਹਿਲਾਂ ਸਰਕਾਰ ਵੱਲੋਂ ਪ੍ਰਵਾਨਿਤ ਇਲੈਕਟਰਾਨਿਕ ਵੀਜ਼ਾ (ਈ-ਵੀਜ਼ਾ) ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ ਹੈ। 'ਡਾਅਨ' ਦੀ ਰਿਪੋਰਟ ਅਨੁਸਾਰ ਇਹ ਉਨ੍ਹਾਂ ਮਾਮਲਿਆਂ 'ਤੇ ਵੀ ਲਾਗੂ ਹੁੰਦਾ ਹੈ ਜਿਨ੍ਹਾਂ ਲਈ ਵੀਜ਼ਾ ਆਨ ਅਰਾਈਵਲ ਲਈ ਯਾਤਰਾ ਤੋਂ ਪਹਿਲਾਂ ਸਰਕਾਰੀ ਮਨਜ਼ੂਰੀ ਦੀ ਲੋੜ ਹੁੰਦੀ ਹੈ।

ਇਸ ਰਿਪੋਰਟ ਵਿਚ ਸਿੰਗਾਪੁਰ ਸਿਖਰਲੇ ਸਥਾਨ 'ਤੇ ਹੈ, ਜਪਾਨ ਅਤੇ ਦੱਖਣੀ ਕੋਰੀਆ ਸੂਚਕ ਵਿੱਚ ਦੂਜੇ ਸਥਾਨ 'ਤੇ ਬਰਾਬਰ ਹਨ। ਸੱਤ ਯੂਰਪੀਅਨ ਯੂਨੀਅਨ ਪਾਸਪੋਰਟ ਤੀਜੇ ਸਥਾਨ 'ਤੇ ਹਨ ਜਿਨ੍ਹਾਂ ਵਿਚ ਡੈਨਮਾਰਕ, ਫਿਨਲੈਂਡ, ਫਰਾਂਸ, ਜਰਮਨੀ, ਆਇਰਲੈਂਡ, ਇਟਲੀ ਅਤੇ ਸਪੇਨ ਦੇਸ਼ ਹਨ। ਸੱਤ ਹੋਰ ਯੂਰਪੀਅਨ ਦੇਸ਼ ਆਸਟਰੀਆ, ਬੈਲਜੀਅਮ, ਲਕਸਮਬਰਗ, ਨੀਦਰਲੈਂਡ, ਨਾਰਵੇ, ਪੁਰਤਗਾਲ ਅਤੇ ਸਵੀਡਨ ਚੌਥੇ ਸਥਾਨ 'ਤੇ ਬਰਾਬਰ ਹਨ। ਇਸ ਦੌਰਾਨ 'ਡਾਅਨ' ਦੀ ਰਿਪੋਰਟ ਅਨੁਸਾਰ ਨਿਊਜ਼ੀਲੈਂਡ ਗ੍ਰੀਸ ਅਤੇ ਸਵਿਟਜ਼ਰਲੈਂਡ ਦੇ ਨਾਲ ਪੰਜਵੇਂ ਸਥਾਨ 'ਤੇ ਬਰਾਬਰ ਹੈ।

ਉਧਰ ਯੂਕੇ ਅਤੇ ਯੂਐੱਸ ਦੋਵਾਂ ਦੀ ਜਨਵਰੀ ਤੋਂ ਬਾਅਦ ਗਲੋਬਲ ਪਾਸਪੋਰਟ ਰੈਂਕਿੰਗ ਵਿੱਚ ਇੱਕ-ਇੱਕ ਸਥਾਨ ਦੀ ਗਿਰਾਵਟ ਆਈ ਹੈ।

# ਯੂਟੀ ਮੁੱਖ ਸਕੱਤਰ ਨੇ ਚੰਡੀਗੜ੍ਹ ਪਾਵਰ ਡਿਸਟ ?ਰੀਬਿਊਸ਼ਨ ਲਿਮਿਟਿਡ (ਸੀਪੀਡੀਐੱਲ-CPDL) ਨੂੰ ਸੰਭਾਲਣ ਤੋਂ ਬਾਅਦ ਦੀ ਪ੍ਰਗਤੀ ਦੀ ਸਮੀਖਿਆ ਕੀਤੀ

**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਪਾਵਰ ਡਿਸਟ ?ਰੀਬਿਊਸ਼ਨ ਲਿਮਿਟਿਡ (ਸੀਪੀਡੀਐੱਲ-CPDL) ਦੁਆਰਾ 1 ਫਰਵਰੀ 2025 ਨੂੰ ਬਿਜਲੀ ਵੰਡ ਦਾ ਚਾਰਜ ਸੰਭਾਲਣ ਤੋਂ ਬਾਅਦ ਦੀ ਪ੍ਰਗਤੀ ਅਤੇ ਮੁੱਖ ਵਿਕਾਸ ਦਾ ਮੁੱਲਾਂਕਣ ਕਰਨ ਲਈ ਅੱਜ ਯੂਟੀ ਮੁੱਖ ਸਕੱਤਰ ਸ਼੍ਰੀ ਰਾਜੀਵ ਵਰਮਾ ਦੀ ਪ੍ਰਧਾਨਗੀ ਹੇਠ ਇੱਕ ਸਮੀਖਿਆ ਬੈਠਕ ਬੁਲਾਈ ਗਈ।

ਬੈਠਕ ਵਿੱਚ ਸ਼੍ਰੀਮਤੀ ਪ੍ਰੇਰਣਾ ਪੁਰੀ, ਸਕੱਤਰ ਇੰਜੀਨੀਅਰਿੰਗ; ਸ਼੍ਰੀ ਸੀ.ਬੀ. ਓਝਾ, ਮੁੱਖ ਇੰਜੀਨੀਅਰ; ਸੀਨੀਅਰ ਸੀਪੀਡੀਐੱਲ ਅਧਿਕਾਰੀ; ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਪ੍ਰਤੀਨਿਧੀ ਸ਼ਾਮਲ ਹੋਏ।

ਮੁੱਖ ਸਕੱਤਰ ਨੇ ਚੰਡੀਗੜ੍ਹ ਪਾਵਰ ਡਿਸਟਰੀਬਿਊਸ਼ਨ ਲਿਮਿਟਿਡ (ਸੀਪੀਡੀਐੱਲ-CPDL) ਨੂੰ ਜਨਤਕ ਅਸੁਵਿਧਾ ਤੋਂ ਬਚਣ ਲਈ ਬਿਜਲੀ ਬੰਦ ਨੂੰ ਘੱਟ ਤੋਂ ਘੱਟ ਕਰਨ ਅਤੇ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਸੈਕਟਰ 56 ਸਬ ਸਟੇਸ਼ਨ 'ਤੇ ਨਮੀ ਕਾਰਨ ਬੱਸਬਾਰ (busbar) ਫਲੈਸ਼ ਹੋਣ ਤੋਂ ਬਾਅਦ ਕਈ ਸੈਕਟਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਹਾਲ ਹੀ ਵਿੱਚ ਸੱਤ ਘੰਟੇ ਲੰਬੇ ਬਿਜਲੀ ਕੱਟ 'ਤੇ ਚਿੰਤਾ ਪ੍ਰਗਟ ਕੀਤੀ। ਚੰਡੀਗੜ੍ਹ ਪਾਵਰ ਡਿਸਟ ?ਰੀਬਿਊਸ਼ਨ ਲਿਮਿਟਿਡ (ਸੀਪੀਡੀਐੱਲ-CPDL) ਦੇ ਅਧਿਕਾਰੀਆਂ ਨੇ ਦੱਸਿਆ ਕਿ ਮੌਨਸੂਨ ਲਈ ਸਾਵਧਾਨੀ ਵਜੋਂ ਐਂਟੀ-ਹਾਈਗ੍ਰੋਸਕੋਪਿਕ ਪੇਂਟ ਲਗਾਇਆ ਗਿਆ ਸੀ, ਪਰ ਇਹ ਨਾਕਾਫ਼ੀ ਸਾਬਤ ਹੋਇਆ। ਉਨ੍ਹਾਂ ਨੇ ਅੱਗੇ ਕਿਹਾ ਕਿ ਭਵਿੱਖ ਵਿੱਚ ਅਜਿਹੇ ਟੁੱਟਣ ਨੂੰ ਰੋਕਣ ਲਈ ਹੁਣ ਡੀਹਿਊਮਿਡੀਫਾਇਰ ਦੀ ਵਰਤੋਂ ਕੀਤੀ ਜਾਵੇਗੀ।

ਬੈਠਕ ਦੌਰਾਨ, ਮੁੱਖ ਸਕੱਤਰ ਨੂੰ ਚੰਡੀਗੜ੍ਹ ਪਾਵਰ ਡਿਸਟ ?ਰੀਬਿਊਸ਼ਨ ਲਿਮਿਟਿਡ (ਸੀਪੀਡੀਐੱਲ-CPDL) ਦੁਆਰਾ ਸ਼ਹਿਰ ਦੇ ਬਿਜਲੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੀਤੇ ਗਏ ਕਈ ਵੱਡੇ ਉਪਰਾਲਿਆਂ ਬਾਰੇ ਜਾਣੂ ਕਰਵਾਇਆ ਗਿਆ। ਇਹ ਦੱਸਿਆ ਗਿਆ ਕਿ ਤਿੰਨ 20 ਐੱਮਵੀਏ ਪਾਵਰ ਟ ?ਰਾਂਸਫਾਰਮਰ ਲਗਾਏ ਗਏ ਹਨ, ਅਤੇ 28 ਡਿਸਟ ?ਰੀਬਿਊਸ਼ਨ ਟਰਾਂਸਫਾਰਮਰ ਬਦਲ ਦਿੱਤੇ ਗਏ ਹਨ ਤਾਂ ਜੋ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਇਆ ਜਾ ਸਕੇ।

ਇਸ ਤੋਂ ਇਲਾਵਾ, ਸਾਰੇ ਗ੍ਰਿੱਡ ਸਬਸਟੇਸ਼ਨਾਂ ਵਿੱਚ ਕੀਤੇ ਗਏ ਵਿਆਪਕ ਰੱਖ-ਰਖਾਅ ਦੇ ਨਤੀਜੇ ਵਜੋਂ 59 ਐੱਮਵੀਏ ਸਮਰੱਥਾ ਨੂੰ ਅਨਲੌਕ ਕੀਤਾ ਗਿਆ, ਜਿਸ ਨਾਲ ਸੀਪੀਡੀਐੱਲ ਸ਼ਹਿਰ ਦੀ ਹੁਣ ਤੱਕ ਦੀ ਸਭ ਤੋਂ ਵੱਧ 465 ਮੈਗਾਵਾਟ ਦੀ ਮੰਗ ਨੂੰ ਕੁਸ਼ਲਤਾ ਨਾਲ ਪੂਰਾ ਕਰ ਸਕਿਆ।

ਬਿਜਲੀ ਬੰਦ ਹੋਣ ਨੂੰ ਘੱਟ ਕਰਨ ਅਤੇ ਸ਼ਿਕਾਇਤ ਨਿਵਾਰਣ ਨੂੰ ਬਿਹਤਰ ਬਣਾਉਣ ਲਈ ਉਠਾਏ ਗਏ ਉਪਾਵਾਂ ਨੂੰ ਵੀ ਉਜਾਗਰ ਕੀਤਾ ਗਿਆ।

BDxG ਕਾਲ ਸੈਂਟਰ ਦੀ ਸਮਰੱਥਾ ਵਿੱਚ ਮੈਨਪਾਵਰ ਨੂੰ 17 ਤੋਂ 52 ਕਰਮਚਾਰੀਆਂ ਅਤੇ ਕਾਲ ਲਾਈਨਾਂ ਦੀ ਗਿਣਤੀ 10 ਤੋਂ 50 ਤੱਕ ਵਧਾ ਕੇ ਕਾਫ਼ੀ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਖਪਤਕਾਰਾਂ ਦੀਆਂ ਸ਼ਿਕਾਇਤਾਂ ਦੇ ਤੇਜ਼ੀ ਨਾਲ ਹੱਲ ਲਈ 49 ਸ਼ਿਕਾਇਤ ਕੇਂਦਰ ਕਾਰਜਕਾਰੀ ਅਤੇ 4 ਸੁਪਰਵਾਈਜ਼ਰ ਤੈਨਾਤ ਕੀਤੇ ਗਏ ਹਨ।




***ਹਰ ਮਾਤਾ-ਪਿਤਾ ਦਾ ਸੁਪਨਾ ਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਉੱਚ-ਸਿੱਖਿਆ ਪ੍ਰਾਪਤ ਕਰੇ ਪਰ ਮਹਿੰਗਾਈ ਦੇ ਇਸ ਦੌਰ 'ਚ ਜ਼ਿਆਦਾ ਫ਼ੀਸ ਦੇਣਾ ਆਸਾਨ ਨਹੀਂ ਹੁੰਦਾ...***



# ਐਜੂਕੇਸ਼ਨ ਲੋਨ ਸਬੰਧੀ ਨੁਕਤੇ

ਜੋ ਵਿਦਿਆਰਥੀ ਉੱਚ-ਸਿੱਖਿਆ ਚਾਹੁੰਦੇ ਹਨ ਉਨ੍ਹਾਂ ਲਈ ਐਜੂਕੇਸ਼ਨ ਲੋਨ ਬਹੁਤ ਮਦਦਗਾਰ ਹੁੰਦਾ ਹੈ। ਸਿੱਖਿਆ ਦਾ ਖ਼ਰਚ ਉਠਾਉਣ ਦਾ ਇਹ ਸਭ ਤੋਂ ਪ੍ਰਭਾਵੀ ਤਰੀਕਾ ਹੈ। ਬੈਂਕ ਅਤੇ ਐਨਬੀਐਫਸੀ ਅਜਿਹੇ ਕਰਜ਼ ਵਿਦਿਆਰਥੀਆਂ ਨੂੰ ਦਿੰਦੇ ਹਨ। ਮੌਜੂਦਾ ਸਮੇਂ 'ਚ ਐਜੂਕੇਸ਼ਨ ਕਰਜ਼ ਆਸਾਨੀ ਨਾਲ ਉਪਲਬਧ ਹੈ। ਇਸ 'ਚ ਵਿਦਿਆਰਥੀਆਂ ਦਾ ਪੁਰਾਣਾ ਸਿੱਖਿਅਕ ਰਿਕਾਰਡ, ਕੋਰਸ, ਕਾਲਜ, ਐਂਟਰੇਂਸ ਐਗਜ਼ਾਮ ਸਕੋਰ, ਕੋ-ਐਪਲੀਕੈਂਟ ਅਤੇ ਸਿਬਿਲ ਸਕੋਰ 'ਤੇ ਧਿਆਨ ਦਿੱਤਾ ਜਾਂਦਾ ਹੈ। ਅਜਿਹੇ ਵਿਦਿਆਰਥੀ ਜੋ ਐਜੂਕੇਸ਼ਨ ਲੋਨ ਲੈਣਾ ਚਾਹੁੰਦੇ ਹਨ ਜਾਂ ਲੈ ਚੁੱਕੇ ਹਨ ਉਨ੍ਹਾਂ ਨੂੰ ਇਸ ਦਾ ਧਿਆਨ ਰੱਖਣਾ ਚਾਹੀਦਾ ਹੈ।

### ਫਾਈਨਾਂਸ਼ੀਅਲ ਪਲਾਨਿੰਗ

ਅਨੁਸ਼ਾਸ਼ਿਤ ਫਾਈਨਾਂਸ਼ੀਅਲ ਪਲਾਨਿੰਗ ਸਭ ਤੋਂ ਸਹੀ ਨਤੀਜਾ ਹੈ। ਜੇ ਤੁਸੀਂ ਕਰਜ਼ਾ ਲਿਆ ਹੈ ਤਾਂ ਤੁਹਾਨੂੰ ਇਸ ਦਾ ਰੀਪੇਮੈਂਟ ਜਾਂ ਪ੍ਰੀਪੇਮੈਂਟ ਤੁਹਾਡੇ ਪਹਿਲ ਹੋਣੀ ਚਾਹੀਦੀ ਹੈ। ਇਸ ਨਾਲ ਤੁਹਾਡੇ ਕਰਜ਼ ਦਾ ਸਮਾਂ ਘਟੇਗਾ। ਵਿਦਿਆਰਥੀਆਂ ਨੂੰ ਦੂਜੇ ਤਰੀਕਿਆਂ ਨਾਲ ਪੈਸੇ ਦੀ ਬਚਤ ਕਰਨੀ ਚਾਹੀਦੀ ਹੈ ਅਤੇ ਸਾਲ ਦੇ ਆਖ਼ਰ 'ਚ ਇਸ ਫੰਡ ਤੋਂ ਆਪਣੀ ਫ਼ੀਸ ਚੁਕਾਉਣੀ ਚਾਹੀਦੀ ਹੈ।

### ਕਰਜ਼ ਦੀ ਪ੍ਰੀਪੇਮੈਂਟ

ਆਮਤੌਰ 'ਤੇ ਕਰਜ਼ ਚੁਕਾਉਣ ਲਈ 10 ਸਾਲ ਦਾ ਸਮਾਂ ਮਿਲਦਾ ਹੈ। ਜੇ ਵਿਦਿਆਰਥੀ ਦੀ ਚੰਗੀ ਤਨਖ਼ਾਹ ਹੈ ਤਾਂ ਇਸ ਕਰਜ਼ ਨੂੰ ਸਮੇਂ 'ਤੇ ਅਦਾ ਕੀਤਾ ਜਾ ਸਕਦਾ ਹੈ।

### ਵਿਆਜ ਦੀ ਰੀਪੇਮੈਂਟ

ਜਲਦੀ ਸ਼ੁਰੂਆਤ ਕਰਨਾ ਹਮੇਸ਼ਾ ਚੰਗਾ ਰਹਿੰਦਾ ਹੈ। ਐਜੂਕੇਸ਼ਨ ਲੋਨ ਕੁਝ ਗਿਰਵੀ ਰੱਖ ਕੇ ਜਾਂ ਬਿਨਾਂ ਗਿਰਵੀ ਰੱਖੇ ਵੀ ਲਿਆ ਜਾ ਸਕਦਾ ਹੈ। ਜੇ ਵਿਦਿਆਰਥੀ ਕਰਜ਼ ਲੈਣ ਲਈ ਕੁਝ ਗਿਰਵੀ ਰੱਖਦੇ ਹਨ ਤਾਂ ਉਨ੍ਹਾਂ ਨੂੰ ਘੱਟ ਵਿਆਜ ਦਰ 'ਤੇ ਕਰਜ਼ ਮਿਲਦਾ ਹੈ। ਵਿਦਿਆਰਥੀ ਜੇ ਪੜ੍ਹ ਰਹੇ ਹੋਣ ਤਾਂ ਉਹ ਕੋਈ ਪਾਰਟੀ ਟਾਈਮ ਨੌਕਰੀ ਕਰ ਕੇ ਆਪਣੇ ਕਰਜ਼ ਨੂੰ ਅਦਾ ਕਰ ਸਕਦੇ ਹਨ। ਲੋਨ 'ਤੇ ਵਿਆਜ ਸਾਧਾਰਨ ਤਰੀਕਿਆਂ ਨਾਲ ਹੀ ਜੋੜਿਆ ਜਾਂਦਾ ਹੈ, ਜਿਸ ਨਾਲ ਰਿਪੋਰਟ ਦੀ ਰਕਮ ਘੱਟ ਜਾਂਦੀ ਹੈ।

### ਸਮੇਂ ਤੋਂ ਪਹਿਲਾਂ ਕਰਜ਼ ਚੁਕਾਉਣਾ ਚਾਹੀਦੈ

ਐਜੂਕੇਸ਼ਨ ਲੋਨ 'ਤੇ ਵਿਆਜ ਦੀ ਦਰ ਫਿਲਹਾਲ 12-14 ਫ਼ੀਸਦੀ ਹੈ। ਜੇ ਵਿਦਿਆਰਥੀ ਆਪਣੀ ਤਨਖ਼ਾਹ 'ਚੋਂ ਅੱਧੀ ਰਕਮ ਤੋਂ ਕਰਜ਼ ਚੁਕਾਉਂਦਾ ਹੈ ਤਾਂ ਕਿਸ਼ਤਾਂ ਜਲਦੀ ਖ਼ਤਮ ਹੋ ਜਾਣਗੀਆਂ। ਜੇ ਕੰਪਨੀ ਬੋਨਸ ਦਿੰਦੀ ਹੈ ਤਾਂ ਇਸ ਜ਼ਰੀਏ ਵੀ ਕਰਜ਼ ਦਾ ਪ੍ਰੀਪੇਮੈਂਟ ਕੀਤਾ ਜਾ ਸਕਦਾ ਹੈ। ਆਪਣਾ ਭਵਿੱਖ ਸੁਰੱਖਿਅਤ ਕਰਨ ਲਈ ਸਿਰਫ਼ ਕਰਜ਼ ਚੁਕਾਉਣਾ ਹੀ ਪਹਿਲ ਨਹੀਂ ਹੋਣੀ ਚਾਹੀਦੀ। ਵਿਦਿਆਰਥੀ ਅਤੇ ਨੌਜਵਾਨ ਨੌਕਰੀਪੇਸ਼ਾ ਲੋਕਾਂ ਨੂੰ ਆਪਣੇ ਉਦੇਸ਼ ਪ੍ਰਾਪਤ ਕਰਨ ਲਈ ਦੂਜੀਆਂ ਜਗ੍ਹਾਵਾਂ ਵੀ ਨਿਵੇਸ਼ ਕਰਨਾ ਚਾਹੀਦਾ ਹੈ। ਜਿਨ੍ਹਾਂ ਦਾ ਅਜੇ ਵਿਆਹ ਨਹੀਂ ਹੋਇਆ, ਉਹ ਘੱਟ ਖ਼ਰਚ 'ਚ ਕੰਮ ਚਲਾ ਸਕਦੇ ਹਨ। ਇਸ ਲਈ ਬਚਤ ਸ਼ੁਰੂ ਕਰ ਕੇ ਜਿੰਨੀ ਜਲਦੀ ਨਿਵੇਸ਼ ਕਰੋਗੇ ਉਨੀ ਜਲਦੀ ਆਪਣੇ ਉਦੇਸ਼ ਦੇ ਨੇੜੇ ਪਹੁੰਚੋਗੇ।



# ਕੀ ਜੀਵਨਸਾਥੀ ਦਾ ਕ੍ਰੈਡਿਟ ਸਕੋਰ ਵੀ ਪਾਉਂਦਾ ਹੈ ਅਸਰ?

***'ਕ੍ਰੈਡਿਟ ਸਕੋਰ', ਇਹ ਦੋ ਸ਼ਬਦ ਜਦੋਂ ਤੁਸੀਂ ਕਰਜ਼ ਲਈ ਅਰਜ਼ੀ ਦਿੰਦੇ ਹੋ ਤਾਂ ਤੁਹਾਨੂੰ ਸੁਣਨ ਨੂੰ ਆਮ ਹੀ ਮਿਲਦੇ ਹਨ। ਬਹੁਤ ਸਾਰੇ ਲੋਕਾਂ ਨੂੰ ਇਸ ਬਾਰੇ ਪਤਾ ਨਹੀਂ ਹੁੰਦਾ। ਚੰਗੇ ਕ੍ਰੈਡਿਟ ਸਕੋਰ ਦੇ ਦਮ 'ਤੇ ਤੁਹਾਨੂੰ ਘੱਟ ਵਿਆਜ 'ਤੇ ਵੀ ਕਰਜ਼ ਮਿਲ ਸਕਦਾ ਹੈ...***

ਕ੍ਰੈਡਿਟ ਸਕੋਰ ਜ਼ਰੀਏ ਕਿਸੇ ਵਿਅਕਤੀ ਦੀ ਕਰਜ਼ ਅਦਾ ਕਰਨ ਦੀ ਸਮਰੱਥਾ ਅਤੇ ਉਸ ਦੀ ਵਿੱਤੀ ਵਿਵਹਾਰ ਦਾ ਪਤਾ ਲਗਦਾ ਹੈ। ਇਹ ਗਾਹਕ ਦੇ ਪੁਰਾਣੇ ਕ੍ਰੈਡਿਟ ਇਤਿਹਾਸ 'ਤੇ ਆਧਾਰਿਤ ਹੁੰਦਾ ਹੈ। ਜਿਨ੍ਹਾਂ ਲੋਕਾਂ ਦਾ ਇਹ ਸਕੋਰ ਘੱਟ ਹੁੰਦਾ ਹੈ ਉਸ ਦਾ ਮਤਲਬ ਹੈ ਕਿ ਉਹ ਸਮੇਂ 'ਤੇ ਆਪਣੇ ਕਰਜ਼ ਅਤੇ ਕ੍ਰੈਡਿਟ ਕਾਰਡ ਦੇ ਬਿੱਲ ਨਹੀਂ ਚੁਕਾਉਂਦੇ। ਜੇ ਤੁਹਾਡੇ ਜੀਵਨਸਾਥੀ ਨੇ ਅਜਿਹਾ ਕੁਝ ਕੀਤਾ ਹੈ ਤਾਂ ਉਸ ਦਾ ਸਕੋਰ ਵੀ ਘੱਟ ਹੋਵੇਗਾ।

### ਅਸਰ

ਪਹਿਲਾਂ ਤੁਹਾਡੇ ਕ੍ਰੈਡਿਟ ਸਕੋਰ 'ਤੇ ਕੀ ਅਸਰ ਹੋਵੇਗਾ, ਇਸ ਦੀ ਚਰਚਾ ਕਰਦੇ ਹਾਂ। ਜੇ ਤੁਸੀਂ ਆਪਣੇ ਜੀਵਨਸਾਥੀ ਦੇ ਨਾਲ ਕੋਈ ਕਰਜ਼ ਸੰਯੁਕਤ ਤੌਰ 'ਤੇ ਨਹੀਂ ਲਿਆ ਹੈ ਤਾਂ ਤੁਹਾਡੇ ਸਕੋਰ 'ਤੇ ਕੋਈ ਅਸਰ ਨਹੀ ਹੁੰਦਾ। ਵਿਆਹ ਤੋਂ ਬਾਅਦ ਜੇ ਨਾਂ ਬਦਲਿਆ ਹੈ ਜਾਂ ਕੋਈ ਦੂਜੀ ਵਿੱਤੀ ਜਾਣਕਾਰੀ ਅਪਡੇਟ ਕੀਤੀ ਹੈ ਤਾਂ ਵੀ ਕ੍ਰੈਡਿਟ ਸਕੋਰ 'ਤੇ ਕੋਈ ਅਸਰ ਨਹੀਂ ਹੋਵੇਗਾ। ਜੇ ਤੁਸੀਂ ਨਾਲ ਹੀ ਕੋਈ ਕਰਜ਼ ਲਿਆ ਹੈ ਜਾਂ ਇਕ ਦੂਜੇ ਦੇ ਗਾਰੰਟਰ ਬਣੇ ਹੋ ਤਾਂ ਤੁਹਾਡੇ ਦੋਵਾਂ ਦੇ ਸਕੋਰ 'ਤੇ ਅਸਰ ਪਵੇਗਾ। ਕਰਜ਼ ਸਮੇਂ 'ਤੇ ਨਾ ਅਦਾ ਕਰਨ 'ਤੇ ਤੁਹਾਡੇ ਪਾਰਟਨਰ ਦੇ ਸਕੋਰ 'ਤੇ ਅਸਰ ਪਵੇਗਾ। ਜੇ ਤੁਹਾਡੇ ਜੀਵਨਸਾਥੀ ਕੋਲ ਤੁਹਾਡੇ ਅਕਾਊਂਟ ਦਾ ਐਡ-ਆਨ ਕ੍ਰੈਡਿਟ ਕਾਰਡ ਹੈ ਤਾਂ ਤੁਹਾਨੂੰ ਧਿਆਨ ਰੱਖਣਾ ਹੈ ਕਿ ਬਿੱਲ ਸਮੇਂ 'ਤੇ ਅਦਾ ਕੀਤਾ ਜਾਵੇ। ਨਹੀਂ ਤਾਂ ਤੁਹਾਡਾ ਕ੍ਰੈਡਿਟ ਸਕੋਰ ਪ੍ਰਭਾਵਿਤ ਹੋਵੇਗਾ।

### ਕੀ ਕਰੀਏ?

ਮੰਨ ਲਓ ਤੁਹਾਡੇ ਕੋਲ ਤੁਹਾਡੇ ਜੀਵਨਸਾਥੀ ਦੇ ਕਰਜ਼ ਅਤੇ ਕ੍ਰੈਡਿਟ ਸਕੋਰ ਦਾ ਤੁਹਾਡੇ 'ਤੇ ਅਸਰ ਹੋ ਰਿਹਾ ਹੈ। ਇਸ ਲਈ ਤੁਹਾਨੂੰ ਉਸ ਦੇ ਕ੍ਰੈਡਿਟ ਸਕੋਰ ਨੂੰ ਸੁਧਾਰਨ ਦੇ ਤਰੀਕੇ ਲੱਭਣੇ ਹੋਣਗੇ। ਕ੍ਰੈਡਿਟ ਰੇਟਿੰਗ ਏਜੰਸੀਆਂ ਨੂੰ ਗਾਹਕ ਨੂੰ ਇਕ ਸਾਲ 'ਚ ਇਕ ਕਾਪੀ ਮੁਫ਼ਤ ਦੇਣ ਦਾ ਆਦੇਸ਼ ਦਿੱਤਾ ਗਿਆ ਹੈ। ਤੁਸੀਂ ਥਰਡ ਪਾਰਟੀ ਵੈੱਬਸਾਈਟ ਜ਼ਰੀਏ ਵੀ ਆਪਣੀ ਕ੍ਰੈਡਿਟ ਰਿਪੋਰਟ ਕੱਢ ਸਕਦੇ ਹੋ।



- ਰਿਪੋਰਟ 'ਚ ਕੀ ਪਰੇਸ਼ਾਨੀਆਂ ਹਨ, ਉਨ੍ਹਾਂ ਨੂੰ ਦੇਖੋ, ਜਿਵੇਂ ਗ਼ਲਤ ਜਾਣਕਾਰੀ, ਦੇਰੀ ਨਾਲ ਪੇਮੈਂਟ, ਕ੍ਰੈਡਿਟ ਦੀ ਜ਼ਿਆਦਾ ਵਰਤੋਂ।
- ਜੇ ਤੁਹਾਡਾ ਜੀਵਨਸਾਥੀ ਸਮੇਂ 'ਤੇ ਈਐੱਮਆਈ ਨਹੀਂ ਅਦਾ ਕਰ ਪਾਇਆ ਤਾਂ ਤੁਹਾਨੂੰ ਵਿੱਤੀ ਪ੍ਰਬੰਧਨ 'ਤੇ ਧਿਆਨ ਦੇਣਾ ਹੋਵੇਗਾ।
- ਕਰਜ਼ ਸਮੇਂ 'ਤੇ ਨਾ ਚੁਕਾਉਣ ਦਾ ਤੁਹਾਡੇ ਭਵਿੱਖ 'ਤੇ ਵੀ ਅਸਰ ਹੋ ਸਕਦਾ ਹੈ।




- ਜੇ ਕ੍ਰੈਡਿਟ ਕਾਰਡ ਦਾ ਬੇਵਜ੍ਹਾ ਵਰਤੋਂ ਹੋ ਰਹੀ ਹੈ ਤਾਂ ਉਸ 'ਤੇ ਰੋਕ ਲਗਾਓ। ਤੁਹਾਡੇ ਕੁਲ ਖ਼ਰਚ ਦਾ ਕ੍ਰੈਡਿਟ ਕਾਰਡ ਜ਼ਰੀਏ ਸਿਰਫ਼ 20 ਤੋਂ 30 ਫ਼ੀਸਦੀ ਹੀ ਹੋਣਾ ਚਾਹੀਦਾ ਹੈ।
- ਕ੍ਰੈਡਿਟ ਕਾਰਡ ਦਾ ਹਰ ਮਹੀਨੇ ਅਦਾ ਕਰੋ।
- ਜੇ ਕੋਈ ਜਾਣਕਾਰੀ ਗਲਤ ਹੈ ਤਾਂ ਕ੍ਰੈਡਿਟ ਰੇਟਿੰਗ ਏਜੰਸੀਆਂ ਤੋਂ ਠੀਕ ਕਰਵਾਓ।
- ਜੇ ਤੁਸੀ ਇਨ੍ਹਾਂ ਗੱਲਾਂ ਦਾ ਧਿਆਨ ਰੱਖੋਗੇ ਤਾਂ ਤੁਹਾਡਾ ਕ੍ਰੈਡਿਟ ਸਕੋਰ ਵਧੀਆ ਰਹੇਗਾ ਅਤੇ ਕਰਜ਼ ਮਿਲਣ 'ਚ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਹੀਂ ਆਵੇਗੀ।

# ਵਰਕਰਾਂ ਦੇ ਹੱਕਾਂ ਦੀ ਰਾਖੀ ਕਰਦੇ ਕਾਨੂੰਨ



**ਫੈਕਟਰੀ ਇੰਸਪੈਕਟਰ**

*ਫੈਕਟਰੀ ਲਗਾਉਣ ਤੋਂ ਪਹਿਲਾਂ ਫੈਕਟਰੀ ਮਾਲਕ ਨੂੰ ਚੀਫ਼ ਇੰਸਪੈਕਟਰ ਆਫ਼ ਫੈਕਟਰੀਜ਼ ਤੋਂ ਫੈਕਟਰੀ ਦਾ ਸਾਰਾ ਪਲੈਨ ਪਾਸ ਕਰਾਉਣਾ ਜ਼ਰੂਰੀ ਹੈ ਅਤੇ ਫੈਕਟਰੀ ਲਈ ਲਾਇਸੈਂਸ ਲੈਣਾ ਜ਼ਰੂਰੀ ਹੈ।*

***ਵਰਕਰਾਂ ਦੀ ਸੁਰੱਖਿਆ ਲਈ ਸਰਕਾਰ ਨੇ ਕਈ ਕਾਨੂੰਨ ਬਣਾਏ ਹਨ, ਇਨ੍ਹਾਂ ਦੀ ਪਾਲਣਾ ਕਰਨਾ ਫੈਕਟਰੀ ਮਾਲਕਾਂ ਲਈ ਜ਼ਰੂਰੀ ਹੈ ਅਤੇ ਵਰਕਰਾਂ ਨੂੰ ਵੀ ਆਪਣੀ ਸੁਰੱਖਿਆ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ....***

### ਫੈਕਟਰੀ ਐਕਟ 1948

ਫੈਕਟਰੀ ਐਕਟ 1948 ਦਾ ਮਕਸਦ ਫੈਕਟਰੀ ਵਿਚ ਕੰਮ ਕਰਦੇ ਵਰਕਰਾਂ ਦੀ ਸੁਰੱਖਿਆ, ਸਿਹਤ, ਭਲਾਈ, ਕੰਮ ਦੇ ਘੰਟੇ, ਛੁੱਟੀ ਅਤੇ ਹੋਰ ਲਾਭਾਂ ਦੀ ਰੱਖਿਆ ਕਰਨਾ ਹੈ।

ਫੈਕਟਰੀ ਐਕਟ ਹਰ ਉਸ ਜਗ੍ਹਾ 'ਤੇ ਲਾਗੂ ਹੁੰਦਾ ਹੈ ਜਿੱਥੇ 10 ਜਾਂ ਇਸ ਤੋਂ ਵੱਧ ਵਰਕਰ ਕੰਮ ਕਰ ਰਹੇ ਹੋਣ ਅਤੇ ਉਸ ਫੈਕਟਰੀ 'ਚ ਬਿਜਲੀ ਦੀ ਵਰਤੋਂ ਕੀਤੀ ਜਾ ਰਹੀ ਹੋਵੇ ਜਾਂ 20 ਤੋਂ ਵੱਧ ਵਰਕਰ ਬਿਨਾ ਬਿਜਲੀ ਤੋਂ ਫੈਕਟਰੀ ਵਿਚ ਕੰਮ ਕਰ ਰਹੇ ਹੋਣ। ਇਹ ਐਕਟ ਹਰ ਉਸ ਜਗ੍ਹਾ 'ਤੇ ਲਾਗੂ ਹੈ ਜਿੱਥੇ ਕੋਈ ਸਾਮਾਨ ਤਿਆਰ ਹੁੰਦਾ ਹੈ, ਆਲਟਰ ਹੁੰਦਾ ਹੈ, ਰਿਪੇਅਰ ਹੁੰਦਾ ਹੈ, ਪੈਕ ਹੁੰਦਾ ਹੈ, ਤੇਲ ਦਿੱਤਾ ਜਾਂਦਾ ਹੈ, ਧੋਤਾ ਜਾਂਦਾ ਹੈ, ਸਟੋਰ ਹੁੰਦਾ ਹੈ, ਜਿਸ ਦਾ ਮਕਸਦ ਉਸ ਨੂੰ ਵਰਤੋਂ ਯੋਗ ਬਣਾਉਣਾ, ਵੇਚਣਾ ਜਾਂ ਟਰਾਂਸਪੋਰਟ ਕਰਨਾ ਹੈ।

### ਫੈਕਟਰੀ ਐਕਟ ਤਹਿਤ ਵਰਕਰ ਕੌਣ ਹੈ?

ਕੋਈ ਵੀ ਵਿਅਕਤੀ ਜਿਸ ਨੂੰ ਮਾਲਕ ਨੇ ਖ਼ੁਦ ਰੱਖਿਆ ਹੈ ਜਾਂ ਠੇਕੇਦਾਰ ਦੁਆਰਾ ਰੱਖਿਆ ਉਹ ਫੈਕਟਰੀ ਐਕਟ ਤਹਿਤ ਵਰਕਰ ਹੈ। ਫੈਕਟਰੀ 'ਚ ਫੈਕਟਰੀ ਨੂੰ ਮਸ਼ੀਨ 'ਤੇ ਕੰਮ ਕਰਨ ਲਈ ਰੱਖਿਆ ਹੋਵੇ ਜਾਂ ਸਫ਼ਾਈ ਕਰਨ ਲਈ ਰੱਖਿਆ ਹੋਵੇ ਜਾਂ ਕਿਸੇ ਵੀ ਹੋਰ ਕੰਮ ਲਈ ਰੱਖਿਆ ਹੋਵੇ, ਉਸ ਨੂੰ ਵਰਕਰ ਮੰਨਿਆ ਜਾਵੇਗਾ। ਚਾਹੇ ਵਰਕਰ ਠੇਕੇਦਾਰ ਦੁਆਰਾ ਦਿਹਾੜੀ 'ਤੇ ਰੱਖਿਆ ਹੈ ਪਰ ਜ਼ਿੰਮੇਵਾਰੀ ਫੈਕਟਰੀ ਦੀ ਹੈ ਕਿਉਂਕਿ ਉਹ ਉਸ ਦੀ ਫੈਕਟਰੀ ਅੰਦਰ ਜਾਂ ਫੈਕਟਰੀ ਨਾਲ ਸਬੰਧਤ ਕੰਮ ਰਿਹਾ ਹੈ।

### ਸਿਹਤ ਸਬੰਧੀ ਹਿੱਤਾਂ ਦੀ ਰੱਖਿਆ

- ਫੈਕਟਰੀ ਵਿਚ ਕੰਮ ਕਰਨ ਵਾਲੇ ਸਥਾਨ 'ਤੇ ਸਾਫ਼-ਸਫ਼ਾਈ ਹੋਣੀ ਚਾਹੀਦੀ ਹੈ ਕਿਸੇ ਪ੍ਰਕਾਰ ਦਾ ਮਸ਼ੀਨਾਂ ਵਿੱਚੋਂ ਨਿਕਲਦਾ ਧੂੰਆਂ ਜਾਂ ਜ਼ਹਿਰੀਲਾ ਕੈਮੀਕਲ ਵਰਕਰ ਦੇ ਸਿੱਧੇ ਸੰਪਰਕ ਵਿਚ ਨਹੀਂ ਆਉਣਾ ਚਾਹੀਦਾ।
- ਕੰਮਕਾਜੀ ਵਾਲੀ ਜਗ੍ਹਾ 'ਤੇ ਪ੍ਰਦੂਸ਼ਣ ਜਾਂ ਦੁਰਗੰਧ ਦੀ ਘੁਟਣ ਨਹੀਂ ਹੋਣੀ ਚਾਹੀਦੀ ਅਤੇ ਤਾਪਮਾਨ ਵੀ ਨਿਯੰਤਰਣ ਵਿਚ ਹੋਣਾ ਚਾਹੀਦਾ ਹੈ।
- ਫੈਕਟਰੀ ਵਿਚ ਜਿੱਥੇ ਵਰਕਰ ਕੰਮ ਕਰਦੇ ਹਨ, ਉਸ ਸਥਾਨ 'ਤੇ ਲਾਈਟ ਅਤੇ ਵੈਂਟੀਲੇਸ਼ਨ ਹੋਣੀ ਚਾਹੀਦੀ ਹੈ।
- ਵਰਕਰ ਦੇ ਕੰਮ ਵਾਲੀ ਜਗ੍ਹਾ 'ਤੇ ਹਰ ਸਮੇਂ ਪੀਣ ਵਾਲੇ ਸਾਫ਼ ਪਾਣੀ ਦੀ ਵਿਵਸਥਾ ਹੋਣੀ ਚਾਹੀਦੀ ਹੈ।
- ਔਰਤਾਂ ਅਤੇ ਮਰਦਾਂ ਵਾਸਤੇ ਵੱਖ ਬਾਥਰੂਮ ਹੋਣੇ ਚਾਹੀਦੇ ਹਨ।

### ਸਮਾਜ ਭਲਾਈ

- ਵਰਕਰ ਦੇ ਗੰਦੇ ਕੱਪੜੇ ਨੂੰ ਧੋਣ ਲਈ ਵੱਖ ਪ੍ਰਬੰਧ ਫੈਕਟਰੀ ਵਿਚ ਹੋਣੇ ਚਾਹੀਦੇ ਹਨ, ਸਾਫ਼ ਕੱਪੜਿਆਂ ਨੂੰ ਸਟੋਰ ਕਰਨ ਲਈ ਕਪਬੋਰਡ ਜਾਂ ਅਲਮਾਰੀ ਦਾ ਪ੍ਰਬੰਧ ਵੀ ਫੈਕਟਰੀ 'ਚ ਹੋਣਾ ਚਾਹੀਦਾ ਹੈ।
- ਵਰਕਰ ਜੇ ਲਗਾਤਾਰ ਖੜ੍ਹਾ ਹੋ ਕੇ ਕੰਮ ਕਰ ਰਿਹਾ ਹੈ ਤਾਂ ਉਸ ਕੋਲ ਬੈਠਣ ਲਈ ਕੁਰਸੀ ਜਾਂ ਸੀਟ ਦੀ ਵਿਵਸਥਾ ਹੋਣੀ ਚਾਹੀਦੀ ਹੈ।

### ਸੁਰੱਖਿਆ

- ਮਸ਼ੀਨਰੀ ਆਦਿ ਨੂੰ ਧਿਆਨ 'ਚ ਰੱਖ ਕੇ ਉਸ ਦੀ ਸਾਂਭ-ਸੰਭਾਲ ਅਤੇ ਵਧੀਆ ਸਾਧਨ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ।
- ਰੂੰ ਪੇਜੇ ਕੋਲ ਔਰਤਾਂ ਅਤੇ ਬੱਚਿਆਂ ਦੀ ਨਿਯੁਕਤੀ ਨਹੀਂ ਹੋਣੀ ਚਾਹੀਦੀ।
- ਵਰਕਰਾਂ ਦੁਆਰਾ ਚਲਾਈ ਮਸ਼ੀਨ ਦੀ ਰਿਪੇਅਰ ਲਈ ਸਖ਼ਤ ਰੋਕ ਹੋਣੀ ਚਾਹੀਦੀ ਹੈ।
- ਫੈਕਟਰੀ ਦੇ ਫ਼ਰਸ਼ 'ਤੇ ਟੋਏ, ਟੁੱਟੀਆਂ ਪੌੜੀਆਂ ਅਤੇ ਤੰਗ ਗਲਿਆਰੇ ਨਹੀਂ ਹੋਣੇ ਚਾਹੀਦੇ।
- ਕਿਸੇ ਵਰਕਰ ਨੂੰ ਲੋੜ ਤੋਂ ਵੱਧ ਭਾਰ ਚੁੱਕਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।
- ਮਾਲਕ ਦੀ ਜ਼ਿੰਮੇਵਾਰੀ ਹੈ ਕਿ ਉਹ ਤੇਜ਼ ਅੱਗ, ਅੱਗ ਬੁਝਾਉਣ ਵਾਲੀ ਧੂੜ, ਗੈਸ ਅਤੇ ਹੋਰ ਖ਼ਤਰਨਾਕ ਪਦਾਰਥਾਂ ਤੋਂ ਵਰਕਰ ਦੀ ਸੁਰੱਖਿਆ ਰੱਖੇ।
- ਜਿੱਥੇ 1000 ਤੋਂ ਵੱਧ ਵਰਕਰ ਕੰਮ ਕਰਦੇ ਹੋ, ਉਸ ਫੈਕਟਰੀ ਵਿਚ ਸੇਫ਼ਟੀ ਅਫ਼ਸਰ ਦੀ ਨਿਯੁਕਤੀ ਦਿੱਤੀ ਗਈ ਹੋਣੀ ਚਾਹੀਦੀ ਹੈ।

- ਜਿਸ ਫੈਕਟਰੀ ਵਿਚ 150 ਤੋਂ ਵੱਧ ਕਰਮਚਾਰੀ ਕੰਮ ਕਰਦੇ ਹੋਣ, ਉੱਥੇ ਮੁੱਢਲੀ ਸਹਾਇਤਾ ਡੱਬੇ ਲੱਗੇ ਹੋਣੇ ਚਾਹੀਦੇ ਹਨ ਤੇ ਇਹ ਕਿਸੇ ਕਾਬਿਲ ਅਫ਼ਸਰ ਦੀ ਨਿਗਰਾਨੀ ਹੇਠ ਹੋਣੇ ਚਾਹੀਦੇ ਹਨ। ਜਿੱਥੇ 500 ਤੇ ਵੱਧ ਵਰਕਰ ਕੰਮ ਕਰਦੇ ਹੋਣ, ਉਥੇ ਫੈਕਟਰੀ 'ਚ ਐਂਬੂਲੈਂਸ ਦੀ ਵਿਵਸਥਾ ਹੋਣੀ ਚਾਹੀਦੀ ਹੈ।
- ਜਿੱਥੇ 250 ਤਕ ਸਟਾਫ਼ ਹੈ, ਉੱਥੇ ਵਰਕਰਾਂ ਲਈ ਕੈਂਟੀਨ ਦੀ ਵਿਵਸਥਾ ਹੋਣੀ ਚਾਹੀਦੀ ਹੈ। ਅਤੇ ਕੰਟੀਨ ਸਸਤੇ ਭੋਜਨ ਦੀ ਵਿਵਸਥਾ ਆਧਾਰਿਤ ਹੋਣੀ ਚਾਹੀਦੀ ਹੈ। ਵਰਕਰਾਂ ਕੋਲ ਲੰਚ ਵਿਚ ਆਰਾਮ ਕਰਨ ਦੀ ਵੀ ਸਹੂਲਤ ਹੋਣੀ ਚਾਹੀਦੀ ਹੈ।
- ਜਿਸ ਫੈਕਟਰੀ 'ਚ 30 ਤੋਂ ਵੱਧ ਔਰਤਾਂ ਕੰਮ ਕਰਦੀਆਂ ਹੋਣ ਉੱਥੇ ਆਂਗਣਵਾੜੀ ਦੀ ਵਿਵਸਥਾ ਵਿਚ ਆਰਾਮ ਕਰਨ ਦੀ ਸਹੂਲਤ ਹੋਣੀ ਚਾਹੀਦੀ ਹੈ।
- ਵਰਕਰ ਨੂੰ ਹਫ਼ਤੇ 'ਚ 48 ਘੰਟੇ ਤੋਂ ਵੱਧ ਕੰਮ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਜੇ ਉਸ ਤੋਂ ਛੁੱਟੀ ਵਾਲੇ ਦਿਨ ਵੀ ਕੰਮ ਲਿਆ ਗਿਆ ਹੈ ਤਾਂ ਉਸ ਨੂੰ ਅਗਲੇ ਹਫ਼ਤੇ ਦੇ ਅੰਦਰ-ਅੰਦਰ ਮੁਆਵਜ਼ਾ ਛੁੱਟੀ ਫੈਕਟਰੀ ਪ੍ਰਬੰਧਨ ਵੱਲੋਂ ਦਿੱਤੀ ਜਾਣੀ ਚਾਹੀਦੀ ਹੈ।
- ਕੰਮ ਕਰਨ ਦੇ ਕੁਲ ਘੰਟੇ ਇਕ ਦਿਨ 'ਚ 10-1/2 ਘੰਟੇ ਤੋਂ ਵੱਧ ਕੰਮ ਨਹੀਂ ਹੋਣਾ ਚਾਹੀਦਾ।
- ਜੇ ਵਰਕਰ ਨੇ ਓਵਰ ਟਾਈਮ ਲਗਾਇਆ ਹੈ ਤਾਂ ਹਰ ਕੀਤੇ ਗਏ ਵਾਧੂ ਘੰਟੇ ਦੀ ਦਿਹਾੜੀ ਡਬਲ ਓਵਰ ਟਾਈਮ ਦੇ ਰੂਪ 'ਚ ਵਰਕਰ ਨੂੰ ਦਿੱਤੀ ਜਾਣੀ ਚਾਹੀਦੀ ਹੈ।
- ਔਰਤਾਂ ਅਤੇ ਬੱਚਿਆਂ ਤੋਂ ਸਵੇਰੇ ਛੇ ਵਜੇ ਤੋਂ ਪਹਿਲਾਂ ਅਤੇ ਸ਼ਾਮ ਸੱਤ ਵਜੇ ਤੋਂ ਬਾਅਦ ਕੰਮ ਨਹੀਂ ਲਿਆ ਜਾ ਸਕਦਾ।

**• ਐਡਵੋਕੇਟ ਨਵਦੀਪ ਸਿੰਘ**

*ਦੀਵਾਰ-ਘੜੀ ਤੁਹਾਡੇ ਘਰ ਦਾ ਇਕ ਜ਼ਰੂਰੀ ਹਿੱਸਾ ਹੈ। ਜਿੱਥੇ ਇਸ ਨੂੰ ਸਮਾਂ ਦੇਖਣ ਲਈ ਲਗਾਇਆ ਜਾਂਦਾ ਹੈ ਉੱਥੇ ਹੀ ਇਸਦਾ ਇਸਤੇਮਾਲ ਘਰ ਦੀ ਸਜਾਵਟ ਲਈ ਵੀ ਕੀਤਾ ਜਾਂਦਾ ਹੈ। ਘਰ 'ਚ ਜੇ ਊਰਜਾ ਦੀ ਗੱਲ ਕੀਤੀ ਜਾਵੇ ਤਾਂ ਫੈਂਗਸ਼ੁਈ ਅਨੁਸਾਰ ਦੀਵਾਰ-ਘੜੀ ਇਕ ਅਹਿਮ ਚੀਜ਼ ਹੈ। ਫੈਂਗਸ਼ੁਈ ਅਨੁਸਾਰ ਇਸ ਨੂੰ ਘਰ 'ਚ ਲਗਾਉਣ ਦੇ ਕੁਝ ਨਿਯਮ ਹਨ...*

# ਕੰਧ 'ਤੇ ਘੜੀ ਲਗਾਉਣ ਤੋਂ ਪਹਿਲਾਂ



**ਬੰਦ ਘੜੀ ਨਾ ਲਗਾਓ**

*ਜੇ ਘਰ 'ਚ ਕੋਈ ਘੜੀ ਬੰਦ ਹੋ ਗਈ ਹੈ ਤਾਂ ਇਸ ਨੂੰ ਤੁਰੰਤ ਬਦਲੋ। ਫੈਂਗਸ਼ੁਈ ਦੇ ਸਿਧਾਂਤ ਦੀ ਮੰਨੀਏ ਤਾਂ ਬੰਦ ਘੜੀ ਘਰ 'ਚ ਨਕਾਰਾਤਮਿਕ ਊਰਜਾ ਪੈਦਾ ਕਰਦੀ ਹੈ।*

ਜੇ ਦੀਵਾਰ-ਘੜੀ ਲਗਾਉਣੀ ਹੈ ਤਾਂ ਸਕਵਾਇਰ ਸ਼ੇਪ ਦੀ ਘੜੀ ਲਗਾਓ। ਫੈਂਗਸ਼ੁਈ ਅਨੁਸਾਰ ਕਿਹਾ ਜਾਂਦਾ ਹੈ ਕਿ ਇਹ ਸੰਤੁਲਨ ਬਣਾ ਕੇ ਰੱਖਦੀ ਹੈ। ਇਸ ਤਰ੍ਹਾਂ ਦੀ ਘੜੀ ਲਗਾਉਣ ਨਾਲ ਘਰ 'ਚ ਸਕਾਰਾਤਮਿਕ ਅਤੇ ਪਰਿਵਾਰ ਦੇ ਲੋਕਾਂ 'ਚ ਪਿਆਰ ਬਣਿਆ ਰਹਿੰਦਾ ਹੈ। ਘਰ 'ਚ ਕਿਸੀ ਹੋਰ ਆਕਾਰ ਦੀ ਘੜੀ ਦਾ ਇਸਤੇਮਾਲ ਨਾ ਕਰੋ।

### ਘੜੀ ਖ਼ਰਾਬ ਹੋਣ 'ਤੇ ਕੀ ਕਰੀਏ

ਜੇ ਤੁਹਾਡੇ ਘਰ ਦੀ ਦੀਵਾਰ-ਘੜੀ ਖ਼ਰਾਬ ਹੋ ਗਈ ਹੈ ਅਤੇ ਤੁਸੀ ਇਸ ਦੀ ਜਗ੍ਹਾ ਨਵੀਂ ਘੜੀ ਲਗਾਉਣ ਚਾਹੁੰਦੇ ਹੋ ਤਾਂ ਪੁਰਾਣੀ ਘੜੀ ਨੂੰ ਸਟੋਰ ਰੂਮ 'ਚ ਨਾ ਰੱਖੋ। ਇਸ ਨੂੰ ਬਾਹਰ ਸੁੱਟ ਦਿਓ। ਫੈਂਗਸ਼ੁਈ ਅਨੁਸਾਰ ਖ਼ਰਾਬ ਘੜੀ ਜ਼ਿੰਦਗੀ 'ਚ ਪਰੇਸ਼ਾਨੀਆਂ ਅਤੇ ਬਿਮਾਰੀਆਂ ਦਾ ਸੰਕੇਤ ਹੁੰਦੀ ਹੈ।

### ਘਰ 'ਚ ਨਾ ਲਗਾਓ ਵੱਡੀ ਘੜੀ

ਬੈੱਡਰੂਮ ਇਕ ਅਜਿਹੀ ਜਗ੍ਹਾ ਹੈ ਜਿੱਥੇ ਤੁਸੀ ਸਕੂਨ ਦੇ ਪਲ ਗੁਜ਼ਾਰਦੇ ਹੋ ਇਸ ਲਈ ਜੇ ਕਮਰੇ 'ਚ ਵੱਡੀ ਘੜੀ ਲਗਾਓਗੇ ਤਾਂ ਇਹ ਹਮੇਸ਼ਾ ਤੁਹਾਨੂੰ ਤਣਾਅ ਦਿੰਦੀ ਰਹੇਗੀ। ਇਸ ਲਈ ਕਮਰੇ 'ਚ ਇਕ ਛੋਟੀ ਦੀਵਾਰ ਘੜੀ ਲਗਾਓ।

**ਇਕ ਹੀ ਘੜੀ ਲਗਾਓ**

*ਕੁਝ ਲੋਕ ਕਮਰੇ 'ਚ ਇਕ ਤੋਂ ਜ਼ਿਆਦਾ ਘੜੀਆਂ ਲਗਾਉਂਦੇ ਹਨ। ਘਰ 'ਚ ਇਕ ਤੋਂ ਜ਼ਿਆਦਾ ਘੜੀਆਂ ਲਗਾਉਣ ਨਾਲ ਵੀ ਤਣਾਅ ਵੱਧਦਾ ਹੈ ਅਤੇ ਜਿਸ ਦਾ ਅਸਰ ਘਰ ਦੇ ਮੈਂਬਰਾਂ 'ਤੇ ਪੈਂਦਾ ਹੈ।*

# ਕਰਜ਼ ਸਹਿਯੋਗੀ ਨਾਲ ਹੋਵੇਗਾ ਰਾਹ ਆਸਾਨ

***ਜਦੋਂ ਤੁਸੀਂ ਮਕਾਨ ਬਣਾਉਣ ਲਈ ਕਰਜ਼ ਲੈਂਦੇ ਹੋ ਤਾਂ ਤੁਹਾਡੇ ਸਾਹਮਣੇ ਕੁਝ ਸਮੱਸਿਆ ਆ ਸਕਦੀ ਹੈ ਜਾਂ ਤਾਂ ਤੁਹਾਨੂੰ ਕਰਜ਼ ਦੇ ਭੁਗਤਾਨ ਦੀ ਸੀਮਾ ਜ਼ਰੂਰਤ ਤੋਂ ਘੱਟ ਲੰਬੀ ਸੀਮਾ ਮਿਲਦੀ ਹੈ ਜਾਂ ਤੁਹਾਨੂੰ ਕਰਜ਼ ਦੀ ਕੁੱਲ ਲਾਗਤ ਚੁੱਕਣ 'ਚ ਪਰੇਸ਼ਾਨੀ ਮਹਿਸੂਸ ਹੋ ਸਕਦੀ ਹੈ। ਤੁਹਾਨੂੰ ਲਗਦਾ ਹੈ ਕਿ ਕਰਜ਼ ਲੈਣ ਦੇ ਰਸਤੇ ਬੰਦ ਹੋ ਗਏ ਹਨ ਪਰ ਅਜਿਹੇ 'ਚ ਕਿਸੇ ਨੂੰ ਕਰਜ਼ ਸਹਿਯੋਗੀ ਬਣਾਉਣਾ ਚੰਗੀ ਰਣਨੀਤੀ ਹੋ ਸਕਦੀ ਹੈ...***

ਇਕ ਵਿਅਕਤੀ ਕਰਜ਼ ਲੈਣ ਵਾਲੇ ਕਰਮਚਾਰੀ ਨਾਲ ਮਿਲ ਕੇ ਅਰਜ਼ੀ ਦਿੰਦਾ ਹੈ ਉਸ ਨੂੰ ਕੋ-ਐਪਲੀਕੈਂਟ ਕਿਹਾ ਜਾਂਦਾ ਹੈ। ਕਰਜ਼ ਲੈਣ ਵਾਲੇ ਮੁੱਖ ਵਿਅਕਤੀ ਦੇ ਨਾਲ ਸਹਿ-ਅਰਜ਼ੀ ਦੀ ਆਮਦਨ ਨੂੰ ਜੋੜਿਆ ਜਾਂਦਾ ਹੈ ਜਿਸ ਨਾਲ ਵਿਅਕਤੀ ਦੀ ਕਰਜ਼ ਲੈਣ ਦੀ ਸਮਰੱਥਾ ਵੱਧੀ ਹੋਈ ਦਿਖਾਈ ਦੇਵੇ।

### ਕੋਈ ਵੀ ਸਹਿਯੋਗੀ ਹੋ ਸਕਦਾ ਹੈ?

ਨਹੀ, ਬੈਂਕ ਅਤੇ ਨਾਨ ਬੈਂਕਿੰਗ ਫਾਈਨਾਂਸ ਕੰਪਨੀਆਂ ਸਿਰਫ਼ ਕੁਝ ਹੀ ਰਿਸ਼ਤੇਦਾਰਾਂ ਨੂੰ ਕੋ-ਐਪਲੀਕੈਂਟ ਬਣਨ ਦੀ ਮਨਜ਼ੂਰੀ ਦੇ ਸਕਦਾ ਹੈ ਹਾਲਾਂਕਿ ਇਹ ਜ਼ਰੂਰੀ ਨਹੀ ਕਿ ਐਪਲੀਕੈਂਟ ਦੇ ਨਾਲ ਕਾਨੂੰਨੀ ਰਿਸ਼ਤਾ ਹੀ ਹੋਵੇ। ਬੈਂਕ ਨਾਬਾਲਿਗ ਵਿਅਕਤੀ ਨੂੰ ਵੀ ਕੋ-ਐਪਲੀਕੈਂਟ ਬਣਨ ਦੀ ਮਨਜ਼ੂਰੀ ਨਹੀਂ ਦਿੰਦੇ। ਇਹ ਗੱਲ ਵੀ ਧਿਆਨ 'ਚ ਰੱਖੋ ਕਿ ਜਿਸ ਦਾ ਪ੍ਰਾਪਰਟੀ 'ਤੇ ਮਾਲਿਕਾਨਾ ਹੱਕ ਹੋਵੇ ਉਹ ਕਰਜ਼ ਲਈ ਸੁਭਾਵਿਕ ਤੌਰ 'ਤੇ ਕੋ-ਐਪਲੀਕੈਂਟ ਹੁੰਦਾ ਹੈ।

### ਮੇਰੇ ਘਰ-ਕਰਜ਼ ਲਈ ਸਾਹਿਯੋਗੀ ਕੌਣ ਹੋ ਸਕਦਾ ਹੈ?

ਸਾਡੇ ਦੇਸ਼ 'ਚ ਜ਼ਿਆਦਾਤਰ ਬੈਂਕ ਸਿਰਫ਼ ਕੁਝ ਹੀ ਰਿਸ਼ਤੇਦਾਰਾਂ ਨੂੰ ਕਰਜ਼ ਲਈ ਕੋ-ਐਪਲੀਕੈਂਟ ਬਣਨ ਦੀ ਮਨਜ਼ੂਰੀ ਦਿੰਦਾ ਹੈ। ਭਰਾ-ਭਰਾ, ਪਿਤਾ-ਪੁੱਤਰ, ਮਾਤਾ-ਪੁੱਤਰ, ਪਤੀ-ਪਤਨੀ ਆਦਿ ਨੂੰ ਸੰਯੁਕਤ ਰੂਪ ਨਾਲ ਕਰਜ਼ ਲੈਣ ਲਈ ਮਨਜ਼ੂਰੀ ਦੇ ਸਕਦਾ ਹੈ।

### ਪਿਤਾ ਅਤੇ ਪੁੱਤਰ

ਜੇ ਪਿਤਾ ਅਤੇ ਪੁੱਤਰ ਸੰਯੁਕਤ ਰੂਪ ਨਾਲ ਕਰਜ਼ਾ ਲੈ ਰਹੇ ਹਨ ਤਾਂ ਇਸ ਸਥਿਤੀ 'ਚ ਸਿਰਫ਼ ਪੁੱਤਰ ਹੀ ਕਰਜ਼ ਲੈ ਰਿਹਾ ਹੈ ਤਾਂ ਉਹ ਆਪਣੇ ਪਿਤਾ ਨਾਲ ਇਸ ਦੀ ਅਰਜ਼ੀ ਦੇ ਸਕਦਾ ਹੈ। ਇਸ ਹਾਲਾਤ 'ਚ ਕਰਜ਼ ਦਿੰਦੇ ਸਮੇਂ ਪਿਤਾ ਅਤੇ ਪੁੱਤਰ ਦੀ ਆਮਦਨ ਨੂੰ ਜੋੜ ਕੇ ਦੇਖਿਆ ਜਾਵੇਗਾ ਅਤੇ ਪ੍ਰਾਪਰਟੀ ਨੂੰ ਉਨ੍ਹਾਂ ਦੋਵਾਂ ਨਾਂਵਾਂ 'ਚ ਲਿਖਿਆ ਜਾਵੇਗਾ।

ਜੇ ਕਿਸੇ ਹਾਲਾਤ 'ਚ ਕਿਸੇ ਵਿਅਕਤੀ ਦੇ ਦੋ ਜਾਂ ਦੋ ਤੋਂ ਜ਼ਿਆਦਾ ਪੁੱਤਰ ਹਨ ਅਤੇ ਉਹ ਦੋਵਾਂ ਨਾਲ ਕੋ-ਐਪਲੀਕੈਂਟ ਬਣਨਾ ਚਾਹੁੰਦਾ ਹੈ ਤਾਂ ਉਸ ਨੂੰ ਜਾਇਦਾਦ ਦਾ ਮਾਲਿਕ ਨਹੀਂ ਬਣਨਾ ਚਾਹੀਦਾ। ਇਹ ਇਸ ਲਈ ਕਿ ਜੇ ਪਿਤਾ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਤੋਂ ਬਾਅਦ ਜਾਇਦਾਦ ਦੇ ਮਾਲਿਕਾਨਾ ਹੱਕ ਲਈ ਪੁੱਤਰਾਂ ਵਿਚਕਾਰ ਲੜਾਈ ਨਾ ਹੋਵੇ।

ਅਜਿਹੇ ਹਾਲਾਤ 'ਚ ਪਿਤਾ ਨੂੰ ਕੋ-ਐਪਲੀਕੈਂਟ ਦੇ ਰੂਪ 'ਚ ਸੂਚਿਤ ਕਰਨਾ ਚਾਹੀਦਾ ਹੈ ਅਤੇ ਉਸ ਦੀ ਆਮਦਨ ਨੂੰ ਕਰਜ਼ ਲੈਣ ਲਈ ਪੁੱਤਰਾਂ ਦੀ ਆਮਦਨ 'ਚ ਜੋੜਿਆ ਜਾ ਸਕਦਾ ਹੈ। ਉਹ ਜਾਇਦਾਦ ਦਾ ਸਹਿ-ਮਾਲਿਕ ਹੋ ਸਕਦਾ ਹੈ ਪਰ ਉਸ ਨੂੰ ਜਾਇਦਾਦ ਦਾ ਮਾਲਿਕ ਨਹੀਂ ਹੋਣਾ ਚਾਹੀਦਾ।

### ਬੇਟੀ ਅਤੇ ਪਿਤਾ

ਇਕ ਅਣਵਿਆਹੀ ਬੇਟੀ ਆਪਣੇ ਪਿਤਾ ਨਾਲ ਕਰਜ਼ ਲੈਣ ਲਈ ਸੰਯੁਕਤ ਤੌਰ 'ਤੇ ਅਰਜ਼ੀ ਦੇ ਸਕਦੀ ਹੈ। ਹਾਲਾਂਕਿ ਇਸ ਸਥਿਤੀ 'ਚ ਜਾਇਦਾਦ ਸਿਰਫ਼ ਬੇਟੀ ਦੇ ਨਾਂ ਹੋਵੇਗੀ ਅਤੇ ਇਸ ਲਈ ਪਿਤਾ ਦੀ ਆਮਦਨ ਨੂੰ ਧਿਆਨ 'ਚ ਨਹੀਂ ਰੱਖਿਆ ਜਾਵੇਗਾ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਕਿ ਜਿਸ ਨਾਲ ਬੇਟੀ ਦੇ ਵਿਆਹ ਤੋਂ ਬਾਅਦ ਜਾਇਦਾਦ ਦਾ ਮਾਲਿਕਾਨਾ ਹੱਕ ਲੈ ਕੇ ਕਿਸੇ ਤਰ੍ਹਾਂ ਦੀ ਲੜਾਈ ਦੀ ਸਥਿਤੀ ਨਾ ਬਣੇ।



**ਕਰਜ਼ ਲਈ ਕੋ-ਐਪਲੀਕੈਂਟ ਕੌਣ ਨਹੀਂ ਹੋ ਸਕਦਾ?**

- ਵਿਆਹੀ ਬੇਟੀ ਅਤੇ ਮਾਤਾ-ਪਿਤਾ
- ਭੈਣ-ਭੈਣ
- ਭੈਣ ਅਤੇ ਭਰਾ

### ਬੇਟੀ ਅਤੇ ਮਾਂ

ਇਕ ਅਣਵਿਆਹੀ ਬੇਟੀ ਆਪਣੀ ਮਾਂ ਨਾਲ ਕਰਜ਼ ਲੈਣ ਲਈ ਸੰਯੁਕਤ ਤੌਰ 'ਤੇ ਅਰਜ਼ੀ ਦੇ ਸਕਦੀ ਹੈ। ਹਾਲਾਂਕਿ ਇਸ ਸਥਿਤੀ 'ਚ ਜਾਇਦਾਦ ਸਿਰਫ਼ ਬੇਟੀ ਦੇ ਨਾਂ ਹੋਵੇਗੀ ਅਤੇ ਇਸ ਲਈ ਮਾਤਾ ਦੀ ਆਮਦਨ ਨੂੰ ਧਿਆਨ 'ਚ ਨਹੀਂ ਰੱਖਿਆ ਜਾਵੇਗਾ।

### ਪਤੀ-ਪਤਨੀ



**ਭਰਾ-ਭਰਾ**

*ਦੋ ਭਰਾ ਮਿਲ ਕੇ ਕਰਜ਼ ਲਈ ਅਰਜ਼ੀ ਦੇ ਸਕਦਾ ਹੈ ਪਰ ਇਸ ਲਈ ਜ਼ਰੂਰੀ ਹੈ ਕਿ ਦੋਵੇਂ ਭਰਾ ਇਕੱਠੇ ਰਹਿ ਰਹੇ ਹੋਣ ਅਤੇ ਅੱਗੇ ਜਾ ਕੇ ਵੀ ਜਿਸ ਜਾਇਦਾਦ ਲਈ ਕਰਜ਼ ਲਿਆ ਜਾ ਰਿਹਾ ਹੈ ਉਸ 'ਚ ਨਾਲ ਰਹਿਣ ਦੀ ਇੱਛਾ ਰੱਖਦੇ ਹੋ।*

ਕੋਈ ਵੀ ਵਿਅਕਤੀ ਆਪਣੇ ਸਾਥੀ ਨਾਲ ਕਰਜ਼ ਲੈਣ ਲਈ ਕੋ-ਐਪਲੀਕੈਂਟ ਬਣ ਸਕਦਾ ਹੈ। ਕਰਜ਼ ਲੈਣ ਲਈ ਪਤੀ-ਪਤਨੀ ਦੋਵਾਂ ਦੀ ਆਮਦਨ ਨੂੰ ਸੰਯੁਕਤ ਤੌਰ 'ਤੇ ਜੋੜ ਕੇ ਦੇਖਿਆ ਜਾ ਸਕਦਾ ਹੈ ਅਤੇ ਇਸ ਆਧਾਰ 'ਤੇ ਕਰਜ਼ ਦੀ ਕੁਲ ਰਕਮ ਦਾ ਨਿਰਧਾਰਨ ਕੀਤਾ ਜਾ ਸਕਦਾ ਹੈ। ਉਂਜ ਵੀ ਬੈਂਕ ਇਸ ਤਰ੍ਹਾਂ ਦੇ ਕਰਜ਼ ਦੇਣ ਲਈ ਆਸਾਨੀ ਨਾਲ ਰਾਜ਼ੀ ਹੋ ਜਾਂਦੇ ਹਨ ਕਿਉਂਕਿ ਇਹ ਕਰਜ਼ ਦੇਣ ਲਈ ਸਹੀ ਸਥਿਤੀ ਹੁੰਦੀ ਹੈ।



# ਸਹੀ ਨਿਵੇਸ਼ ਹੈ ਸਭ ਤੋਂ ਵੱਡੀ ਚੁਣੌਤੀ

ਹੋ ਸਕਦਾ ਹੈ ਕਿ ਇਸ ਕੰਮ 'ਚ ਕਈ ਵਾਰ ਤੁਹਾਡੇ ਦੋਸਤ ਕੋਈ ਮਦਦ ਨਾ ਕਰਨ ਅਤੇ ਨਾਲ ਹੀ ਤੁਹਾਡੇ ਦੁਆਰਾ ਕੀਤੇ ਗਏ ਨਿਵੇਸ਼ ਦੀ ਗਣਨਾ ਵੀ ਕਰਨ ਪਰ ਆਪਣੇ ਪੈਸੇ ਦਾ ਸਹੀ ਜਗ੍ਹਾ ਨਿਵੇਸ਼ ਕਰਨਾ ਇਹ ਸਭ ਤੋਂ ਵੱਡੀ ਚੁਣੌਤੀ ਹੈ। ਅਜਿਹੇ 'ਚ ਕਿਸ ਜਗ੍ਹਾ ਨਿਵੇਸ਼ ਕਰੀਏ ਇਸ ਦੀ ਜਾਣਕਾਰੀ ਵੀ ਹੋਣੀ ਚਾਹੀਦੀ ਹੈ ਕਿਉਂਕਿ ਮੌਜੂਦਾ ਸਮੇਂ 'ਚ ਬਾਜ਼ਾਰ 'ਚ ਅਜਿਹੀਆਂ ਕਈ ਤਕਨੀਕਾਂ ਅਤੇ ਪ੍ਰੋਡਕਟ ਮੌਜੂਦ ਹਨ ਜੋ ਜ਼ਿਆਦਾ ਰਿਟਰਨ ਦਾ ਝਾਂਸਾ ਦੇ ਕੇ ਨਿਵੇਸ਼ਕਾਂ ਦੇ ਪੈਸੇ ਨਾਲ ਖਿਲਵਾੜ ਕਰਦੇ ਹਨ।

### ਰੱਖੋ ਧਿਆਨ

ਜਮ੍ਹਾਂ ਨਿਵੇਸ਼ 'ਚ ਸੀਮਾ ਦੀ ਭੂਮਿਕਾ ਸਭ ਤੋਂ ਅਹਿਮ ਹੁੰਦੀ ਹੈ। ਜੋ ਇਹ ਦੱਸਦੀ ਹੈ ਕਿ ਕਿੰਨੇ ਸਮੇਂ ਲਈ ਨਿਵੇਸ਼ ਕਰਨ ਲਈ ਤੁਸੀਂ ਸਮਰੱਥ ਹੋ। ਫੰਡ 'ਚ ਪੈਸਾ ਲਗਾਉਣ ਅਤੇ ਬੈਂਕ 'ਚ ਪੈਸੇ ਜਮ੍ਹਾਂ ਕਰਨਾ ਦੋਵਾਂ 'ਚ ਕਾਫ਼ੀ ਅੰਤਰ ਹੈ। ਫੰਡ 'ਚ ਕੀਤਾ ਗਿਆ ਨਿਵੇਸ਼ ਇਕ ਨਿਸ਼ਚਿਤ ਸੀਮਾ ਲਈ ਹੁੰਦਾ ਹੈ ਉੱਥੇ ਨਿਸ਼ਚਿਤ ਕੀਤੀ ਗਈ ਸੀਮਾ ਤੋਂ ਪਹਿਲਾਂ ਜੇ ਪੈਸੇ ਦਾ ਵਿੱਡਡਰਾਅ ਕਰਦੇ ਹਾਂ ਤਾਂ ਇਸ ਦਾ ਚਾਰਜ ਦੇਣਾ ਹੁੰਦਾ ਹੈ। ਉੱਥੇ ਬੈਂਕ 'ਚ ਕੀਤੇ ਗਏ ਨਿਵੇਸ਼ 'ਚ ਸਮੇਂ-ਸਮੇਂ 'ਤੇ ਆਪਣੇ ਨਿਵੇਸ਼ ਨੂੰ ਖੰਗਾਲਣ ਅਤੇ ਵਿੱਡਡਰਾਅ ਕਰਨ ਦਾ ਵੀ ਸਾਧਨ ਮੌਜੂਦ ਹੁੰਦਾ ਹੈ। ਜਿਸ ਨਾਲ ਨਿਵੇਸ਼ਕ ਆਪਣੀ ਸੁਵਿਧਾ ਅਨੁਸਾਰ ਇਹ ਸਾਧਨ ਚੁਣਦਾ ਹੈ।

### ਨਿਵੇਸ਼ ਦਾ ਖ਼ਤਰਾ

ਸਰਕਾਰੀ ਬ੍ਰਾਂਡ ਆਦਿ 'ਚ ਨਿਵੇਸ਼ ਕਰਨ ਨਾਲ ਡਿਫਾਲਟ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਸਰਕਾਰੀ ਬ੍ਰਾਂਡ 'ਚ ਨਿਵੇਸ਼ ਕਰਨ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਤੁਹਾਡੇ ਨਿਵੇਸ਼ ਦਾ ਭਵਿੱਖ ਤੈਅ ਹੋ ਜਾਂਦਾ ਹੈ। ਮਚਿਓਰਿਟੀ ਸਮੇਂ ਮਿਲਣ ਵਾਲੀ ਰਾਸ਼ੀ ਵੀ ਸੁਨਿਸ਼ਚਿਤ ਹੋ ਜਾਂਦੀ ਹੈ ਜਦਕਿ ਬਾਜ਼ਾਰ 'ਚ ਮੌਜੂਦ ਦੂਜੇ ਫੰਡ ਜ਼ਿਆਦਾ ਰਿਟਰਨ ਦਾ ਝਾਂਸਾ ਦਿੰਦੇ ਹਨ ਪਰ ਇਸ ਸੁਨਿਸ਼ਚਿਤ ਦੇ ਮਾਪਦੰਡ 'ਤੇ ਖ਼ਰ੍ਹਾ ਉੱਤਰਨ ਦੀ ਗਾਰੰਟੀ ਨਹੀਂ ਕਰਦੇ। ਬਾਜ਼ਾਰ ਦੇ ਉਤਰਾਅ-ਝੜ੍ਹਾਅ ਦਾ ਖ਼ਤਰਾ ਇਸ 'ਚ ਸ਼ਾਮਿਲ ਹੈ। ਉੱਥੇ ਮਿਲੇ ਜ਼ਿਆਦਾ ਰਿਟਰਨ ਦਾ ਝਾਂਸਾ ਵੀ ਕਈ ਵਾਰ ਫੇਲ੍ਹ ਹੋ ਜਾਂਦਾ ਹੈ। ਮਾਹਿਰਾਂ ਅਨੁਸਾਰ ਨਿਵੇਸ਼ ਨੂੰ ਸੁਰੱਖਿਅਤ ਕਰਨਾ ਹੈ ਤਾਂ ਗਿਫ਼ਟ ਫੰਡ 'ਚ ਨਿਵੇਸ਼ ਕਰੋ। ਅੱਜ ਦੇ ਸਮੇਂ 'ਚ ਇਹ ਸੁਰੱਖਿਅਤ ਨਿਵੇਸ਼ ਹੈ। ਇਸ ਨੂੰ ਇਕ ਪ੍ਰਕਾਰ ਦਾ ਮਿਊਚਲ ਫੰਡ ਹੀ ਕਿਹਾ ਜਾਂਦਾ ਹੈ। ਜਿਸ 'ਚ ਕਈ ਤਰ੍ਹਾਂ ਦੇ ਨਿਵੇਸ਼ ਦੇ ਸਾਧਨ ਵੀ ਮੌਜੂਦ ਹਨ ਤੇ ਨਾਲ ਹੀ ਬਾਜ਼ਾਰ 'ਚ ਮੌਜੂਦ ਦੂਜੇ ਫੰਡ ਤੋਂ ਬਿਹਤਰ ਹਨ ਜਿਸ 'ਚ ਡਿਫਾਲਟ ਦਾ ਖ਼ਤਰਾ ਵੀ ਨਹੀ ਹੈ।

### ਸਲਾਹ ਜ਼ਰੂਰੀ

ਮਾਹਿਰਾਂ ਮੁਤਾਬਕ ਬਾਜ਼ਾਰ ਦੇ ਝਾਂਸਿਆਂ 'ਚ ਨਾ ਪੈਂਦੇ ਹੋਏ ਸ਼ੁਰੂਆਤ ਤੋਂ ਹੀ ਗਿਫ਼ਟ ਫੰਡ 'ਚ ਨਿਵੇਸ਼ ਕਰੋ। ਅੱਜ ਦੇ ਸਮੇਂ 'ਚ ਡੇਟ ਬਾਜ਼ਾਰ ਨੂੰ ਸਮਝਣਾ ਆਮ ਵਿਅਕਤੀ ਦੇ ਬਸ ਦੀ ਗੱਲ ਨਹੀਂ ਹੈ ਤੇ ਨਾਲ ਹੀ ਇਸ 'ਚ ਨਿਵੇਸ਼ਕ ਕਈ ਵਾਰ ਆਪਣਾ ਨੁਕਸਾਨ ਕਰਾ ਬੈਠਦਾ ਹੈ। ਗਿਫ਼ਟ ਫੰਡ 'ਚ ਨਿਵੇਸ਼ ਨਾਲ ਬਾਜ਼ਾਰ ਦੇ ਖ਼ਤਰਿਆਂ ਤੋਂ ਬਚਿਆ ਜਾ ਸਕਦਾ ਹੈ। ਉੱਥੇ ਲੰਬੇ ਸਮੇਂ ਦੇ ਨਿਵੇਸ਼ ਤੋਂ ਇਸ 'ਚ ਜ਼ਿਆਦਾ ਰਿਟਰਨ ਕਮਾਇਆ ਜਾ ਸਕਦਾ ਹੈ। ਨਿਵੇਸ਼ਕਾਂ ਨੂੰ ਇੰਨੀ ਜਾਣਕਾਰੀ ਦੇ ਬਾਵਜੂਦ ਜੇ ਉਸ ਦਾ ਰੁਝਾਨ ਦੂਜੇ ਡੇਟ ਫੰਡ ਵੱਲ੍ਹ ਜਾਂਦਾ ਹੈ ਤਾਂ ਨਿਵੇਸ਼ ਕਰਨ ਤੋਂ ਪਹਿਲਾਂ ਕਿਸੇ ਫਾਈਨਾਂਸ਼ੀਅਲ ਪਲਾਨਰ ਤੋਂ ਸਲਾਹ ਜ਼ਰੂਰ ਲਓ ਤਾਂ ਕਿ ਤੁਹਾਡੇ ਨਿਵੇਸ਼ ਅਤੇ ਭਵਿੱਖ ਦੋਵੇਂ ਸੁਰੱਖਿਅਤ ਰਹੇ।



## ਸ਼੍ਰੀ ਦਰਬਾਰ ਸਾਹਿਬ ਨੂੰ ਮਿਲ ਰਹੀਆਂ ਧਮਕੀਆਂ 'ਤੇ ਅਮਨ ਅਰੋੜਾ ਦਾ ਵੱਡਾ ਬਿਆਨ

ਜਲੰਧਰ/ਚੰਡੀਗੜ੍ਹ 25 ਜੁਲਾਈ। ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਵੱਲੋਂ ਅੱਜ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫ਼ਰੰਸ ਕੀਤੀ ਗਈ, ਜਿੱਥੇ ਉਨ੍ਹਾਂ ਲੈਂਡ ਪੂਲਿੰਗ ਅਤੇ ਦਰਬਾਰ ਸਾਹਿਬ ਨੂੰ ਮਿਲ ਰਹੇ ਧਮਕੀਆਂ ਦੇ ਮਾਮਲੇ 'ਤੇ ਵੱਡਾ ਬਿਆਨ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਨੂੰ ਆ ਰਹੀਆਂ ਧਮਕੀਆਂ ਬਾਰੇ ਅਮਨ ਅਰੋੜਾ ਨੇ ਕਿਹਾ ਕਿ ਅਜਿਹੇ ਕਿਸੇ ਵੀ ਸ਼ਖ਼ਸ ਨੂੰ ਬਖ਼ਸ਼ਿਆ ਨਹੀਂ ਜਾਏਗਾ, ਭਾਵੇਂ ਉਹ ਕਿਸੇ ਵੀ ਥਾਂ 'ਤੇ ਲੁਕਿਆ ਕਿਉਂ ਨਾ ਬੈਠਾ ਹੋਵੇ। ਸਰਕਾਰ




ਵੱਲੋਂ ਲਿਆਂਦੀ ਜਾ ਰਹੀ ਲੈਂਡ ਪੂਲਿੰਗ ਸਕੀਮ ਬਾਰੇ ਬੋਲਦੇ ਅਮਨ ਅਰੋੜਾ ਨੇ ਕਿਹਾ ਕਿ ਸਰਕਾਰ ਜੋ ਲੈਂਡ ਪੂਲਿੰਗ ਸਕੀਮ ਲਿਆ ਰਹੀ ਹੈ ਇਹ ਕਿਸਾਨ ਪੱਖੀ ਹੈ। ਇਸ ਨਾਲ ਗੈਰ-ਕਾਨੂੰਨੀ ਤਰੀਕੇ ਨਾਲ ਉਸਾਰੀਆਂ ਕਰਨ ਵਾਲਿਆਂ ਲਈ ਮੁਸ਼ਕਿਲਾਂ ਖੜ੍ਹੀਆਂ ਕਰੇਗੀ। ਪੰਜਾਬ 'ਆਪ' ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਪਹਿਲਾਂ ਵੀ ਕਿਸਾਨਾਂ ਦੇ ਹੱਕ ਵਿਚ ਕੰਮ ਰਹੀ ਹੈ ਅਤੇ ਹੁਣ ਵੀ ਕਰ ਰਹੀ ਹੈ। ਵਿਰੋਧੀ ਧਿਰਾਂ ਪੰਜਾਬ ਦੇ ਕਿਸਾਨਾਂ ਅਤੇ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ ਹਨ। ਲੈਂਡ ਪੂਲਿੰਗ ਦਾ ਮਾਸਟਰ-ਪਲਾਨ ਸਭ ਤੋਂ ਪਹਿਲਾਂ 2008 'ਚ ਆਇਆ ਸੀ। ਉਸ ਸਮੇਂ ਸੂਬੇ 'ਚ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਦੀ ਸੀ। ਇਸ ਸਮੇਂ ਲੋਕਾਂ ਨੂੰ ਗੁੰਮਰਾਹ ਕਰਨ 'ਚ ਸਭ ਤੋਂ ਅੱਗੇ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ 20 ਹਜ਼ਾਰ ਏਕੜ 'ਚ ਗੈਰ-ਕਾਨੂੰਨੀ ਕਾਲੋਨੀ ਵਿਕਸਤ ਕੀਤੀ ਗਈ ਹੈ, ਜੇਕਰ ਯੋਜਨਾਬੱਧ ਕਾਲੋਨੀ ਬਣਾਈ ਜਾ ਰਹੀ ਹੈ ਤਾਂ ਅਸੀਂ ਇਸ ਦਾ ਵਿਰੋਧ ਕਰ ਰਹੇ ਹਾਂ। ਭਾਜਪਾ 'ਤੇ ਤੰਜ ਕੱਸਦੇ ਹੋਏ ਅਮਨ ਅਰੋੜਾ ਨੇ ਕਿਹਾ ਕਿ ਸੁਨੀਲ ਜਾਖੜ ਤਾਂ ਸ਼੍ਰੋਮਣੀ ਅਕਾਲੀ ਦਲ ਨਾਲ ਸਮਝੌਤੇ ਦੀ ਗੱਲ ਕਰਦੇ ਹਨ, ਦੂਜੇ ਪਾਸੇ ਅਸ਼ਵਨੀ ਜੀ ਇਕੱਲੇ ਮੈਦਾਨ ਵਿਚ ਕੁੱਦਣ ਦੀ ਗੱਲ ਕਹਿ ਰਹੇ ਹਨ। ਉਨ੍ਹਾਂ ਕਿਹਾ ਕਿ ਇਕ ਪ੍ਰਧਾਨ ਤੇ ਦੂਜੇ ਕਾਰਜਕਾਰੀ ਪ੍ਰਧਾਨ ਦੀ ਹੀ ਆਪਸ 'ਚ ਸੁਰ ਨਹੀਂ ਮਿਲ ਰਹੀ ਤਾਂ ਨਤੀਜਾ ਕੀ ਹੋਵੇਗਾ।

## ਪੰਜਾਬ ਦੇ ਵਾਹਨ ਚਾਲਕਾਂ ਲਈ ਖ਼ਤਰੇ ਦੀ ਘੰਟੀ, ਹੁਣ ਚੁੱਕਿਆ ਜਾ ਰਿਹਾ ਇਹ ਸਖ਼ਤ ਕਦਮ

ਬਠਿੰਡਾ 25 ਜੁਲਾਈ। ਪੰਜਾਬ ਵਿਚ ਤੇਜ਼ ਰਫ਼ਤਾਰ ਕਾਰਣ ਰੋਜ਼ਾਨਾ ਵਾਪਰ ਰਹੇ ਹਾਦਸਿਆਂ ਨੂੰ ਰੋਕਣ ਲਈ ਪੰਜਾਬ ਪੁਲਸ ਨੇ ਸਖ਼ਤੀ ਕੀਤੀ ਹੈ। ਜਿਸ ਦੇ ਤਹਿਤ ਬਠਿੰਡਾ ਪੁਲਸ ਵਲੋਂ ਅੱਜ ਮੁੱਖ ਸੜਕਾਂ ਤੇ ਨਾਕਾਬੰਦੀ ਕੀਤੀ ਗਈ। ਟ?ਰੈਫਿਕ ਪੁਲਸ ਵੱਲੋਂ ਜ਼ਿਲ੍ਹੇ ਦੀਆਂ ਮੁੱਖ ਸੜਕਾਂ 'ਤੇ ਲੇਜ਼ਰ ਸਪੀਡ ਲਿਡਾਰ ਦੀ ਮਦਦ ਨਾਲ ਸਪੀਡ ਨਿਗਰਾਨੀ ਮੁਹਿੰਮ ਚਲਾਈ ਗਈ ਹੈ। ਇਸ ਵਿਚ ਸੜਕ 'ਤੇ ਇਕ ਮਸ਼ੀਨ ਰਾਹੀਂ ਦੂਰੀ ਤੋਂ ਆਉਣ ਵਾਲੇ ਵਾਹਨਾਂ ਦੀ ਸਪੀਡ ਦਾ ਪਤਾ ਲੱਗੇਗਾ। ਜੇਕਰ ਵਾਹਨ ਦੀ ਰਫ਼ਤਾਰ ਤੈਅ ਤਾਪਦੰਡਾਂ ਤੋਂ ਵੱਧ ਪਾਈ ਜਾਂਦੀ ਹੈ ਤਾਂ ਪੁਲਸ ਵਲੋਂ ਉਕਤ ਵਾਹਨਾਂ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਅੱਜ ਦੀ ਕਾਰਵਾਈ ਦੌਰਾਨ ਪੁਲਸ ਵੱਲੋਂ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਵੀ ਕੱਟੇ ਗਏ। ਇਸ ਮੁਹਿੰਮ ਦੀ ਅਗਵਾਈ ਡੀ.ਐੱਸ.ਪੀ ਟ?ਰੈਫਿਕ ਅਤੇ ਇੰਚਾਰਜ ਟ?ਰੈਫਿਕ ਪੁਲਸ ਬਠਿੰਡਾ ਵੱਲੋਂ ਕੀਤੀ ਗਈ ਹੈ ਜਿਸ ਵਿਚ ਤੇਜ਼ ਰਫਤਾਰ ਨਾਲ ਆਉਣ ਵਾਲੇ ਵਾਹਨਾਂ ਦੀ ਸਪੀਡ ਨੂੰ ਕਾਫੀ ਦੂਰੀ ਤੋਂ ਹੀ ਜਾਂਚ ਲਿਆ ਜਾਵੇਗਾ ਅਤੇ ਜੇਕਰ ਸਪੀਡ ਲੋੜ ਤੋਂ ਵੱਧ ਪਾਈ ਗਈ ਤਾਂ ਡਰਾਇਵਰ ਨੂੰ ਕਿਸੇ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ। ਪੁਲਸ ਨੇ ਵਾਹਨ ਚਾਲਕਾਂ ਨੂੰ ਵਾਹਨ ਸਾਵਧਾਨੀ ਅਤੇ ਹੌਲੀ ਚਲਾਉਣ ਦੀ ਅਪੀਲ ਕੀਤੀ ਹੈ ਨਾਲ ਹੀ ਆਖਿਆ ਹੈ ਕਿ ਰਫ਼ਤਾਰ ਮੌਤ ਦਾ ਰਾਹ ਵੀ ਬਣ ਸਕਦੀ ਹੈ। ਲਿਹਾਜ਼ਾ ਵਾਹਨ ਚਲਾਉਂਦੇ ਸਮੇਂ ਬੇਹੱਦ ਸਾਵਧਾਨੀ ਵਰਤੀ ਜਾਵੇ।

# ਵਿਜੇਂਦਰ ਗੁਪਤਾ ਨੇ ਉਪ ਰਾਜਪਾਲ ਨਾਲ ਸ਼ਿਸ਼ਟਾਚਾਰ ਭੇਂਟ ਕੀਤੀ

ਕੌਮੀ ਪਤ੍ਰਿਕਾ

ਨਵੀਂ ਦਿੱਲੀ, 25 ਜੁਲਾਈ: ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੇ ਕੱਲ੍ਹ ਦਿੱਲੀ ਦੇ ਉਪ ਰਾਜਪਾਲ ਵਿਨੈ ਕੁਮਾਰ ਸਕਸੈਨਾ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਸ ਮੌਕੇ 'ਤੇ ਗੁਪਤਾ ਨੇ ਉਪ ਰਾਜਪਾਲ ਨੂੰ ਦਿੱਲੀ ਵਿਧਾਨ ਸਭਾ ਨੂੰ ਰਾਸ਼ਟਰੀ ਮਹੱਤਵ ਦੀ ਵਿਰਾਸਤ ਅਤੇ ਇੱਕ ਜੀਵੰਤ ਸੱਭਿਆਚਾਰਕ ਕੇਂਦਰ ਵਜੋਂ ਵਿਕਸਤ ਕਰਨ ਦੀ ਕਾਰਜ ਯੋਜਨਾ ਬਾਰੇ ਜਾਣੂ ਕਰਵਾਇਆ। ਉਪ ਰਾਜਪਾਲ ਨੇ ਇਸ ਪਹਿਲਕਦਮੀ ਨੂੰ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ ਅਤੇ ਸਾਰੇ ਸਬੰਧਤ ਵਿਭਾਗਾਂ ਤੋਂ ਸਰਗਰਮ ਸਹਿਯੋਗ ਦਾ ਭਰੋਸਾ ਦਿੱਤਾ। ਇਸ ਸਬੰਧ ਵਿੱਚ ਜਲਦੀ ਹੀ ਇੱਕ ਉੱਚ-ਪੱਧਰੀ ਮੀਟਿੰਗ ਬੁਲਾਈ ਜਾਵੇਗੀ। ਨਾਲ ਹੀ, ਮਾਣਯੋਗ ਉਪ ਰਾਜਪਾਲ ਜਲਦੀ ਹੀ ਵਿਧਾਨ ਸਭਾ ਕੰਪਲੈਕਸ ਦਾ ਦੌਰਾ ਕਰਨਗੇ ਤਾਂ ਜੋ ਇਸ ਵਿਸ਼ੇ 'ਤੇ ਵਿਸਥਾਰ ਨਾਲ ਚਰਚਾ ਕੀਤੀ ਜਾ ਸਕੇ। ਮੀਟਿੰਗ ਦੌਰਾਨ, ਗੁਪਤਾ ਨੇ ਉਪ ਰਾਜਪਾਲ ਨੂੰ ਵਿਧਾਨ ਸਭਾ ਦੀ ਇਤਿਹਾਸਕ ਵਿਰਾਸਤ ਨੂੰ ਸੰਭਾਲਣ ਅਤੇ ਉਜਾਗਰ ਕਰਨ ਲਈ ਵੱਖ-ਵੱਖ ਪਹਿਲਕਦਮੀਆਂ ਤੋਂ ਜਾਣੂ ਕਰਵਾਇਆ, ਖਾਸ ਕਰਕੇ ਆਜ਼ਾਦੀ ਤੋਂ ਪਹਿਲਾਂ ਅਤੇ ਭਾਰਤ ਦੇ ਵਿਧਾਨਕ ਵਿਕਾਸ ਵਿੱਚ ਇਸਦੀ ਕੇਂਦਰੀ ਭੂਮਿਕਾ ਬਾਰੇ। ਉਨ੍ਹਾਂ ਵਿਧਾਨ ਸਭਾ ਅਹਾਤੇ ਵਿੱਚ ਇੱਕ ਸਮਰਪਿਤ ਸਥਾਨ ਸਥਾਪਤ ਕਰਨ ਬਾਰੇ ਵੀ ਗੱਲ



ਕੀਤੀ ਜਿੱਥੇ ਪੁਰਾਲੇਖ ਦਸਤਾਵੇਜ਼ ਅਤੇ ਡਿਜੀਟਲ ਪ੍ਰਦਰਸ਼ਨੀਆਂ ਆਮ ਲੋਕਾਂ ਲਈ ਉਪਲਬਧ ਕਰਵਾਈਆਂ ਜਾ ਸਕਦੀਆਂ ਹਨ ਅਤੇ ਵਿਦਿਅਕ ਦ੍ਰਿਸ਼ਟੀਕੋਣ ਤੋਂ ਉਪਯੋਗੀ ਬਣਾਈਆਂ ਜਾ ਸਕਦੀਆਂ ਹਨ। ਗੁਪਤਾ ਨੇ ਕਿਹਾ, ਦਿੱਲੀ ਵਿਧਾਨ ਸਭਾ ਸਾਡੀ ਲੋਕਤੰਤਰੀ ਯਾਤਰਾ ਦਾ ਇੱਕ ਮਾਣਮੱਤਾ ਪ੍ਰਤੀਕ ਹੈ। ਇਸਦੀ ਵਿਰਾਸਤ ਨੂੰ ਸੁਰੱਖਿਅਤ ਰੱਖਣਾ ਅਤੇ ਇਸਨੂੰ ਦੇਸ਼ ਵਾਸੀਆਂ ਤੱਕ ਪਹੁੰਚਾਉਣਾ ਸਾਡਾ ਫਰਜ਼ ਹੈ। ਇਸ ਤੋਂ ਇਲਾਵਾ, ਗੁਪਤਾ ਨੇ ਉਪ ਰਾਜਪਾਲ ਨੂੰ ਵਿਧਾਨ ਸਭਾ ਕੰਪਲੈਕਸ ਲੈਂਡਸਕੇਪਿੰਗ ਪ੍ਰੋਜੈਕਟ ਬਾਰੇ ਜਾਣੂ ਕਰਵਾਇਆ, ਜਿਸਦਾ ਉਦੇਸ਼ ਵਿਧਾਨ ਸਭਾ ਨੂੰ ਇੱਕ ਸੁੰਦਰ ਅਤੇ ਵਾਤਾਵਰਣ-ਸੰਵੇਦਨਸ਼ੀਲ ਜਗ?ਹਾ ਵਿੱਚ ਬਦਲਣਾ ਹੈ। ਇਹ ਪਹਿਲਕਦਮੀ ਸੁਹਜ ਅਪੀਲ ਨੂੰ ਵਾਤਾਵਰਣ ਜਾਗਰੂਕਤਾ ਨਾਲ ਜੋੜਨ ਦੀ ਕੋਸ਼ਿਸ਼ ਕਰਦੀ ਹੈ, ਦਿੱਲੀ ਵਿੱਚ ਹਰੀਆਂ ਜਨਤਕ ਥਾਵਾਂ ਲਈ ਇੱਕ ਨਵਾਂ ਮਾਪਦੰਡ ਸਥਾਪਤ ਕਰਦੀ ਹੈ। ਇਸ ਪ੍ਰੋਜੈਕਟ ਦਾ ਉਦੇਸ਼ ਨਾਗਰਿਕਾਂ ਨੂੰ ਕੁਦਰਤ ਪ੍ਰਤੀ ਸੰਵੇਦਨਸ਼ੀਲ ਬਣਾਉਣਾ, ਸੰਭਾਲ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਨੂੰ ਇੱਕ ਹਰੇ ਸ਼ਹਿਰ ਦੇ ਰਖਵਾਲੇ ਬਣਨ ਲਈ ਪ੍ਰੇਰਿਤ ਕਰਨਾ ਹੈ। ਉਪ ਰਾਜਪਾਲ ਨੇ ਇਸ ਦ੍ਰਿਸ਼ਟੀਕੋਣ ਵਿੱਚ ਡੂੰਘੀ ਦਿਲਚਸਪੀ ਦਿਖਾਈ। ਇਹ ਮੀਟਿੰਗ ਦਿੱਲੀ ਵਿਧਾਨ ਸਭਾ ਨੂੰ ਇੱਕ ਲੋਕਤੰਤਰੀ ਵਿਰਾਸਤ ਵਜੋਂ ਸਥਾਪਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਲੈਫਟੀਨੈਂਟ ਗਵਰਨਰ ਦੇ ਪੂਰੇ ਸਮਰਥਨ ਅਤੇ ਇੱਕ ਸਾਂਝੇ ਦ੍ਰਿਸ਼ਟੀਕੋਣ ਨਾਲ, ਇਹ ਪਹਿਲ ਆਉਣ ਵਾਲੇ ਹਫ਼ਤਿਆਂ ਵਿੱਚ ਮਹੱਤਵਪੂਰਨ ਪ੍ਰਗਤੀ ਵੱਲ ਲੈ ਜਾਵੇਗੀ।

# ਬਾਲ ਸੁਰੱਖਿਆ ਟੀਮ ਵਲੋਂ ਵਿਸ਼ੇਸ਼ ਚੈਕਿੰਗ, ਬਲਾਚੌਰ ਬਲਾਕ 'ਚ ਭੀਖ ਮੰਗਣ ਵਾਲੇ 3 ਬੱਚੇ ਕੀਤੇ ਰੈਸਕਿਊ

ਕੌਮੀ ਪਤ੍ਰਿਕਾ

ਬਲਾਚੌਰ 25 ਜੁਲਾਈ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਪ੍ਰੋਜੈਕਟ 'ਜੀਵਨਜੋਤ' ਤਹਿਤ ਜ਼ਿਲ੍ਹੇ ਵਿੱਚ ਬਾਲ ਭਿਖਿਆ ਨੂੰ ਰੋਕਣ ਲਈ ਚਲਾਈ ਮੁਹਿੰਮ ਹੇਠ ਅੱਜ ਬਲਾਕ ਬਲਾਚੌਰ ਵਿੱਚ ਬਾਲ ਭਿੱਖਿਆ ਵਿੱਚ ਲੱਗੇ ਤਿੰਨ ਬੱਚਿਆਂ ਨੂੰ ਰੈਸਕਿਊ ਕੀਤਾ ਗਿਆ। ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਜ਼ਿਲਾ ਦਫ਼ਤਰ ਦੀ ਟੀਮ ਵੱਲੋਂ ਬਲਾਕ ਬਲਾਚੌਰ ਵਿੱਚ ਭੱਦੀ ਰੋਡ, ਬੱਸ ਸਟੈਂਡ, ਮੇਨ ਚੌਕ, ਗੜ੍ਹਸ਼ੰਕਰ ਰੋਡ 'ਤੇ ਚੈਕਿੰਗ ਦੌਰਾਨ ਇਨ੍ਹਾਂ ਤਿੰਨ ਬੱਚਿਆਂ ਨੂੰ ਰੈਸਕਿਊ ਕੀਤਾ ਗਿਆ, ਜਿਨ੍ਹਾਂ ਨੂੰ ਅਗਲੇਰੇ ਹੁਕਮਾਂ ਲਈ ਬਾਲ ਭਲਾਈ ਕਮੇਟੀ ਕੋਲ ਪੇਸ਼ ਕੀਤਾ ਗਿਆ ਹੈ। ਜ਼ਿਲਾ ਬਾਲ ਸੁਰੱਖਿਆ ਯੂਨਿਟ ਵਲੋਂ ਬੱਚਿਆਂ ਦੀ ਸੋਸ਼ਲ ਇਨਵੈਸਟੀਗੇਸ਼ਨ ਸ਼ੁਰੂ ਕੀਤੀ ਜਾ ਚੁੱਕੀ ਹੈ ਤਾਂ ਜੋ ਬੱਚਿਆਂ ਨੂੰ ਉਮਰ ਅਨੁਸਾਰ ਸਕੂਲ ਵਿਚ ਦਾਖਲ




ਕਰਵਾਇਆ ਜਾ ਸਕੇ ਅਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਲਾਭ ਵੀ ਦਿੱਤਾ ਜਾ ਸਕੇ। ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਵਿੱਚ ਬਾਲ ਭਿੱਖਿਆ ਦੀ ਰੋਕਥਾਮ ਅਤੇ ਬੱਚਿਆਂ ਦੇ ਨਾਲ ਨਾਲ ਉਨ੍ਹਾਂ ਦੇ ਮਾਪਿਆਂ ਦੇ ਡੀ.ਐਨ.ਏ. ਟੈਸਟਿੰਗ ਕਰਵਾਉਣ ਲਈ ਪ੍ਰੋਜੈਕਟ ਜੀਵਨ ਜੋਤ-2 ਸ਼ੁਰੂ ਕੀਤਾ ਗਿਆ ਹੈ ਤਾਂ ਜੋ ਕੋਈ ਵੀ ਬੱਚਾ ਕਿਸੇ ਵੀ ਤਰੀਕੇ ਸੋਸ਼ਣ ਜਾਂ ਟਰੈਫਿਕਿੰਗ ਦਾ ਸ਼ਿਕਾਰ ਨਾ ਹੋਵੇ। ਉਨ੍ਹਾਂ ਦੱਸਿਆ ਕਿ ਬਾਲ ਭਿੱਖਿਆ ਵਿੱਚ ਲੱਗੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬਾਲ ਭਲਾਈ ਕਮੇਟੀ ਨਾਲ ਮਿਲ ਕੇ ਉਨ੍ਹਾ ਨੂੰ ਹਰ ਸੰਭਵ ਮਦਦ ਦਿੱਤੀ ਜਾਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਪਾਸੋਂ ਨਿਰਦੇਸ਼ਾਂ ਅਨੁਸਾਰ ਅਜਿਹੇ ਮਾਪੇ ਜੋ ਬੱਚਿਆਂ ਤੋਂ ਬਾਲ ਭਿੱਖਿਆ ਕਰਵਾ ਰਹੇ ਹਨ, ਦਾ ਡੀਐਨਏ ਟੈਸਟ ਕਰਵਾਇਆ ਜਾਵੇ ਕਿਉਂਕਿ ਅਕਸਰ ਇਹ ਦੇਖਣ ਵਿੱਚ ਆਇਆ ਹੈ ਕਿ ਦੂਸਰੇ ਰਾਜਾਂ ਤੋ ਆਏ ਹੋਏ ਪ੍ਰਵਾਸੀ ਅਤੇ ਉਨਾਂ ਦੇ ਬੱਚੇ ਪੰਜਾਬ ਵਿੱਚ ਭੀਖ ਮੰਗਦੇ ਹਨ ਅਤੇ ਕਈ ਵਾਰ ਉਨਾਂ ਦੇ ਨਾਲ ਉਹਨਾਂ ਦੇ ਮਾਪੇ ਹੀ ਬੱਚਿਆਂ ਤੋਂ ਭੀਖ ਮੰਗਵਾ ਰਹੇ ਹੁੰਦੇ ਹਨ। ਜ਼ਿਲਾ ਪ੍ਰੋਗਰਾਮ ਅਧਿਕਾਰੀ ਨੇ ਦੱਸਿਆ ਕਿ ਇਹ ਵੀ ਜ਼ਰੂਰੀ ਨਹੀਂ ਹੈ ਕਿ ਜਿਨਾਂ ਦੇ ਨਾਲ ਬੱਚੇ ਭੀਖ ਮੰਗ ਰਹੇ ਹਨ ਉਹ ਵਿਅਕਤੀ ਬੱਚਿਆਂ ਦੇ ਅਸਲ ਮਾਪੇ ਹੀ ਹੋਣ। ਉਨ੍ਹਾਂ ਦੱਸਿਆ ਕਿ ਇਸ ਲਈ ਇਸ ਸਬੰਧੀ ਜਾਂਚ ਕਰਵਾਉਣ ਲਈ ਡੀ. ਐੱਨ. ਏ ਟੈਸਟ ਕਰਵਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲੇ ਵਿੱਚ ਬੱਚਿਆਂ ਦੀ ਸੁਰੱਖਿਆ ਲਈ ਕਾਰਜਸ਼ੀਲ ਜ਼ਿਲਾ ਬਾਲ ਸੁਰੱਖਿਆ ਯੂਨਿਟ ਨੂੰ ਸਬ-ਡਵੀਜ਼ਨਲ ਪੱਧਰੀ ਕਮੇਟੀਆਂ ਨਾਲ ਮਿਲ ਕੇ ਜ਼ਿਲੇ ਵਿੱਚ ਬਾਲ ਭਖਿਆ ਵਿੱਚ ਲੱਗੇ ਹੋਏ ਬੱਚਿਆਂ ਦੀ ਚੈਕਿੰਗ ਕਰਨ ਦੀ ਹਦਾਇਤ ਕੀਤੀ ਗਈ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਬੱਚਾ ਕਿਤੇ ਵੀ ਭੀਖ ਨਾ ਮੰਗ ਰਿਹਾ ਹੋਵੇ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਬੱਚਿਆਂ ਨੂੰ ਭੀਖ ਨਾ ਦਿੱਤੀ ਜਾਵੇ ਅਤੇ ਨਾ ਹੀ ਬੱਚਿਆਂ ਨੂੰ ਭੀਖ ਮੰਗਣ ਲਾਇਆ ਜਾਵੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਕੋਈ ਵੀ ਸ਼ਿਕਾਇਤ ਦਰਜ ਕਰਵਾਉਣ ਲਈ ਚਾਇਲਡ ਹੈਲਪਲਾਈਨ ਨੰਬਰ 1098 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਦਿਓ 15 ਲੱਖ ਕਰਾ ਦਿਊਂ ਫੌਜ 'ਚ ਭਰਤੀ ! ਔਰਤ ਸਣੇ ਦੋ ਕਾਬੂ

ਹਾਜੀਪੁਰ 25 ਜੁਲਾਈ। ਹਾਜੀਪੁਰ ਪੁਲਸ ਸਟੇਸ਼ਨ ਵਿਖੇ ਐੱਸ.ਐੱਸ.ਪੀ. ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ , ਮੁਕੇਸ਼ ਕੁਮਾਰ ਐੱਸ.ਪੀ ਡੀ ਹੁਸ਼ਿਆਰਪੁਰ ਅਤੇ ਕੁਲਵਿੰਦਰ ਸਿੰਘ ਡੀ.ਐੱਸ.ਪੀ. ਮੁਕੇਰੀਆਂ ਦੀਆਂ ਹਦਾਇਤਾਂ 'ਤੇ ਧੋਖਾਂ ਧੜੀ ਤੇ ਠੱਗੀ ਕਰਨ ਵਾਲਿਆ ਖਿਲਾਫ ਚਲਾਈ ਮੁਹਿੰਮ ਦੇ ਤਹਿਤ ਫੌਜ ਵਿੱਚ ਭਰਤੀ ਕਰਾਉਣ ਦੇ ਝੂਠੇ ਸਬਜਬਾਗ ਦਿਖਾ ਕੇ ਠਗੀ ਕਰਨ 'ਤੇ ਇੱਕ ਔਰਤ ਸਹਿਤ ਤਿੰਨ ਲੋਕਾਂ ਦੇ ਖਿਲਾਫ਼ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ? ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਐੱਸ.ਐੱਚ.ਓ. ਹਾਜੀਪੁਰ ਹਰਪ੍ਰੇਮ ਸਿੰਘ ਨੇ ਦਸਿਆ ਕਿ ਹਾਜੀਪੁਰ ਪੁਲਸ ਦੀ ਏ.ਐੱਸ.ਆਈ ਅਨੀਤਾ ਦੇਵੀ ਵੱਲੋ ਲਕਛਮੀ ਦੇਵੀ ਪਤਨੀ ਸੁਖਵਿੰਦਰ ਸਿੰਘ ਵਾਸੀ ਹਾਜੀਪੁਰ ਦੇ ਬਿਆਨਾਂ 'ਤੇ ਤਨਿਸ਼ ਜਰਿਆਲ ਪੁੱਤਰ ਮੁਕੇਸ਼ ਕੁਮਾਰ, ਸੀਮਾ ਦੇਵੀ ਪਤਨੀ ਮੁਕੇਸ਼ ਕੁਮਾਰ ਵਾਸੀਆਨ ਰਣਸੋਤਾ ਅਤੇ ਗੌਰਵ ਕੁਮਾਰ ਪੁੱਤਰ ਰਾਮ ਕਰਨ ਵਾਸੀ ਯੁੱਧਾ ਜੱਟਾਂ ਯਮੁਨਾ ਨਗਰ ਸਟੇਟ ਹਰਿਆਂਣਾ ਦੇ ਖਿਲਾਫ਼ ਫੌਜ ਵਿੱਚ ਭਰਤੀ ਕਰਾਉਣ ਲਈ 15 ਲੱਖ ਰੁਪਏ ਦੀ ਠੱਗੀ ਕਰਨ 'ਤੇ ਕੇਸ ਰਜਿਸਟਰ ਕੀਤਾ ਗਿਆਂ। ਇਸ ਮੁਕਦਮੇ ਵਿੱਚ ਸ਼ਾਮਿਲ ਤਨਿਸ਼ ਜਰਿਆਲ ਪੁੱਤਰ ਮੁਕੇਸ਼ ਕੁਮਾਰ, ਸੀਮਾ ਦੇਵੀ ਪਤਨੀ ਮੁਕੇਸ਼ ਕੁਮਾਰ ਵਾਸੀਆਨ ਰਣਸੋਤਾ ਨੂੰ ਗ੍ਰਿਫਤਾਰ ਕਰ ਕੇ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਲੈ ਕੇ ਡੂੰਗਾਈ ਨਾਲ ਪੁੱਛਗਿਛ ਕੀਤੀ ਜਾ ਰਹੀ ਹੈ ।

# 'ਏਕ ਪੇਡ ਮਾਂ ਕੇ ਨਾਮ 2.0' ਮੁਹਿੰਮ ਪ੍ਰਧਾਨ ਮੰਤਰੀ ਦੀ ਪ੍ਰੇਰਨਾ ਨਾਲ ਸ਼ੁਰੂ ਹੋਈ: ਸਿਰਸਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ, 25 ਜੁਲਾਈ: ਦਿੱਲੀ ਸਰਕਾਰ ਦੁਆਰਾ ਚਲਾਏ ਜਾ ਰਹੇ ਵਣ ਮਹੋਤਸਵ 2025 ਦੇ ਹਿੱਸੇ ਵਜੋਂ, ਵਾਤਾਵਰਣ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਕੱਲ੍ਹ ਨਹਿਰੂ ਵਿਹਾਰ ਵਿਖੇ ਸਰਕਾਰੀ ਲੇਡੀ ਨੋਇਸ ਮਿਡਲ ਸਪੈਸ਼ਲ ਸਕੂਲ ਫਾਰ ਦ ਡੈਫ ਦਾ ਦੌਰਾ ਕੀਤਾ ਅਤੇ ਵਿਸ਼ੇਸ਼ ਤੌਰ 'ਤੇ ਅਪਾਹਜ ਬੱਚਿਆਂ ਦੇ ਨਾਲ ਰੁੱਖ ਲਗਾਏ। ਸਮਾਗਮ ਦੌਰਾਨ, ਮੰਤਰੀ ਨੇ ਕਿਹਾ: ਇਹ ਬੱਚੇ ਭਾਵੇਂ ਸੁਣ ਜਾਂ ਬੋਲ ਨਾ ਸਕਣ, ਪਰ ਅੱਜ ਉਨ੍ਹਾਂ ਦੀਆਂ ਮੁਸਕਰਾਹਟਾਂ ਅਤੇ ਚਮਕਦੀਆਂ ਅੱਖਾਂ ਨੇ ਜੋ ਕਿਹਾ ਉਹ ਸ਼ਬਦਾਂ ਤੋਂ ਵੱਧ ਸੀ। ਇਹ ਇੱਕ ਬਹੁਤ ਹੀ ਭਾਵੁਕ ਪਲ ਸੀ। ਜਿਵੇਂ ਇਹ ਬੱਚੇ ਵੱਡੇ ਹੋ ਕੇ ਦੇਸ਼ ਦੇ ਭਵਿੱਖ ਨੂੰ ਆਕਾਰ ਦੇਣਗੇ, ਉਸੇ ਤਰ੍ਹਾਂ ਅੱਜ ਲਗਾਏ ਗਏ ਇਹ ਰੁੱਖ ਉਨ੍ਹਾਂ ਦੇ ਕੱਲ੍ਹ ਦੀ ਰੱਖਿਆ ਕਰਨਗੇ। ਇਹ ਵਣ ਮਹੋਤਸਵ ਦੀ ਅਸਲ ਭਾਵਨਾ ਹੈ। ਸਿਰਸਾ ਨੇ ਸਕੂਲ ਅਧਿਆਪਕਾਂ ਦੀ ਵੀ ਪ੍ਰਸ਼ੰਸਾ ਕੀਤੀ, ਇਹ ਕਹਿੰਦੇ ਹੋਏ ਕਿ ਉਹ ਸਿਰਫ ਬੱਚਿਆਂ ਦੇ ਅਧਿਆਪਕ ਹੀ ਨਹੀਂ ਹਨ, ਸਗੋਂ ਕਦਰਾਂ-ਕੀਮਤਾਂ ਅਤੇ ਸੰਵੇਦਨਾਵਾਂ ਦੇ ਰੱਖਿਅਕ ਵੀ ਹਨ। ਇਹ ਪੌਦੇ ਲਗਾਉਣ ਦੀ ਮੁਹਿੰਮ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਪ੍ਰੇਰਨਾ ਹੇਠ ਸ਼ੁਰੂ ਕੀਤੀ ਗਈ 'ਏਕ ਪੇੜ ਮਾਂ ਕੇ ਨਾਮ 2.0' ਦਾ ਹਿੱਸਾ ਹੈ। ਇਹ ਮੁਹਿੰਮ ਮਾਣਯੋਗ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਦੀ ਅਗਵਾਈ ਹੇਠ ਦਿੱਲੀ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਵਰਤਮਾਨ ਵਿੱਚ, ਇਹ ਮੁਹਿੰਮ ਰਾਜਧਾਨੀ ਵਿੱਚ 70 ਤੋਂ ਵੱਧ ਥਾਵਾਂ 'ਤੇ ਇੱਕੋ ਸਮੇਂ ਚੱਲ ਰਹੀ ਹੈ। ਮੰਤਰੀ ਸ੍ਰੀ ਸਿਰਸਾ ਨੇ ਕਿਹਾ: "ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਡੇ ਵਣ ਮਹੋਤਸਵ ਦੇ ਯਤਨਾਂ ਦੀ ਸ਼ਲਾਘਾ ਅਤੇ ਸੋਸ਼ਲ ਮੀਡੀਆ ਰਾਹੀਂ ਪ੍ਰਗਟਾਏ ਗਏ ਪ੍ਰੇਰਨਾਦਾਇਕ ਸ਼ਬਦਾਂ ਨੇ ਦਿੱਲੀ ਦੇ ਹਰੇਕ ਨਾਗਰਿਕ



ਨੂੰ ਨਵੀਂ ਊਰਜਾ ਦਿੱਤੀ ਹੈ। ਇਹ ਸਾਡੇ ਲਈ ਸਨਮਾਨ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਮੋਦੀ ਜੀ ਨੇ ਮੁੱਖ ਮੰਤਰੀ ਰੇਖਾ ਗੁਪਤਾ ਜੀ ਅਤੇ ਮੇਰੇ ਯਤਨਾਂ ਦੀ ਸ਼ਲਾਘਾ ਕੀਤੀ ਹੈ ਅਤੇ ਇਸ ਨਾਲ ਪੂਰੀ ਮੁਹਿੰਮ ਨੂੰ ਇੱਕ ਨਵਾਂ ਹੁਲਾਰਾ ਮਿਲਿਆ ਹੈ।""ਪ੍ਰਧਾਨ ਮੰਤਰੀ ਦੇ ਸਮਰਥਨ ਨਾਲ, ਇਹ ਹੁਣ ਸਿਰਫ਼ ਇੱਕ ਸਰਕਾਰੀ ਮੁਹਿੰਮ ਨਹੀਂ ਰਹੀ - ਇਹ ਇੱਕ ਲੋਕਾਂ ਦੀ ਮੁਹਿੰਮ ਬਣ ਗਈ ਹੈ। ਹੁਣ ਤੱਕ, ਲੱਖਾਂ ਲੋਕ ਸਵੈ-ਇੱਛਾ ਨਾਲ ਇਸ ਵਣ ਮਹੋਤਸਵ ਵਿੱਚ ਸ਼ਾਮਲ ਹੋਏ ਹਨ ਤਾਂ ਜੋ ਦਿੱਲੀ ਦੀ ਹਵਾ ਨੂੰ ਸਾਫ਼ ਕੀਤਾ ਜਾ ਸਕੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਿਹਤਮੰਦ ਵਾਤਾਵਰਣ ਯਕੀਨੀ ਬਣਾਇਆ ਜਾ ਸਕੇ। ਸਿਰਸਾ ਨੇ ਕਿਹਾ: ਅੱਜ ਇਹ ਮੁਹਿੰਮ ਸਿਰਫ਼ ਇੱਕ ਮੁਹਿੰਮ ਨਹੀਂ ਹੈ। ਸਿਆਸਤਦਾਨ, ਮਸ਼ਹੂਰ ਹਸਤੀਆਂ, ਮੀਡੀਆ ਕਰਮਚਾਰੀ, ਸੀਨੀਅਰ ਅਧਿਕਾਰੀ ਅਤੇ ਇੱਥੋਂ ਤੱਕ ਕਿ ਮਾਣਯੋਗ ਚੀਫ਼ ਜਸਟਿਸ ਅਤੇ ਹੋਰ ਨਿਆਂਇਕ ਅਧਿਕਾਰੀਆਂ ਨੇ ਵੀ ਇਸ ਵਿੱਚ ਹਿੱਸਾ ਲਿਆ ਹੈ। ਇਹ ਦਿੱਲੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਅਤੇ ਇਸਨੇ ਵਣ ਮਹੋਤਸਵ ਨੂੰ ਇੱਕ ਜਨ ਅੰਦੋਲਨ ਬਣਾ ਦਿੱਤਾ ਹੈ। ਮੰਤਰੀ ਨੇ ਅੱਗੇ ਕਿਹਾ ਕਿ ਸਥਾਨਕ ਵਿਧਾਇਕ ਅਤੇ ਜਨ ਪ੍ਰਤੀਨਿਧੀ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਜੋੜ ਰਹੇ ਹਨ ਤਾਂ ਜੋ ਹਰ ਇਲਾਕੇ ਅਤੇ ਸਕੂਲ ਵਿੱਚ ਪੌਦੇ ਲਗਾਏ ਜਾ ਸਕਣ। ਇਹ ਮੁਹਿੰਮ ਦਿੱਲੀ ਸਰਕਾਰ ਦੇ 'ਵਾਤਾਵਰਣ ਕਾਰਜ ਯੋਜਨਾ 2025' ਦਾ ਇੱਕ ਹਿੱਸਾ ਹੈ, ਜਿਸ ਵਿੱਚ ਰੁੱਖ ਲਗਾਉਣ ਦੇ ਨਾਲ-ਨਾਲ ਸੜਕ ਦੀ ਧੂੜ ਨੂੰ ਰੋਕਣਾ, ਵਾਹਨਾਂ ਦੇ ਪ੍ਰਦੂਸ਼ਣ ਨੂੰ ਕੰਟਰੋਲ ਕਰਨਾ ਅਤੇ ਭਾਈਚਾਰਕ ਭਾਗੀਦਾਰੀ ਸ਼ਾਮਲ ਹੈ। ਸਰਕਾਰ ਦਾ ਟੀਚਾ 2025 ਤੱਕ ਸਾਲ ਭਰ ਵਿੱਚ 70 ਲੱਖ ਤੋਂ ਵੱਧ ਪੌਦੇ ਲਗਾਉਣ ਦਾ ਹੈ, ਜਿਸ ਵਿੱਚ ਸਕੂਲਾਂ, ਕਲੋਨੀਆਂ, ਪਾਰਕਾਂ, ਸਰਕਾਰੀ ਅਹਾਤਿਆਂ ਅਤੇ ਜੰਗਲਾਂ ਵਿੱਚ ਹਰ ਰੋਜ਼ ਰੁੱਖ ਲਗਾਏ ਜਾਣਗੇ। ਵਣ ਮਹੋਤਸਵ 2025 ਸਿਰਫ਼ ਇੱਕ ਰੁੱਖ ਲਗਾਉਣ ਦੀ ਮੁਹਿੰਮ ਨਹੀਂ ਹੈ - ਇਹ ਲੋਕਾਂ ਦੇ ਜੀਵਨ ਨੂੰ ਛੂਹਣ ਅਤੇ ਅਗਲੀ ਪੀੜ੍ਹੀ ਲਈ ਇੱਕ ਹਰੀ ਵਿਰਾਸਤ ਛੱਡਣ ਦਾ ਪ੍ਰਣ ਹੈ, ਸਿਰਸਾ ਨੇ ਸਿੱਟਾ ਕੱਢਿਆ।

## ਉੱਤਰ-ਪੂਰਬੀ ਭਾਰਤ ਵਿਚ ਰੇਲ ਕ੍ਰਾਂਤੀ ! 10 ਪ੍ਰਾਜੈਕਟਾਂ ਨਾਲ ਵਧੀ ਕੁਨੈਕਟੀਵਿਟੀ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 25 ਜੁਲਾਈ। 2018 ਤੋਂ 2025 ਤੱਕ ਦੇ ਸਮੇਂ ਦੌਰਾਨ ਪੂਰਬੀ ਭਾਰਤ, ਖ਼ਾਸ ਕਰਕੇ ਉੱਤਰ-ਪੂਰਬੀ ਰਾਜਾਂ ਵਿਚ ਰੇਲਵੇ ਯਾਤਰਾ ਅਤੇ ਕੁਨੈਕਟੀਵਿਟੀ ਵਿਚ ਇਤਿਹਾਸਕ ਤਬਦੀਲੀਆਂ ਆਈਆਂ ਹਨ। ਇਨ੍ਹਾਂ ਸਾਲਾਂ ਦੌਰਾਨ ਰੇਲਵੇ ਪ੍ਰਾਜੈਕਟਾਂ ਨੇ ਇਲਾਕੇ ਦੀ ਰੇਲਵੇ ਲਾਈਨਾਂ ਨੂੰ ਰਾਸ਼ਟਰੀ ਧਾਰਾ ਨਾਲ ਜੋੜਿਆ, ਉਨ੍ਹਾਂ ਨੇ ਸਿਰਫ਼ ਰੇਲ-ਸੇਵਾਵਾਂ ਹੀ ਨਹੀਂ, ਸਗੋਂ ਇਲਾਕੇ ਦੀ ਆਰਥਿਕਤਾ, ਟੂਰਿਜ਼ਮ, ਰੋਜ਼ਗਾਰ ਅਤੇ ਰਾਸ਼ਟਰੀ ਏਕਤਾ ਨੂੰ ਵੀ ਵਧਾਇਆ। ਉੱਤਰ-ਪੂਰਬ ਭਾਰਤ ਹੁਣ ਸਿਰਫ਼ ਰੇਲ ਨਾਲ ਹੀ ਨਹੀਂ, ਸਗੋਂ ਆਰਥਿਕ ਅਤੇ ਰਾਸ਼ਟਰੀ ਧਾਰਾ ਨਾਲ ਵੀ ਗਹਿਰਾਈ ਨਾਲ ਜੁੜ ਚੁੱਕਾ ਹੈ। ਇਹ ਤਬਦੀਲੀਆਂ ਸਿਰਫ਼ ਯਾਤਰਾ ਨਹੀਂ, ਸਗੋਂ ਨਵੇਂ ਰੋਜ਼ਗਾਰ, ਵਪਾਰ ਅਤੇ ਰਾਸ਼ਟਰੀ ਏਕਤਾ ਲਈ ਰਾਹ ਖੋਲ੍ਹਦੀਆਂ ਹਨ। 1. ਅਈਜ਼ੌਲ 26 ਸਾਲਾਂ ਬਾਅਦ ਰੇਲ ਨਾਲ ਜੁੜਿਆ: ਬੈਰਾਬੀ-ਸੈਰਾਂਗ ਰੇਲ ਲਾਈਨ ਬਣੀ, ਜਿਸ 'ਚ 48 ਸੁੰਗਧ, 55 ਵੱਡੇ ਪੁਲ ਹਨ। ਇਹ ਮਿਜ਼ੋਰਮ ਦੀ ਆਰਥਿਕਤਾ, ਸੈਲਾਨੀ ਅਤੇ ਕਿਸਾਨਾਂ ਲਈ ਵੱਡਾ ਤੋਹਫ਼ਾ । 2. ਰਾਜਧਾਨੀ ਰੇਲ ਮਾਰਗ ਵਿਦਿਊਤਕਰਨ: ਡਿਬਰੂਗੜ੍ਹ ਤੋਂ ਦਿੱਲੀ ਤੱਕ ਰਾਜਧਾਨੀ ਹੁਣ ਪੂਰੀ ਤਰ੍ਹਾਂ ਇਲੈਕਟ੍ਰਿਕ ਹੋ ਗਈ ਹੈ, ਜਿਸ ਨਾਲ ਸਮਾਂ ਅਤੇ ਈਂਧਨ ਦੋਵਾਂ ਦੀ ਬਚਤ ਹੋਈ। 3. ਦੁਨੀਆ ਦਾ ਸਭ ਤੋਂ ਉੱਚਾ ਰੇਲਵੇ ਪੀਅਰ ਪੁਲ, ਮਨੀਪੁਰ ਵਿੱਚ ਬਣਿਆ: ਨੋਨੀ ਪੁਲ 141 ਮੀਟਰ ਉੱਚਾ ਹੈ, ਜਿਸ ਨਾਲ ਇੰਫਾਲ ਤੋਂ ਜੀਰਿਬਾਮ ਦੀ ਦੂਰੀ 12 ਘੰਟਿਆਂ ਤੋਂ 2 ਘੰਟਿਆਂ ਤੱਕ ਘਟ ਗਈ। 4. ਨਾਗਾਲੈਂਡ 'ਚ ਸ਼ੋਖੁਵੀ-ਮੋਲਵੋਮ ਰੇਲ ਲਿੰਕ ਸ਼ੁਰੂ: ਇਹ ਨਵਾਂ ਮਾਰਗ ਸੂਬੇ ਲਈ ਵਪਾਰ ਅਤੇ ਆਵਾਜਾਈ ਵਿੱਚ ਵਾਧਾ ਲਿਆਇਆ। 5. ਮੇਘਾਲਿਆ 'ਚ ਪਹਿਲੀ ਵਾਰ ਮਾਲ ਗੱਡੀ ਪਹੁੰਚੀ: ਉੱਤਰੀ ਗਾਰੋ ਹਿਲਜ਼ 'ਚ ਆਈ ਮਾਲ ਗੱਡੀ ਨੇ ਰੋਜ਼ਮਰਾ ਦੀਆਂ ਜ਼ਰੂਰੀ ਚੀਜ਼ਾਂ ਦੀ ਸਪਲਾਈ ਤੇਜ਼ ਅਤੇ ਸਸਤੀ ਕਰ ਦਿੱਤੀ। 6. ਅਸਾਮ 'ਚ ਪਹਿਲੀ ਵੰਦੇ ਭਾਰਤ ਐਕਸਪ੍ਰੈਸ: ਗੁਵਾਹਾਟੀ ਤੋਂ ਨਿਊ ਜਲਪਾਇਗੁਰੀ ਤੱਕ 407 ਕਿਮੀ ਦੀ ਦੂਰੀ 5.5 ਘੰਟਿਆਂ ਵਿੱਚ ਕੱਟੀ ਜਾਂਦੀ ਹੈ, ਜਿਸ ਨਾਲ ਕਾਜੀਰੰਗਾ ਪਾਰਕ ਅਤੇ ਕੰਮਾਖਿਆ ਮੰਦਰ ਵਰਗੇ ਥਾਂਵਾਂ ਲਈ ਟੂਰਿਜ਼ਮ ਵਧਿਆ। 7. ਨਾਗਾਲੈਂਡ ਨੂੰ 100 ਸਾਲ ਬਾਅਦ ਮਿਲਿਆ ਦੂਜਾ ਰੇਲਵੇ ਸਟੇਸ਼ਨ: ਸ਼ੋਖੁਵੀ ਸਟੇਸ਼ਨ ਤੱਕ ਡੋਨੀ ਪੋਲੋ ਐਕਸਪ੍ਰੈਸ ਦੀ ਸੇਵਾ ਸ਼ੁਰੂ ਹੋਈ। 8. ਮਣੀਪੁਰ ਵਿਚ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਮਾਲ ਗੱਡੀ ਪਹੁੰਚੀ: ਰਾਣੀ ਗੈਦਿਨਲਿਊ ਸਟੇਸ਼ਨ ਤੱਕ ਪਹੁੰਚ ਕੇ ਇਹ ਸੂਬੇ ਲਈ ਵੱਡਾ ਇਤਿਹਾਸਕ ਪਲ ਬਣਿਆ। 9. ਮਣੀਪੁਰ ਅਤੇ ਤ੍ਰਿਪੁਰਾ ਦਰਮਿਆਨ ਜਨ ਸ਼ਤਾਬਦੀ ਰੇਲ: ਅਗਰਤਲਾ ਤੋਂ ਜੀਰਿਬਾਮ ਤੱਕ ਸਿੱਧੀ ਰੇਲ ਸੇਵਾ 6 ਘੰਟਿਆਂ 'ਚ 300 ਕਿਮੀ ਦੀ ਦੂਰੀ ਪੂਰੀ ਕਰਦੀ ਹੈ।

# ਭਗਤ ਪੂਰਨ ਸਿੰਘ ਦੇ 33ਵੇਂ ਬਰਸੀ ਸਮਾਗਮ ਸਬੰਧੀ ਸਲਾਹਕਾਰ ਕਮੇਟੀ ਦੀ ਹੋਈ ਮੀਟਿੰਗ

ਕੌਮੀ ਪਤ੍ਰਿਕਾ

ਸੰਗਰੂਰ,25 ਜੁਲਾਈ: ਸਥਾਨਿਕ ਪਿੰਗਲਵਾੜਾ ਸਾ?ਖਾ ਵਿਖੇ ਪਿੰਗਲਵਾੜਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਦੀ 33ਵੀਂ ਸਾਲਾਨਾ ਬਰਸੀ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ ਸ਼ਮੂਲੀਅਤ ਕਰਨ ਸਬੰਧੀ ਸਲਾਹਕਾਰ ਕਮੇਟੀ ਦੀ ਮੀਟਿੰਗ ਡਾ: ਇੰਦਰਜੀਤ ਕੌਰ ਪ?ਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਟਰੱਸਟ ਦੀ ਪ੍ਰਧਾਨਗੀ ਅਤੇ ਤਰਲੋਚਨ ਸਿੰਘ ਚੀਮਾ ਮੁੱਖ ਪ੍ਰਬੰਧਕ ਤੇ ਹਰਜੀਤ ਸਿੰਘ ਅਰੋੜਾ ਵਧੀਕ ਪ?ਬੰਧਕ ਦੀ ਰਹਿਨੁਮਾਈ ਹੇਠ ਹੋਈ। ਸੁਰਿੰਦਰ ਪਾਲ ਸਿੰਘ ਸਿਦਕੀ ਪੀ. ਆਰ. ਓ. ਦੇ ਸਟੇਜ ਸੰਚਾਲਨ ਅਧੀਨ ਸਭ ਤੋਂ ਵਧ ਪਹਿਲਾਂ ਜੋਰਾ ਸਿੰਘ ਜੈਨਪੁਰ, ਬਜ਼ੁਰਗ ਦੌੜਾਕ ਫੌਜਾ ਸਿੰਘ ਅਤੇ ਸ਼ਾਖਾ ਸਲਾਹਕਾਰ ਕਮੇਟੀ ਮੈਂਬਰ ਰਾਮਪ੍ਰਕਾਸ਼ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੇ ਮੋਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਉਪਰੰਤ ਆਪ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਪਿੰਗਲਵਾੜਾ ਸ਼ਾਖਾ ਸੰਗਰੂਰ ਵਿੱਚ ਕੀਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਦੱਸਿਆ।ਸਵਾਗਤੀ ਸ਼ਬਦ ਕਹੇ। ਡਾਕਟਰ ਬੀਬੀ ਇੰਦਰਜੀਤ ਕੌਰ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਭਗਤ ਪੂਰਨ ਸਿੰਘ ਜੀ ਦੀ ਸਾਲਾਨਾ 33ਵੀਂ ਬਰਸੀ ਸਬੰਧੀ ਸੀ? ਅਮਿ?ਤਸਰ ਵਿਖੇ 01 ਤੋਂ 05 ਅਗਸਤ ਤੱਕ ਸਮਾਗਮ ਹੋ ਰਹੇ ਹਨ ਜਿਹਨਾਂ ਵਿੱਚ ਪਿੰਗਲਵਾੜੇ ਦੇ ਸਕੂਲ ਵਿਦਿਆਰਥੀਆਂ ਵੱਲੋਂ ਸਭਿਆਚਾਰਕ ਪ੍ਰੋਗਰਾਮ, ਪਿੰਗਲਵਾੜਾ ਮਰੀਜ਼ਾਂ ਦੀਆਂ ਕਲਾ ਕਿਰਤਾਂ ਦੀ ਪ੍ਰਦਰਸ਼ਨੀ, *ਸਭਿਆਚਾਰ ਅਤੇ ਆਚਰਣ ਦੇ ਸੰਦਰਭ ਵਿੱਚ ਸੈਮੀਨਾਰ ਹੋਵੇਗਾ ਜਿਸ ਵਿੱਚ ਹਰਵਿੰਦਰ ਸਿੰਘ ਭੱਟੀ, ਸਵਰਾਜਬੀਰ ਸਿੰਘ, ਡਾ ਪਿਆਰਾ ਲਾਲ ਗਰਗ, ਹਮੀਰ ਸਿੰਘ, ਸੁਮੇਲ ਸਿੰਘ ਆਦਿ ਵਿਦਵਾਨ ਹਾਜ਼ਰੀ ਭਰਨਗੇ। ਖ਼ੂਨ ਦਾਨ ਕੈਂਪ ਅਤੇ ਮੁੱਖ ਸਮਾਗਮ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਦਿੱਤੀ। ਆਪ ਨੇ ਪਲੀਤ ਹੋ ਰਹੇ ਵਾਤਾਵਰਣ ਖਾਸ ਕਰਕੇ ਹਵਾ, ਪਾਣੀ , ਮਿੱਟੀ ਨੂੰ ਦੂਸ਼ਿਤ ਕਰਨ ਦੇ ਕਾਰਨਾਂ ਬਾਰੇ ਜਾਣਕਾਰੀ ਦਿੱਤੀ। ਲੜਕਿਆਂ ਦੇ ਨਾਲ ਨਾਲ ਲੜਕੀਆਂ ਵਿੱਚ ਵੱਧ ਰਹਿਆ ਨਸ਼ਿਆਂ ਦਾ ਰੁਝਾਨ ਤੇ ਚਿੰਤਾ ਜ਼ਾਹਰ ਕਰਦੇ ਹੋਏ ਆਪਣੇ ਬੱਚਿਆਂ ਨੂੰ ਕਿਤਾਬਾਂ ਪੜ੍ਹਨ ਵੱਲ ਪੇ?ਰਿਤ ਕਰਨ ਦਾ ਸੁਨੇਹਾ ਦਿੱਤਾ।ਭਗਤ ਪੂਰਨ ਸਿੰਘ ਜੀ ਦੇ ਜੀਵਨ ਸੰਦੇਸ਼ਾਂ ਦੀ ਰੌਸ਼ਨੀ ਵਿੱਚ ਪੰਜਾਬ ਨੂੰ ਦਰਪੇਸ਼ ਸੱਮਸਿਆਵਾਂ ਵਿਰੁੱਧ ਨੌਜਵਾਨਾਂ ਤੇ ਕਿਸਾਨੀ ਵਰਗ ਨੂੰ ਜਾਗਰੂਕ ਹੋਣ ਦਾ ਸੱਦਾ ਦਿੱਤਾ। ਪਿੰਗਲਵਾੜਾ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਨੂੰ ਪੜ੍ਹਨ ਅਤੇ ਸਾਹਿਤ ਨਾਲ ਜੁੜਣ ਦੀ ਪ੍ਰੇਰਨਾ ਕੀਤੀ।ਡਾਕਟਰ ਅਮਰਜੀਤ ਸਿੰਘ ਮਾਨ, ਸਤਵੰਤ ਸਿੰਘ ਪੂਨੀਆ, ਪੀ?ਤਮ ਸਿੰਘ ਬੱਡਬਰ ਆਦਿ ਨੇ ਵੀ ਡਾ ਸਾਹਿਬਾਂ ਦੇ ਵਿਚਾਰਾਂ ਦੀ ਪ੍ਰੋੜਤਾ ਕੀਤੀ ਅਤੇ ਸਮਾਜ ਦੀ ਵਿਗੜ ਰਹੀ ਦਸ਼ਾ ਤੇ ਚਿੰਤਾ ਜ਼ਾਹਰ ਕਰਦਿਆਂ ਪਿੰਗਲਵਾੜਾ ਦੀਆਂ ਪ੍ਰਾਪਤੀਆਂ ਅਤੇ ਹੋਰ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਸੰਗਤਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਬਰਸੀ ਸਮਾਗਮ ਵਿੱਚ ਸ਼ਾਮਲ ਹੋਣ ਲਈ ਕਿਹਾ।ਇਸ ਮੌਕੇ ਤੇ ਮਾਸਟਰ ਸਤਪਾਲ ਸ਼ਰਮਾ, ਜਰਨੈਲ



ਸਿੰਘ, ਪ੍ਰਿ?ਸੀਪਲ ਸੁਖਦਰਸ਼ਨ ਸਿੰਘ ਢਿੱਲੋਂ, ਗੁਰਸੇਵਕ ਸਿੰਘ, ਨਿੱਕਾ ਸਿੰਘ, ਡਾਕਟਰ ਉਪਾਸਨਾ, ਬੀਰਪਾਲ ਕੌਰ ਤੇ ਮਨਦੀਪ ਕੌਰ ਚੱਠਾ ਆਦਿ ਨੇ ਵਿਸ਼ੇਸ਼ ਸੇਵਾਵਾਂ ਨਿਭਾਈਆਂ। ਇਸ ਮੌਕੇ ਤੇ ਪ੍ਰੋ ਸੰਤੋਖ ਕੌਰ, ਰਾਮੇਸ਼ ਕੁਮਾਰੀ, ਨਵਜੋਤ ਕੌਰ, ਰਾਜਵਿੰਦਰ ਸਿੰਘ ਲੱਕੀ, ਹਰਿੰਦਰਵੀਰ ਸਿੰਘ, ਪਰਮੇਸ਼ਵਰ ਸਿੰਘ, ,ਬਲਵੰਤ ਸਿੰਘ ਚੰਗਾਲ, ਗੁਰਤੇਜ ਸਿੰਘ, ਅਮਰਜੀਤ ਸਿੰਘ, ਪਰਮਜੀਤ ਸਿੰਘ ਹਰਪਾਲ ਸਿੰਘ, ਬਲਵਿੰਦਰ ਸਿੰਘ, ਡਾਕਟਰ ਜਗਦੀਪ ਸਿੰਘ ਜੈਨਪੁਰ, ਪਰਮਜੀਤ ਸਿੰਘ ਟਿਵਾਣਾ, ਬਲਵੀਰ ਸਿੰਘ, ਕੁਲਵੰਤ ਸਿੰਘ, ਬਲਕਾਰ ਸਿੰਘ, ਮੇਜਰ ਸਿੰਘ, ਅਵਤਾਰ ਸਿੰਘ, ਜਗਸੀਰ ਸਿੰਘ, ਤਾਰਾ ਸਿੰਘ ਕਾਕੜਾ, ਸੁਰਜੀਤ ਸਿੰਘ ਫਤਿਹਗੜ੍ਹ ਭਾਦਸੋਂ, ਹਰਵਿੰਦਰ ਸਿੰਘ ,ਕਾਲਾ ਸਿੰਘ ਰਣਜੀਤ ਸਿੰਘ ਢਿੱਲੋਂ, ਹਰਿੰਦਰ ਸਿੰਘ, ਗੁਰਵਿੰਦਰ ਸਿੰਘ ਚਮਕੌਰ ਸਿੰਘ, ਕਰਨ ਸ਼ਾਹ ਸਿੰਘ, ਜਸਮੀਤ ਸਿੰਘ, ਗੁਰਮੇਲ ਸਿੰਘ, ਧੰਨ ਸਿੰਘ, ਡਾਕਟਰ ਇਕਬਾਲ ਸਿੰਘ ਸਕਰੌਦੀ, ਮਨਪ੍ਰੀਤ ਸਿੰਘ, ਗਰੀਬ ਦਾਸ, ਸੁਖਵਿੰਦਰ ਆਦਿ ਪਿੰਗਲਵਾੜਾ ਸ਼ਾਖਾ ਦੇ ਸਲਾਹਕਾਰ, ਹਿਤੈਸ਼ੀ ਅਤੇ ਵੱਖ ਵੱਖ ਪਿੰਡਾਂ ਦੇ ਨਿਵਾਸੀ ਹਾਜ਼ਰ ਸਨ। ਹਰਜੀਤ ਸਿੰਘ ਅਰੋੜਾ ਨੇ ਦੱਸਿਆ ਕਿ ਸਮਾਗਮ ਵਿੱਚ ਸ਼ਾਮਲ ਹੋਣ ਲਈ ਪਿੰਗਲਵਾੜਾ ਸ਼ਾਖਾ ਤੋਂ 4 ਅਗਸਤ ਨੂੰ ਸਵੇਰੇ 7 ਵਜੇ ਬੱਸਾਂ ਰਾਹੀਂ ਸੰਗਤਾਂ ਰਵਾਨਾ ਹੋਣਗੀਆਂ ਜਿਸ ਦਾ ਪ੍ਰਬੰਧ ਹੋ ਰਿਹਾ ਹੈ।ਸਰਪੰਚ ਮੇਜਰ ਸਿੰਘ ਮਸਾਣੀ ਨੇ ਧੰਨਵਾਦ ਕਰਦੇ ਹੋਏ,ਸਮਾਗਮ ਵਿੱਚ ਸ਼ਾਮਲ ਹੋਣ ਲਈ ਨਾਮ ਜਲਦੀ ਲਿਖਵਾਉਣ ਲਈ ਕਿਹਾ ਤਾਂ ਜੋ ਬੱਸਾਂ ਦਾ ਪ੍ਰਬੰਧ ਸਮੇਂ ਸਿਰ ਹੋ ਸਕੇ।

## ਅਧਿਆਪਕਾਂ ਦੇ ਡਰੈੱਸ ਕੋਡ ਨੂੰ ਲੈ ਕੇ ਨਵੇਂ ਹੁਕਮ ਜਾਰੀ, ਵਿਭਾਗ ਨੇ ਲਿਆ ਅਹਿਮ ਫ਼ੈਸਲਾ

ਚੰਡੀਗੜ੍ਹ 25 ਜੁਲਾਈ। ਚੰਡੀਗੜ੍ਹ ਸਿੱਖਿਆ ਵਿਭਾਗ ਨੇ ਹੁਣ ਸਥਾਨਕ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਲਈ ਡਰੈੱਸ ਕੋਡ ਲਾਗੂ ਕਰਨ ਲਈ ਨਵੀਂ ਸਮਾਂ ਸੀਮਾ 14 ਅਗਸਤ ਨਿਰਧਾਰਤ ਕੀਤੀ ਹੈ। ਅਧਿਆਪਕਾਂ ਅਤੇ ਯੂਨੀਅਨਾਂ ਦੀਆਂ ਬੇਨਤੀਆਂ ਨੂੰ ਧਿਆਨ 'ਚ ਰੱਖਦਿਆਂ ਅਤੇ ਵਿਵਹਾਰਕ ਪਾਬੰਦੀਆਂ ਦੀ ਸਮੀਖਿਆ ਕਰਦਿਆਂ ਇਹ ਫ਼ੈਸਲਾ ਲਿਆ ਹੈ। ਵਿਭਾਗ ਵੱਲੋਂ ਜਾਰੀ ਹੁਕਮ 'ਚ ਕਿਹਾ ਗਿਆ ਹੈ ਕਿ ਸਾਰੇ ਅਧਿਆਪਕ ਇਸ ਸਮੇਂ ਦੌਰਾਨ ਵਰਦੀਆਂ ਖ਼ਰੀਦਣਗੇ ਅਤੇ ਸਿਲਾਈ ਕਰਵਾਉਣਗੇ ਤਾਂ ਜੋ ਹਰ ਕੋਈ ਆਜ਼ਾਦੀ ਦਿਹਾੜੇ ਤੱਕ ਵਰਦੀਆਂ ਪਹਿਨ ਸਕੇ। ਜ਼ਿਕਰਯੋਗ ਹੈ ਕਿ ਇਸ ਸਾਲ ਅਪ੍ਰੈਲ 'ਚ ਵਿਭਾਗ ਨੇ ਅਧਿਆਪਕਾਂ ਲਈ ਡਰੈੱਸ ਕੋਡ ਲਾਗੂ ਕਰਨ ਦਾ ਐਲਾਨ ਕੀਤਾ ਸੀ, ਜਿਸ ਨਾਲ ਚੰਡੀਗੜ੍ਹ ਸਕੂਲ ਅਧਿਆਪਕਾਂ ਲਈ ਵਰਦੀਆਂ ਲਾਗੂ ਕਰਨ ਵਾਲਾ ਦੇਸ਼ ਦਾ ਪਹਿਲਾ ਸ਼ਹਿਰ ਬਣ ਗਿਆ। ਯੂ. ਟੀ. ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਦੀ ਸਲਾਹ 'ਤੇ ਸਿੱਖਿਆ ਵਿਭਾਗ ਵੱਲੋਂ ਕੀਤੀ ਗਈ ਇਹ ਪਹਿਲ ਸਭ ਤੋਂ ਪਹਿਲਾਂ ਪੀ. ਐੱਮ. ਸ਼੍ਰੀ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਧਨਾਸ 'ਚ ਸ਼ੁਰੂ ਕੀਤੀ ਗਈ ਸੀ।

ਬਾਅਦ 'ਚ ਸ਼ਹਿਰ ਦੇ ਬਾਕੀ ਸਕੂਲਾਂ ਲਈ 30 ਜੂਨ ਤੱਕ ਇਹ ਹੁਕਮ ਲਾਗੂ ਕਰਨ ਦਾ ਫ਼ੈਸਲਾ ਲਿਆ ਗਿਆ ਸੀ ਪਰ ਕੁੱਝ ਘੰਟਿਆਂ ਬਾਅਦ ਹੀ ਫੈਕਲਟੀ ਮੈਂਬਰਾਂ ਵੱਲੋਂ ਵਰਦੀ ਦੇ ਰੰਗ 'ਤੇ ਚੁੱਕੇ ਗਏ ਸਵਾਲਾਂ ਦੇ ਮੱਦੇਨਜ਼ਰ ਇਹ ਫ਼ੈਸਲਾ ਰੱਦ ਕਰ ਦਿੱਤਾ ਗਿਆ ਸੀ। ਫਿਰ ਇਹ ਹੁਕਮ ਲਾਗੂ ਕਰਨ ਦੀ ਆਖ਼ਰੀ ਮਿਤੀ 20 ਜੁਲਾਈ ਤੈਅ ਕੀਤੀ ਗਈ ਸੀ। ਇਸ ਤੋਂ ਬਾਅਦ ਅਧਿਆਪਕਾਂ ਤੇ ਕਈ ਯੂਨੀਅਨਾਂ ਦੇ ਵਿਰੋਧ ਤੋਂ ਬਾਅਦ ਇਹ ਤਾਰੀਖ਼ ਹੁਣ ਵਧਾਈ ਗਈ ਹੈ।